ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 169| 2 to 8 April, 2025 | Ph.: (510) 240-5949 | Email: asrtimes@gmail.com


# ਪੰਜਾਬ ’ਚ ਮੁੜ ਸ਼ੁਰੂ ਹੋਇਆ ਪੁਲਿਸ ਮੁਕਾਬਲਿਆਂ ਦਾ ਦੌਰ

## 1 ਜਨਵਰੀ ਤੋਂ ਲੈ ਕੇ 31 ਮਾਰਚ ਤੱਕ ਹੋਏ 41 ਮੁਕਾਬਲੇ

### ਵਿਰੋਧੀ ਸਿਆਸੀ ਆਗੂਆਂ ਵੱਲੋਂ ‘ਆਪ’ ਸਰਕਾਰ ਅਤੇ ਪੁਲਿਸ ਦੀ ਕਾਰਗੁਜ਼ਾਰੀ ’ਤੇ ਉਠਾਏ ਜਾ ਰਹੇ ਨੇ ਸਵਾਲ



ਚੰਡੀਗੜ੍ਹ/ਏ.ਟੀ.ਨਿਊਜ਼: ਸਾਲ 2025 ਦੀ ਸ਼ੁਰੂਆਤ ਦੌਰਾਨ ਹੀ ਪੰਜਾਬ ਵਿੱਚ ਪੁਲਿਸ ਮੁਕਾਬਲਿਆਂ ਦਾ ਦੌਰ ਸ਼ੁਰੂ ਹੋ ਚੁੱਕਿਆ ਹੈ। ਪੰਜਾਬ ’ਚ ਪਿਛਲੇ ਤਿੰਨ ਮਹੀਨਿਆਂ ਦੌਰਾਨ ਹਰ ਦੋ ਦਿਨਾਂ ਦੌਰਾਨ ਇੱਕ ਪੁਲਿਸ ਮੁਕਾਬਲਾ ਹੋਣ ਨਾਲ ਪੰਜਾਬ ਦੇ ਲੋਕਾਂ ਨੂੰ ਅੱਸੀ ਅਤੇ ਨੱਬੇ ਦੇ ਦਹਾਕਿਆਂ ਦੀ ਯਾਦ ਆ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ 1 ਜਨਵਰੀ ਤੋਂ ਲੈ ਕੇ 31 ਮਾਰਚ 2025 ਤੱਕ 41 ਪੁਲਿਸ ਮੁਕਾਬਲੇ ਹੋਏ ਹਨ ਜਦੋਂ ਕਿ ਸਾਲ 2024 ਦੌਰਾਨ ਪੰਜਾਬ ਵਿੱਚ 64 ਮੁਕਾਬਲੇ ਹੋਏ ਸਨ। ਭਾਂਵੇਂ ਕਿ ਪੰਜਾਬ ਪੁਲਿਸ ਵੱਲੋਂ ਇਹ ਮੁਕਾਬਲੇ ਅਪਰਾਧੀਆਂ ਖਾਸ ਕਰਕੇ ਗੈਂਗਸਟਰਾਂ ਨਾਲ ਕੀਤੇ ਜਾ ਰਹੇ ਹਨ ਪਰ ਪੁਲਿਸ ਦੇ ਹਮਲਾਵਰ ਤਰੀਕੇ ’ਤੇ ਕੁਝ ਧਿਰਾਂ ਵੱਲੋਂ ਹੁਣ ਸਵਾਲ ਉਠਾਏ ਜਾ ਰਹੇ ਹਨ। ਹਾਲੇ ਤੱਕ ਕਿਸੇ ਵੀ ਪੀੜਤ ਦੇ ਪਰਿਵਾਰ ਨੇ ਜਨਤਕ ਤੌਰ ’ਤੇ ਮੁਕਾਬਲਿਆਂ ਉੱਪਰ ਨਾ ਸਵਾਲ ਖੜ੍ਹੇ ਕੀਤੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਫਰਜ਼ੀ ਦੱਸਿਆ ਹੈ। ਤਕਰੀਬਨ ਦੋ ਦਿਨਾਂ ’ਚ ਇੱਕ ਮੁਕਾਬਲਾ ਹੋ ਰਿਹਾ ਹੈ ਜਿਥੋਂ ਪਤਾ ਲਗਦਾ ਹੈ ਕਿ ਪੁਲਿਸ ਨੂੰ ਸੂਬਾ ਸਰਕਾਰ ਅਤੇ ਸਿਖਰਲੇ ਅਧਿਕਾਰੀਆਂ ਦੀ ਪ੍ਰਵਾਨਗੀ ਮਿਲੀ ਹੋ ਸਕਦੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪੁਲਿਸ ਨਾਲ ਮੁਕਾਬਲਿਆਂ ਦੌਰਾਨ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਕਾਤਲਾਂ ਸਮੇਤ ਕਰੀਬ 45 ਅਪਰਾਧੀਆਂ ਦੀਆਂ ਲੱਤਾਂ ’ਤੇ ਗੋਲੀਆਂ ਲੱਗੀਆਂ ਹਨ। ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿੱਚ ਪੁਲਿਸ ਨੂੰ ‘ਆਪ’ ਸਰਕਾਰ ਵੱਲੋਂ ਖੁੱਲੀ ਛੁੱਟੀ ਦੇ ਦਿੱਤੀ ਗਈ ਹੈ। ਆਪ ਸਰਕਾਰ ਦੇ ਹੁਕਮਾਂ ’ਤੇ ਪੰਜਾਬ ਪੁਲਿਸ ਨੇ ਜੁਰਮ ਖ਼ਿਲਾਫ਼ ਸਖ਼ਤ ਕਾਰਵਾਈ ਸ਼ੁਰੂ ਕੀਤੀ ਹੋਈ ਹੈ ਪਰ ਇਸ ਦੇ ਨਾਲ ਹੀ ਸੱਤਾ ਦੀ ਸੰਭਾਵੀ ਦੁਰਵਰਤੋਂ ਦਾ ਖ਼ਤਰਾ ਵੀ ਵਧ ਗਿਆ ਹੈ। ਪਿਛਲੇ ਮਹੀਨੇ ਪਟਿਆਲਾ ’ਚ ਥਲ ਸੈਨਾ ਦੇ ਕਰਨਲ ਅਤੇ ਉਸ ਦੇ ਪੁੱਤਰ ਦੀ ਕਰੀਬ 12 ਪੁਲਿਸ ਕਰਮੀਆਂ ਵੱਲੋਂ ਕੁੱਟਮਾਰ ਕਰਨ ਨਾਲ ਪੁਲਿਸ ਵਧੀਕੀਆਂ ਵਧ ਗਈਆਂ ਹਨ। ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ‘ਆਪ’ ਸਰਕਾਰ ਦੇ ਰਾਜ ਵਿੱਚ ਪੰਜਾਬ ਵਿੱਚ ਕਿਸਾਨ ਅਤੇ ਜਵਾਨ ਸੁੱਰਖਿਅਤ ਨਹੀਂ। ਹੁਣ ਆਮ ਲੋਕ ਵੀ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ‘ਆਪ’ ਸਰਕਾਰ ਨੇ ਪੁਲਿਸ ਨੂੰ ਕੁਝ ਵਧੇਰੇ ਹੀ ਸ਼ਕਤੀਆਂ ਅਤੇ ਤਾਕਤਾਂ ਦੇ ਦਿੱਤੀਆਂ ਹਨ, ਜਿਹਨਾਂ ਦੀ ਪੁਲਿਸ ਵੱਲੋਂ ਦੁਰਵਰਤੋਂ ਕੀਤੇ ਜਾਣ ਦੀ ਸੰਭਾਵਨਾ ਹੈ।

### ਜਦੋਂ ਅਪਰਾਧੀ ਗੋਲੀ ਚਲਾਉਂਦੇ ਨੇ ਤਾਂ ਪੁਲਿਸ ਜਵਾਬ ਦਿੰਦੀ ਹੈ : ਡੀ.ਜੀ.ਪੀ.



ਮੁਕਾਬਲਿਆਂ ਦੀ ਵਧ ਰਹੀ ਗਿਣਤੀ ਬਾਰੇ ਪੁੱਛਣ ’ਤੇ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ, “ਪੁਲਿਸ ਅਪਰੇਸ਼ਨਾਂ ਦੌਰਾਨ ਅਪਰਾਧੀਆਂ ਨੂੰ ਸਰੀਰਕ ਤੌਰ ’ਤੇ ਨੁਕਸਾਨ ਪਹੁੰਚਾਏ ਜਾਣ ਦੀ ਕੋਈ ਨੀਤੀ ਨਹੀਂ ਹੈ। ਉਂਝ ਪੁਲਿਸ ’ਤੇ ਹਥਿਆਰਬੰਦ ਮਸ਼ਕੂਕਾਂ ਵੱਲੋਂ ਗੋਲੀਆਂ ਚਲਾਉਣ ’ਤੇ ਜਵਾਬ ਦੇਣਾ ਜ਼ਰੂਰੀ ਹੋ ਜਾਂਦਾ ਹੈ। ਹਾਲੀਆ ਮੁਕਾਬਲਿਆਂ ’ਚ ਅਪਰਾਧੀਆਂ ਨੇ ਪਹਿਲਾਂ ਗੋਲੀਆਂ ਚਲਾਈਆਂ ਹਨ। ਫਿਰ ਵੀ ਸਾਡੀਆਂ ਟੀਮਾਂ ਨੇ ਸੰਜਮ ਵਰਤਿਆ ਅਤੇ ਉਨ੍ਹਾਂ ਸਿਰਫ਼ ਲੱਤਾਂ ’ਤੇ ਨਿਸ਼ਾਨਾ ਲਾਇਆ ਤਾਂ ਜੋ ਉਹ ਫ਼ਰਾਰ ਨਾ ਹੋ ਸਕਣ।”



### ਪੰਜਾਬ ’ਚ ਫ਼ਰਜ਼ੀ ਮੁਕਾਬਲਿਆਂ ਦਾ ਪਹਿਲਾਂ ਵੀ ਰਿਹੈ ਇਤਿਹਾਸ

ਮਨੁੱਖੀ ਹੱਕਾਂ ਬਾਰੇ ਕਾਰਕੁਨ ਨਵਕਿਰਨ ਸਿੰਘ ਨੇ ਪੁਲਿਸ ਨੂੰ ਮੁਕਾਬਲਿਆਂ ਲਈ ਦਿੱਤੀਆਂ ਖੁੱਲ੍ਹੀਆਂ ਤਾਕਤਾਂ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ, “ਵਿਸ਼ੇਸ਼ ਅਧਿਕਾਰ ਮਿਲਣ ਨਾਲ ਵਿਅਕਤੀ ਕਾਨੂੰਨ ਆਪਣੇ ਹੱਥਾਂ ’ਚ ਲੈ ਲੈਂਦਾ ਹੈ। ਪੰਜਾਬ ’ਚ ਫ਼ਰਜ਼ੀ ਮੁਕਾਬਲਿਆਂ ਦਾ ਇਤਿਹਾਸ ਰਿਹਾ ਹੈ। ਇਹ ਖ਼ਤਰਨਾਕ ਰੁਝਾਨ ਹੈ ਜੋ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਬਣਾਉਂਦਾ ਹੈ। ਜੇ ਇਸ ਰੁਝਾਨ ਨੂੰ ਠੱਲ੍ਹ ਨਾ ਪਈ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਬੇਕਸੂਰ ਵਿਅਕਤੀਆਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ।”

ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਪਰਿਵਾਰ ਨੂੰ ਲਗਾਤਾਰ ਹਮਾਇਤ ਦੇ ਰਹੇ ਲੈਫ਼ਟੀਨੈਂਟ ਜਨਰਲ ਕੇ.ਜੇ.ਐੱਸ. ‘ਟਾਈਨੀ’ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਫ਼ੌਜ ਅਤੇ ਪੁਲਿਸ ਨਾਲ ਮਿਲ ਕੇ ਕਈ ਅਪਰੇਸ਼ਨਾਂ ਨੂੰ ਅੰਜਾਮ ਦਿੱਤਾ ਹੈ ਪਰ ਪਟਿਆਲਾ ’ਚ ਜੋ ਕੁਝ ਵਾਪਰਿਆ ਹੈ, ਉਹੋ ਜਿਹੀ ਘਟਨਾ ਉਨ੍ਹਾਂ ਨੂੰ ਯਾਦ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਮੁਕਾਬਲਿਆਂ ਬਾਰੇ ਤਾਂ ਕੋਈ ਟਿੱਪਣੀ ਨਹੀਂ ਕਰਨਗੇ ਪਰ ਇੰਨਾ ਜ਼ਰੂਰ ਆਖਣਗੇ ਕਿ ਕਿਸੇ ਅਧਿਕਾਰੀ ਜਾਂ ਆਮ ਨਾਗਰਿਕ ’ਤੇ ਪੁਲਿਸ ਵੱਲੋਂ ਹਮਲਾ ਕਰਨਾ ਜਾਇਜ਼ ਨਹੀਂ ਹੈ।

# ਕੈਲੀ.ਫੋਰਨੀਆ ਦੀ ਸਿਹਤ ਤੇ ਸੁਰੱਖਿਆ ਕਮੇਟੀ ਵੱਲੋਂ ਟਰਾਂਸ ਨੈਸ਼ਨਲ ਬਿੱਲ ਨੂੰ ਮਨਜ਼ੂਰੀ







ਸੈਕਰਾਮੈਂਟੋ/ਏ.ਟੀ.ਨਿਊਜ਼: ਕੈਲੀਫ਼ੋਰਨੀਆ ਦੀ ਸਿਹਤ ਅਤੇ ਸੁਰੱਖਿਆ ਕਮੇਟੀ ਵੱਲੋਂ ਟਰਾਂਸ ਨੈਸ਼ਨਲ ਬਿੱਲ ਨੂੰ ਮਨਜ਼ੂਰ ਕਰਕੇ ਕੈਲੀਫ਼ੋਰਨੀਆ ਅਸੈਂਬਲੀ ਵਿੱਚ ਪੇਸ਼ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਹੈ। ਹਰੇਕ ਬਿੱਲ ਅੰਸੈਬਲੀ ਵਿੱਚ ਜਾਣ ਤੋਂ ਪਹਿਲਾਂ, ਕਈ ਕਮੇਟੀਆਂ ਵਿੱਚ ਉਸਦੀ ਜ਼ਰੂਰਤ ਤੇ ਵਾਜਿਬ ਹੋਣ ਦੀਆਂ ਬਹਿਸਾਂ ਹੁੰਦੀਆਂ ਹਨ। ਇਹਨਾਂ ਕਮੇਟੀਆਂ ਦੀ ਮਨਜ਼ੂਰੀ ਤੋਂ ਬਾਅਦ ਹੀ ਬਿੱਲ ਆਖਰੀ ਪ੍ਰਵਾਨਗੀ ਲਈ ਕੈਲੀਫ਼ੋਰਨੀਆ ਅਸੈਂਬਲੀ ਵਿੱਚ ਪੇਸ਼ ਕੀਤਾ ਜਾਂਦਾ ਹੈ। ਅਸੈਂਬਲੀ ਵਿੱਚ ਪਾਸ ਹੋਣ ਤੋਂ ਬਾਅਦ ਗਵਰਨਰ ਦੇ ਦਸਤਖ਼ਤਾਂ ਨਾਲ ਉਹ ਬਿੱਲ ਲਾਗੂ ਹੁੰਦਾ ਹੈ।

ਅੰਤਰਰਾਸ਼ਟਰੀ ਦਮਨ ਦਾ ਅਰਥ ਹੈ ਜਦੋਂ ਇੱਕ ਸਰਕਾਰ ਜਾਂ ਕੋਈ ਅਧਿਕਾਰਤ ਸੰਸਥਾ ਆਪਣੀ ਸੀਮਾ ਤੋਂ ਬਾਹਰ ਹੋਰ ਦੇਸ਼ਾਂ ਵਿੱਚ ਰਹਿ ਰਹੀਆਂ ਆਪਣੇ ਵਿਰੋਧੀਆਂ, ਘੱਟ ਗਿਣਤੀ ਸਮੂਹਾਂ ਜਾਂ ਵਿਅਕਤੀਆਂ ਖਿਲਾਫ਼ ਦਬਾਅ ਬਣਾਉਂਦੀ ਹੈ, ਉਨ੍ਹਾਂ ਨੂੰ ਧਮਕੀਆਂ ਦਿੰਦੀ ਹੈ ਜਾਂ ਉਨ੍ਹਾਂ ਉਤੇ ਹਮਲੇ ਕਰਵਾਉਂਦੀ ਹੈ। ਇਸ ਵਿੱਚ ਅਕਸਰ ਵਿਦੇਸ਼ਾਂ ਵਿੱਚ ਰਹਿੰਦੇ ਨਿਵਾਸੀਆਂ ਨੂੰ ਜਾਸੂਸੀ ਕਰਕੇ ਨਿਸ਼ਾਨਾ ਬਣਾਉਣਾ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਭਾਰਤ ਵਿੱਚ ਤੰਗ ਕਰਨਾ, ਜਾਂ ਕਿਸੇ ਵੀ ਤਰੀਕੇ ਨਾਲ ਉਨ੍ਹਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰਨੀ ਸ਼ਾਮਲ ਹੁੰਦੀ ਹੈ। ਭਾਰਤ ਵੱਲੋਂ ਵਿਦੇਸ਼ਾਂ ਵਿੱਚ ਸਿੱਖਾਂ ਦੇ ਕਤਲ ਜਿਹਨਾਂ ਵਿੱਚ ਭਾਈ ਹਰਦੀਪ ਸਿੰਘ ਨਿੱਝਰ, ਭਾਈ ਅਵਤਾਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਪੰਜਵੜ ਹਨ ਜਾਂ ਇਰਾਦਾ ਕਤਲ ਜਿਸ ਵਿੱਚ ਸਰਦਾਰ ਗੁਰਪਤਵੰਤ ਸਿੰਘ ਪੰਨੂ, ਡਾਕਟਰ ਪ੍ਰਿਤਪਾਲ ਸਿੰਘ ਜਾਂ ਹੋਰ ਸਿੱਖਾਂ ਨੂੰ ਵੀਜ਼ੇ ਨਾ ਦੇਣ ਦੀਆਂ ਧਮਕੀਆਂ ਇਸਦੀਆਂ ਖ਼ਾਸ ਉਦਾਹਰਣਾਂ ਹਨ।

ਐਸਬੀ509 ਬਿੱਲ ਇਸੇ ਗੱਲ ਨੂੰ ਲੈ ਕੇ ਤਿਆਰ ਕੀਤਾ ਗਿਆ ਹੈ, ਤਾਂ ਜੋ ਅਮਰੀਕਾ ਵਿੱਚ ਭਾਰਤੀ ਸਰਕਾਰ ਵੱਲੋਂ ਘੱਟ ਗਿਣਤੀ ਭਾਈਚਾਰਿਆਂ ਉੱਤੇ ਹੋ ਰਹੇ ਦਮਨ ਨੂੰ ਰੋਕਣ ਲਈ ਨਵੇਂ ਕਾਨੂੰਨੀ ਕਦਮ ਚੁੱਕੇ ਜਾ ਸਕਣ।

ਕੈਲੀਫ਼ੋਰਨੀਆ ਦੇ ਵੱਖ-ਵੱਖ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਸੰਸਥਾਵਾਂ ਨੇ ਸੈਨੇਟਰ ਅੰਨਾ ਕਾਬਾਲੇਰੋ ਅਤੇ ਅਸੈਂਬਲੀ ਮੈਂਬਰ ਬੀਬੀ ਡਾਕਟਰ ਜਸਮੀਤ ਕੌਰ ਬੈਂਸ ਦਾ ਧੰਨਵਾਦ ਕਰਦੇ ਹੋਏ ਉਹਨਾਂ ਵੱਲੋਂ ਲਏ ਗਏ ਨਿਧੜਕ ਸਟੈਂਡ ਦੀ ਪ੍ਰਸ਼ੰਸਾ ਕੀਤੀ। ਇਹਨਾਂ ਦੋਹਾਂ ਵੱਲੋਂ ਐਸਬੀ509 ਬਿੱਲ ਨੂੰ ਲਿਖਣ ਅਤੇ ਪੇਸ਼ ਕੀਤਾ ਗਿਆ। ਇਸ ਬਿੱਲ ਦੀ ਵਿਰੋਧਤਾ 15 ਤੋਂ ਉੱਪਰ ਮੋਦੀ ਪੱਖੀ ਹਿੰਦੂ ਸੰਸਥਾਵਾਂ ਅਤੇ ਆਰ.ਐਸ.ਐਸ. ਨੇ ਕੀਤੀ ਪਰ ਇਹ ਬਿੱਲ ਕਮੇਟੀ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਹੈ।

ਸਿੱਖ ਪੰਚਾਇਤ ਦੇ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਉਹਨਾਂ ਸਾਰੇ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸਦੇ ਹੱਕ ਵਿੱਚ ਚਿੱਠੀਆਂ ਲਿਖ ਕੇ ਇਸਦਾ ਸਮਰਥਨ ਕੀਤਾ।

### ਕੀ ਖੱਟਿਆ ਪੰਜਾਬੀਆਂ ਨੇ ਪਰਦੇਸੀ ਬਣਕੇ...

# ਪੰਜਾਬੀਅਤ ’ਤੇ ਭਾਰੀ ਪਈ ਡਾਲਰਾਂ ਦੀ ਚਮਕ

## 25-25 ਕਿੱਲਿਆਂ ਦੇ ਮਾਲਕ ਵੀ ਵਿਦੇਸ਼ ’ਚ ਬਣ ਜਾਂਦੇ ਨੇ ‘ਸਸਤੀ ਲੇਬਰ’




## ਕੀ ਪੰਜਾਬੀ ਵਿਦੇਸ਼ਾਂ ਦੀ ਇੱਛਾ ਅਤੇ ਡਾਲਰਾਂ/ਪੌਂਡਾਂ ਦੇ ਲਾਲਚ ਵਿੱਚ ਦਾਅ ’ਤੇ ਲਗਾ ਰਹੇ ਹਨ ਆਪਣੀ ਪਛਾਣ, ਮਹਾਨ ਵਿਰਸੇ ਤੇ ਵਿਰਾਸਤ ਨੂੰ ?

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਯਾਨੀ ਪੰਜ ਦਰਿਆਵਾਂ ਦੀ ਧਰਤੀ। ਇਸ ਕਰਮਾਂ ਵਾਲੀ ਧਰਤੀ ਦੀ ਪੂਰੀ ਦੁਨੀਆਂ ਵਿੱਚ ਆਪਣੀ ਇੱਕ ਵੱਖਰੀ ਮਰਿਆਦਾ, ਤਹਿਜ਼ੀਬ, ਪਛਾਣ, ਮਹੱਤਤਾ, ਵਿਰਾਸਤ ਅਤੇ ਇਤਿਹਾਸਕ ਪਿਛੋਕੜ ਹੈ। ਛੇ ਰੁੱਤਾਂ ਦੇ ਰਾਜੇ ਪੰਜਾਬ ਦੇ ਪੌਣ ਪਾਣੀ, ਉਪਜਾਊ ਮਿੱਟੀ, ਕੁਦਰਤੀ ਸਰੋਤ, ਸੁਹਾਵਣਾ ਮੌਸਮ ਅਤੇ ਭਾਈਚਾਰਕ ਸਾਂਝ ਦੀਆਂ ਗੱਲਾਂ ਦੂਰ ਦੂਰ ਤੱਕ ਹੁੰਦੀਆਂ ਹਨ ਪਰ ਅੱਜ ਗੁਰੂ ਸਾਹਿਬਾਨ, ਸੰਤਾਂ ਅਤੇ ਮਹਾਂਪੁਰਖਾਂ ਦੀ ਧਰਤੀ ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿੱਚ ਇਸ ਧਰਤੀ ਨੂੰ ਬੇਦਾਵਾ ਦੇ ਰਹੇ ਹਨ ਅਤੇ ਸੱਤ ਸਮੁੰਦਰ ਪਾਰ ਕਰਕੇ ਹਮੇਸ਼ਾ ਲਈ ਵਿਦੇਸ਼ ਜਾ ਰਹੇ ਹਨ। ਇਸ ਤੋਂ ਵੀ ਵੱਧ, ਚਿੰਤਾ ਵਾਲੀ ਗੱਲ ਇਹ ਹੈ ਕਿ ਇਸ ਪਰਵਾਸ ਦਾ ਪੰਜਾਬ ਦੇ ਆਪਣੇ ਸੱਭਿਆਚਾਰ, ਵਿਰਾਸਤ, ਇਤਿਹਾਸ ਅਤੇ ਸਿੱਖ ਧਰਮ ’ਤੇ ਡੂੰਘਾ ਪ੍ਰਭਾਵ ਪੈ ਰਿਹਾ ਹੈ। ਪੰਜਾਬ ਵਿੱਚ ਸਿੱਖ ਬਹੁਗਿਣਤੀ ਵਿੱਚ ਹਨ, ਪਰ ਹੁਣ ਪਿੰਡਾਂ ਵਿੱਚ ਗੁਰਸਿੱਖਾਂ ਦੀ ਆਬਾਦੀ ਲਗਾਤਾਰ ਘੱਟ ਰਹੀ ਹੈ। ਪੰਜਾਬ ਦੇ ਜਿਹੜੇ ਪਿੰਡਾਂ ਵਿੱਚ ਕੁਝ ਸਾਲ ਪਹਿਲਾਂ ਤੱਕ ਹਰ ਪਾਸੇ ਗੁਰਸਿੱਖ ਨਜ਼ਰ ਆਉਂਦੇ ਸਨ, ਉਥੇ ਹੁਣ ਗੁਰਸਿੱਖ ਘੱਟ ਗਿਣਤੀ ਵਿੱਚ ਦਿਖਾਈ ਦੇ ਰਹੇ ਹਨ। ਇਹ ਅੱਜ ਦੇ ਪੰਜਾਬ ਦੀ ਅਸਲ ਹਕੀਕਤ ਹੈ ਅਤੇ ਇਸ ਹਕੀਕਤ ਤੋਂ ਅੱਖਾਂ ਮੀਚ ਕੇ ਬੱਚਿਆ ਨਹੀਂ ਜਾ ਸਕਦਾ। ਸਵਾਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਵਿਦੇਸ਼ੀ ਚਮਕ-ਦਮਕ, ਗਲੈਮਰ ਅਤੇ ਡਾਲਰਾਂ/ਪੌਂਡਾਂ ਦੀ ਚਮਕ ਦੇ ਵਿਚਕਾਰ, ਪੰਜਾਬੀ ਨੌਜਵਾਨ ਆਪਣੇ ਸੱਭਿਆਚਾਰ ਅਤੇ ਵਿਰਾਸਤ ਨੂੰ ਭੁੱਲ ਰਹੇ ਹਨ ?

**ਪੰਜ ਦਰਿਆਵਾਂ ਦੇ ਲਾਡਲੇ ਪੁੱਤਰ ਪੰਜਾਬੀਆਂ ਨੂੰ ਸੱਤ ਸਮੁੰਦਰ ਪਾਰ ਵਲੈਤ ਦੀ ਖਿੱਚ ਅਤੇ ਡਾਲਰਾਂ/ਪੌਂਡਾਂ ਦਾ ਮੋਹ ਪਰਵਾਸ ਕਰਨ ਲਈ ਮਜਬੂਰ ਕਰ ਰਿਹਾ ਹੈ। ਪਹਿਲਾਂ ਪੰਜਾਬੀ ਵਿਦੇਸ਼ਾਂ ਵਿਚੋਂ ਡਾਲਰ ਭੇਜਦੇ ਸਨ ਤੇ ਉਹਨਾਂ ਪੈਸਿਆਂ ਨਾਲ ਪੰਜਾਬ ਵਿੱਚ ਜ਼ਮੀਨਾਂ ਖ਼ਰੀਦੀਆਂ ਜਾਂਦੀਆਂ ਸਨ ਅਤੇ ਜਹਾਜ਼ਾਂ ਵਾਲੇ ਆਲੀਸ਼ਾਨ ਘਰ ਬਣਾਏ ਜਾਂਦੇ ਸਨ ਪਰ ਹੁਣ ਤਾਂ ਐਨ.ਆਰ.ਆਈ. ਪੰਜਾਬੀ ਪੰਜਾਬ ਵਿਚਲੀਆਂ ਆਪਣੀਆਂ ਜ਼ਮੀਨਾਂ ਅਤੇ ਘਰ ਵੀ ਵੇਚਣ ਲੱਗ ਪਏ ਹਨ। ਨਵੇਂ ਵਿਦੇਸ਼ ਜਾਣ ਵਾਲੇ ਪੰਜਾਬੀ ਵੀ ਆਪਣੇ ਘਰ ਅਤੇ ਜ਼ਮੀਨਾਂ ਵੇਚ ਕੇ ਹੀ ਵਿਦੇਸ਼ ਜਾ ਰਹੇ ਹਨ। ਇਸ ਤਰ੍ਹਾਂ ਡਾਲਰਾਂ ਦੀ ਚਮਕ ਅੱਗੇ ਪੰਜਾਬੀਅਤ ਫਿੱਕੀ ਪੈਂਦੀ ਜਾ ਰਹੀ ਹੈ।**



**ਹਰ ਸਾਲ 20 ਹਜ਼ਾਰ ਪੰਜਾਬੀ ਲਗਾਉਂਦੇ ਨੇ ਡੌਂਕੀ: ਸੰਯੁਕਤ ਰਾਸ਼ਟਰ**

ਪਰਵਾਸ ਕਰਨਾ ਮਾੜੀ ਗੱਲ ਨਹੀਂ ਹੁੰਦੀ ਕਿਉਂਕਿ ਦੂਜੀ ਧਰਤੀ ਅਤੇ ਦੂਜੀ ਸੱਭਿਅਤਾ ਨੂੰ ਜਾਣਨਾ ਅਤੇ ਸਮਝਣਾ ਚੰਗੀ ਗੱਲ ਹੁੰਦੀ ਹੈ। ਇਸ ਨਾਲ ਸਾਡੇ ਗਿਆਨ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਸਖ਼ਤ ਮਿਹਨਤ ਕਰਕੇ ਡਾਲਰਾਂ/ਪੌਂਡਾਂ ਦੀ ਚੰਗੀ ਕਮਾਈ ਵੀ ਹੋ ਜਾਂਦੀ ਹੈ। ਪਰਵਾਸ ਦੇ ਮਾੜੇ ਪ੍ਰਭਾਵ ਉਦੋਂ ਹੁੰਦੇ ਹਨ, ਜਦੋਂ ਇਸ ਪਾਗਲਪਣ ਵਿੱਚ ਤੁਸੀਂ ਆਪਣੀ ਜਾਨ ਨੂੰ ਜੋਖਮ ਵਿੱਚ ਪਾਉਂਦੇ ਹੋ ਅਤੇ ਉਨ੍ਹਾਂ ਦੇਸ਼ਾਂ ਵਿੱਚ ਦਾਖਲ ਹੋਣ ਲਈ ਗਲਤ ਰਸਤਾ ਅਪਣਾਉਂਦੇ ਹੋ ਅਤੇ ਇਹੀ ਪੰਜਾਬ ਵਿੱਚ ਹੋ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ ਦੀ ਇੱਕ ਰਿਪੋਰਟ ਅਨੁਸਾਰ, ਹਰ ਸਾਲ 20,000 ਤੋਂ ਵੱਧ ਲੋਕ ਪੰਜਾਬ ਤੋਂ ਗ਼ੈਰ-ਕਾਨੂੰਨੀ ਤੌਰ ’ਤੇ ਪਰਵਾਸ ਕਰਦੇ ਹਨ। ਵਿਦੇਸ਼ ਜਾਣ ਲਈ, ਏਜੰਟ ਉਨ੍ਹਾਂ ਤੋਂ ਮਨਮਾਨੇ ਪੈਸੇ ਵਸੂਲਦੇ ਹਨ, ਜੋ ਕਿ 25 ਲੱਖ ਰੁਪਏ ਤੋਂ ਲੈ ਕੇ 1 ਕਰੋੜ ਰੁਪਏ ਤੱਕ ਹੋ ਸਕਦੇ ਹਨ। ਇਸ ਸਭ ਦਾ ਅਸਰ ਇਹ ਹੈ ਕਿ ਪੰਜਾਬ ਦੇ ਪਿੰਡ ਉਜਾੜ ਹੁੰਦੇ ਜਾ ਰਹੇ ਹਨ। ਕਈ ਵਾਰ ਆਪਣੀ ਧਰਤੀ ’ਤੇ ਹਾਲਾਤ ਹੀ ਅਜਿਹੇ ਬਣ ਜਾਂਦੇ ਹਨ ਕਿ ਵੱਡੀ ਗਿਣਤੀ ਲੋਕਾਂ ਨੂੰ ਪਰਵਾਸ ਕਰਨ ਤੋਂ ਸਿਵਾਏ ਹੋਰ ਕੋਈ ਰਾਹ ਨਹੀਂ ਬਚਦਾ। ਪੰਜਾਬ ਤੋਂ ਕਿਰਤੀ ਲੋਕਾਂ ਦਾ ਪਰਵਾਸ ਤਾਂ ਸਮਝ ਵਿੱਚ ਆਉਂਦਾ ਹੈ, ਪਰ ਜਿਹੜੇ ਲੋਕ ਪੰਜਾਬ ਵਿੱਚ ਹੀ 25-25 ਕਿੱਲਿਆਂ ਦੇ ਮਾਲਕ ਹਨ, ਉਹ ਵੀ ਪਰਵਾਸ ਕਰ ਚੁੱਕੇ ਹਨ ਜਾਂ ਕਰ ਰਹੇ ਹਨ।



ਪੰਜਾਬ ’ਚ ਜਿਹੜੇ ਲੋਕ ਜ਼ਮੀਨਾਂ ਅਤੇ ਗੱਡੀਆਂ ਦੇ ਮਾਲਕ ਹਨ, ਉਹ ਵਿਦੇਸ਼ਾਂ ਵਿੱਚ ਜਾ ਕੇ ਸਰਕਾਰੀ ਬੱਸ ਦੀ ਸਵਾਰੀ ਜਾਂ ‘ਸਸਤੀ ਲੇਬਰ’ ਹੀ ਤਾਂ ਬਣ ਜਾਂਦੇ ਹਨ।

ਹੁਣ ਭਲਾ ਸੋਚੋਂ ਖਾਂ ਉਹਨਾਂ ਲੋਕਾਂ ਬਾਰੇ, ਜਿਨ੍ਹਾਂ ਨੇ ਪੰਜਾਬ ਵਿੱਚ ਸਰਦਾਰੀ ਕੀਤੀ ਹੈ, ਉਹ ਵਿਦੇਸ਼ ਵਿੱਚ ਜਾ ਕੇ ਭਲਾ ਗੋਰਿਆਂ ਦੇ ਸਟੋਰਾਂ ਤੇ ਖੇਤਾਂ ਵਿੱਚ ਕੰਮ ਕਿਵੇਂ ਕਰ ਸਕਣਗੇ ? ਇਸ ਦੇ ਬਾਵਜੂਦ ‘ਕਿਰਤੀ’ ਲੋਕਾਂ ਸਮੇਤ ਕਈ ਕਈ ‘ਕਿੱਲਿਆਂ’ ਦੇ ਮਾਲਕ ‘ਸਰਦਾਰ’ ਵੀ ਪਰਵਾਸ ਕਰਕੇ ਵਿਦੇਸ਼ ਜਾ ਰਹੇ ਹਨ। ਹਾਲਾਤ ਤਾਂ ਇਹ ਹਨ ਕਿ ਜਿਹੜੇ ਪੰਜਾਬੀ ਤੇ ਸਿੱਖ ਪਰਵਾਸ ਕਰਕੇ ਵਿਦੇਸ਼ ਗਏ ਹੋਏ ਹਨ, ਹੁਣ ਉਨ੍ਹਾਂ ਦੀ ਅਗਲੀ ਪੀੜ੍ਹੀ ਪੰਜਾਬ ਵਾਪਸ ਆਉਣ ਲਈ ਤਿਆਰ ਨਹੀਂ ਹੈ। ਕਈ ਸਿੱਖ ਅਜਿਹੇ ਵੀ ਹਨ, ਜਿਨ੍ਹਾਂ ਨੇ ਵਿਦੇਸ਼ਾਂ ’ਚ ਦਾੜ੍ਹੀ, ਵਾਲ ਜਾਂ ਪੱਗ ਨਹੀਂ ਰੱਖੇ। ਉਨ੍ਹਾਂ ਦੇ ਪੁੱਤਰ ਵੀ ਸਿੱਖ ਵਿਰਾਸਤ ਤੇ ਸੱਭਿਆਚਾਰ ਤੋਂ ਬਹੁਤ ਦੂਰ ਹਨ। ਅਜਿਹੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਤੇਜ਼ੀ ਨਾਲ ਵੱਧ ਰਹੀ ਹੈ। ਭਾਵ, ਪੰਜਾਬ ਤੋਂ ਪਰਵਾਸ ਕਾਰਨ, ਆਉਣ ਵਾਲੀ ਪੀੜ੍ਹੀ ਵਿੱਚ ਸਿੱਖ ਧਰਮ ਦੇ ਕਮਜ਼ੋਰ ਹੋਣ ਦਾ ਡਰ ਵੀ ਵਧ ਰਿਹਾ ਹੈ। ਜਦੋਂ ਭਾਰਤੀਆਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲ਼ਾ ਦਿੱਤਾ ਗਿਆ ਤਾਂ ਅਮਰੀਕਾ ਦੇ ਸੁਰੱਖਿਆ ਕਰਮੀਆਂ ਵੱਲੋਂ ਸਿੱਖ ਪਰਵਾਸੀਆਂ ਦੀਆਂ ਪੱਗਾਂ ਉਤਾਰ ਦਿੱਤੀਆਂ ਗਈਆਂ, ਇਹ ਨਿੰਦਣਯੋਗ ਹੈ ਪਰ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਜਿਹੜੇ ਨੌਜਵਾਨ ਡੌਂਕੀ ਰੂਟ ਰਾਹੀਂ ਵਿਦੇਸ਼ਾਂ ਵਿੱਚ ਦਾਖਲ ਹੋ ਰਹੇ ਸਨ ਅਤੇ ਵਾਪਸ ਆ ਗਏ, ਉਹ ਕਿਸ ਹੱਦ ਤੱਕ ਸਿੱਖ ਸਰੂਪ ਵਿੱਚ ਸਨ ? ਇਸ ਬਾਰੇ ਸੋਚ-ਵਿਚਾਰ ਕਰਨ ਦੀ ਲੋੜ ਹੈ। ਅੱਜ, ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ ਕਿ ਕੀ ਅਸੀਂ ਵਿਦੇਸ਼ਾਂ ਦੀ ਇੱਛਾ ਅਤੇ ਡਾਲਰ ਦੇ ਲਾਲਚ ਵਿੱਚ ਆਪਣੀ ਪਛਾਣ, ਸੱਭਿਆਚਾਰ, ਵਿਰਾਸਤ ਨੂੰ ਦਾਅ ’ਤੇ ਲਗਾ ਰਹੇ ਹਾਂ ?

**ਕਦੋਂ ਸ਼ੁਰੂ ਹੋਈ ਪਰਵਾਸ ਦੀ ਲਹਿਰ ?**

2008 ਤੋਂ ਬਾਅਦ, ਪੰਜਾਬ ਵਿੱਚ ਇੱਕ ਵੱਡੀ ਲਹਿਰ ਆਈ, ਜੋ 2023-24 ਤੱਕ ਜਾਰੀ ਰਹੀ, ਜੋ ਕਿ ਹੁਣ ਕੁਝ ਮੱਧਮ ਪਈ ਹੈ। 2008 ਵਿੱਚ, ਬ੍ਰਿਟੇਨ ਨੇ ਪੰਜਾਬ ਦੇ ਨੌਜਵਾਨਾਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ 2012 ਤੋਂ ਬਾਅਦ, ਕੈਨੇਡਾ ਨੇ ਵੀ ਅਜਿਹਾ ਹੀ ਕੀਤਾ। ਹਰ ਸਾਲ ਪੰਜਾਬ ਤੋਂ ਡੇਢ ਲੱਖ ਬੱਚੇ ਕੈਨੇਡਾ ਜਾਣ ਲੱਗ ਪਏ। ਜੇ ਵੀਜ਼ਾ ਨਹੀਂ ਮਿਲਦਾ, ਤਾਂ ਡੌਂਕੀ ਰੂਟ ਅਪਣਾਇਆ ਜਾਂਦਾ ਹੈ। ਹਾਲਾਤ ਅਜਿਹੇ ਹਨ ਕਿ 2021 ਤੋਂ 2024 ਤੱਕ, ਅਮਰੀਕਾ ਵਿੱਚ ਦਾਇਰ ਕੀਤੇ ਗਏ ਸ਼ਰਨਾਰਥੀ ਕੇਸਾਂ ਵਿੱਚੋਂ 66 ਪ੍ਰਤੀਸ਼ਤ ਪੰਜਾਬੀ ਸਨ। 2023 ਵਿੱਚ ਚਾਰ ਲੱਖ 77 ਹਜ਼ਾਰ ਸ਼ਰਨਾਰਥੀ ਮਾਮਲੇ ਦਾਇਰ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 66 ਪ੍ਰਤੀਸ਼ਤ ਡੌਂਕੀ ਰੂਟ ਰਾਹੀਂ ਅਮਰੀਕਾ ਵਿੱਚ ਦਾਖਲ ਹੋਏ ਸਨ। ਦੂਜੇ ਪਾਸੇ, ਜਿਹੜੇ ਨੌਜਵਾਨ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਕਾਨੂੰਨੀ ਤੌਰ ’ਤੇ ਜਾਂਦੇ ਹਨ, ਉਹ 12ਵੀਂ ਜਮਾਤ ਪਾਸ ਕਰਦੇ ਹੀ ਗ੍ਰੈਜੂਏਟ ਕੋਰਸਾਂ ਲਈ ਆਪਣੇ ਦੇਸ਼ ਤੋਂ ਦੂਰ ਚਲੇ ਜਾਂਦੇ ਹਨ। ਅੱਜ ਪੰਜਾਬ ਦੇ 25 ਲੱਖ ਲੋਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਆਸਟ੍ਰੇਲੀਆ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 15 ਪ੍ਰਤੀਸ਼ਤ ਵਧੀ ਹੈ। (ਬਾਕੀ ਸਫ਼ਾ 31 ’ਤੇ)

# ਸਿੱਖ ਨੌਜਵਾਨਾਂ ’ਤੇ ਕਲਾਕਾਰਾਂ ਦਾ ਪ੍ਰਭਾਵ

ਪੰਜਾਬੀ ਤੇ ਸਿੱਖ ਨੌਜਵਾਨਾਂ ’ਤੇ ਪੰਜਾਬੀ ਕਲਾਕਾਰਾਂ ਦਾ ਬਹੁਤ ਪ੍ਰਭਾਵ ਦਿਖਾਈ ਦਿੰਦਾ ਹੈ ਅਤੇ ਵੱਡੀ ਗਿਣਤੀ ਨੌਜਵਾਨ ਇਹਨਾਂ ਕਲਾਕਾਰਾਂ ਨੂੰ ਆਪਣਾ ਆਦਰਸ਼ ਮੰਨਦੇ ਹਨ ਅਤੇ ਇਹਨਾਂ ਕਲਾਕਾਰਾਂ ਵੱਲੋਂ ਪਾਇਆ ਜਾਂਦਾ ਪਹਿਰਾਵਾ ਵਰਗਾ ਪਹਿਰਾਵਾ ਪਾਉਣ ਦਾ ਯਤਨ ਕਰਦੇ ਹਨ। ਗਿੱਪੀ ਗਰੇਵਾਲ ਤੋਂ ਲੈ ਕੇ ਜੱਸੀ ਤੱਕ, ਬੱਬੂ ਮਾਨ ਤੋਂ ਲੈ ਕੇ ਗੁਰਦਾਸ ਮਾਨ ਤੱਕ, ਮਸ਼ਹੂਰ ਪੰਜਾਬੀ ਗਾਇਕ ਪੱਗਾਂ ਅਤੇ ਸਿੱਖ ਪਹਿਰਾਵੇ ਵਿੱਚ ਨਹੀਂ ਦਿਖਾਈ ਦਿੰਦੇ। ਮਨਮੋਹਨ ਵਾਰਸ, ਕਮਲ ਹੀਰ, ਹਨੀ ਸਿੰਘ, ਸ਼ੈਰੀ ਮਾਨ ਆਦਿ ਬਿਨਾਂ ਸ਼ੱਕ ਨੌਜਵਾਨਾਂ ਦੇ ਆਦਰਸ਼ ਹਨ ਪਰ ਉਹ ਪੱਗਾਂ ਨਹੀਂ ਬੰਨ੍ਹਦੇ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਲੱਖਾਂ ਵਿੱਚ ਹੈ ਤਾਂ ਸਵਾਲ ਇਹ ਉੱਠਦਾ ਹੈ ਕਿ ਕੀ ਇਸ ਸਾਰੇ ਵਿਦੇਸ਼ੀ ਚਮਕ-ਦਮਕ, ਗਲੈਮਰ ਅਤੇ ਡਾਲਰ ਦੀ ਚਮਕ ਦੇ ਵਿਚਕਾਰ, ਪੰਜਾਬੀ ਨੌਜਵਾਨ ਆਪਣੇ ਸੱਭਿਆਚਾਰ ਅਤੇ ਵਿਰਾਸਤ ਨੂੰ ਭੁੱਲ ਰਹੇ ਹਨ ?

ਦੂਜੇ ਪਾਸੇ ਦਿਲਜੀਤ ਦੋਸਾਂਝ ਅਤੇ ਸਤਿੰਦਰ ਸਰਤਾਜ ਵਰਗੇ ਪੰਜਾਬੀ ਕਲਾਕਾਰ ਵੀ ਹਨ, ਜੋ ਕਿ ਪੱਗ ਬੰਨ੍ਹਦੇ ਹਨ। ਅਜਿਹੇ ਕਲਾਕਾਰਾਂ ਦਾ ਪ੍ਰਭਾਵ ਵੀ ਸਿੱਖ ਨੌਜਵਾਨਾਂ ’ਤੇ ਵੇਖਿਆ ਜਾ ਰਿਹਾ ਹੈ। ਅਜਿਹੇ ਕਲਾਕਾਰਾਂ ਕਰਕੇ ਕੁਝ ਆਸ ਦੀ ਕਿਰਨ ਵੀ ਦਿਖਾਈ ਦਿੰਦੀ ਹੈ। ਵਿਦੇਸ਼ਾਂ ਵਿੱਚ ਅਜਿਹੇ ਪੰਜਾਬੀ ਵੀ ਹਨ, ਜੋ ਵਿਦੇਸ਼ਾਂ ’ਚ ਹੀ ਜਨਮੇ ਹਨ, ਜਿਨ੍ਹਾਂ ਨੇ ਆਪਣੇ ਮਾਪਿਆਂ ਤੋਂ ਥੋੜ੍ਹੀ ਜਿਹੀ ਪੰਜਾਬੀ ਸੁਣੀ ਹੋਵੇਗੀ। ਉਹ ਵਿਦੇਸ਼ਾਂ ’ਚ ਦਿਲਜੀਤ ਦੋਸਾਂਝ ਦੇ ਸ਼ੋਅ ਦੀਆਂ ਮਹਿੰਗੀਆਂ ਟਿਕਟਾਂ ਵੀ ਖ਼ਰੀਦਦੇ ਹਨ ਅਤੇ ਤਿੰਨ-ਚਾਰ ਘੰਟੇ ਲਈ ਪੰਜਾਬੀ ਬਣ ਜਾਂਦੇ ਹਨ।ਹੁਣ, ਪੰਜਾਬੀ ਬਣਨ ਲਈ, ਤੁਹਾਨੂੰ ਪੰਜਾਬ ਵਿੱਚ ਪੈਦਾ ਹੋਣ ਦੀ ਲੋੜ ਨਹੀਂ ਹੈ, ਤੁਹਾਨੂੰ ਭਾਸ਼ਾ ਬੋਲਣ ਦੀ ਵੀ ਲੋੜ ਨਹੀਂ ਹੈ। ਇੱਥੇ ਸਿਰਫ਼ ਟਿਕਟ ਖਰੀਦਣ ਅਤੇ ਸ਼ਾਮਲ ਹੋਣ ਦਾ ਮਾਹੌਲ ਹੈ।

ਜਿਹੜੇ ਲੋਕ ਸੋਚਦੇ ਸਨ ਕਿ ਪੰਜਾਬੀ ਜਾਂ ਪੇਂਡੂ ਹੋਣਾ ਸ਼ਰਮ ਦੀ ਗੱਲ ਹੈ, ਦਿਲਜੀਤ ਨੇ ਉਨ੍ਹਾਂ ਦੀ ਸ਼ਰਮ ਦੂਰ ਕਰ ਦਿੱਤੀ ਹੈ ਅਤੇ ਉਹ ਆਪਣੇ ਹੱਥ ਨਾਲ ਆਪਣੀ ਛਾਤੀ ’ਤੇ ਹੱਥ ਮਾਰਦਾ ਹੈ ਅਤੇ ਜਲੰਧਰੀ ਲਹਿਜ਼ੇ ਵਿੱਚ ਕਹਿੰਦਾ ਹੈ, ‘ਇੱਥੇ ਆਓ, ਤੁਸੀਂ ਵੀ ਪੰਜਾਬੀ ਹੋ, ਪੰਜਾਬੀ ਹੋਣ ਦਾ ਆਨੰਦ ਮਾਣੋ।’




ਇਹ ਠੀਕ ਹੈ ਕਿ ਅੰਗਰੇਜ਼ੀ ਇੱਕ ਅੰਤਰਰਾਸ਼ਟਰੀ ਭਾਸ਼ਾ ਹੈ, ਜਿਸ ਦਾ ਅੱਜ ਦੇ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਗਿਆਨ ਹੋਣਾ ਬਹੁਤ ਜ਼ਰੂਰੀ ਹੈ, ਪਰ ਅੰਗਰੇਜ਼ੀ ਸਿੱਖਣ ਲਈ ਮਾਂ ਬੋਲੀ ਅਤੇ ਸੱਭਿਆਚਾਰ ਤੋਂ ਦੂਰ ਨਹੀਂ ਜਾਣਾ ਚਾਹੀਦਾ। ਵਿਦੇਸ਼ਾਂ ਵਿੱਚ ਅਜਿਹੇ ਵੀ ਪੰਜਾਬੀ ਤੇ ਸਿੱਖ ਹਨ, ਜੋ ਕਿ ਪੂਰੀ ਤਰ੍ਹਾਂ ਸਿੱਖੀ ਸਰੂਪ ਵਿੱਚ ਹਨ ਅਤੇ ਉਹਨਾਂ ਨੇ ਵਿਦੇਸ਼ਾਂ ਵਿੱਚ ਸਿੱਖ ਧਰਮ ਦਾ ਝੰਡਾ ਬੁਲੰਦ ਕੀਤਾ ਹੋਇਆ ਹੈ। ਪੰਜਾਬੀ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਦਸਤਾਰਧਾਰੀ ਸਿੱਖਾਂ ਨੂੰ ਆਪਣਾ ਆਦਰਸ਼ ਬਣਾਉਣ ਅਤੇ ਵਿਦੇਸ਼ਾਂ ਵਿੱਚ ਪੰਜਾਬੀ ਸੱਭਿਆਚਾਰ, ਵਿਰਾਸਤ, ਪਛਾਣ, ਮਾਂ ਬੋਲੀ ਤੇ ਭਾਈਚਾਰਕ ਸਾਂਝ ਨੂੰ ਬੁਲੰਦ ਰੱਖਣ।

## ਪਾਸਟਰ ਵੱਲੋਂ ਬੀਬੀਆਂ ਨਾਲ ਜਿਨਸੀ ਸ਼ੋਸ਼ਣ ਕਰਨ ਦਾ ਮਾਮਲਾ

# ਪਾਸਟਰ ਬਜਿੰਦਰ ਦਾ ਨਹੀਂ ਚਲਿਆ ਜਾਦੂ, ਮੁਹਾਲੀ ਕੋਰਟ ਨੇ ਸੁਣਾਈ ਉਮਰ ਕੈਦ ਦੀ ਸਜ਼ਾ

## ਜਿਉਂਦੇ ਰਹਿਣ ਤੱਕ ਭੋਗੇਗਾ ਜੇਲ੍ਹ

## ਜਥੇਦਾਰ ਵੱਲੋਂ ਸਰਕਾਰ ਨੂੰ ਤਾੜਨਾ 'ਬਲਾਤਕਾਰੀ, ਪਖੰਡੀ, ਠੱਗ ਸਾਧਾਂ ਨੂੰ ਪ੍ਰਮੋਟ ਨਾ ਕਰੇ ਸਰਕਾਰ'

ਜਿਹੜਾ ਪਾਸਟਰ ਬਜਿੰਦਰ ਸਿੰਘ ਜਾਦੂਈ ਸ਼ਕਤੀਆਂ ਦਾ ਦਾਅਵਾ ਕਰਦਾ ਸੀ ਕਿ ਉਹ ਲੋਕਾਂ ਦੇ ਰੋਗ ਦੂਰ ਕਰ ਸਕਦਾ ਹੈ। ਮੁਰਦਿਆਂ ਵਿੱਚ ਜਾਨ ਫੂਕ ਸਕਦਾ ਹੈ, ਜੇਲ੍ਹਾਂ ਵਿਚੋਂ ਬੰਦੇ ਛੁਡਾ ਸਕਦਾ ਹੈ, ਪਰ ਅਦਾਲਤ ਸਾਹਮਣੇ ਉਸਦਾ ਜਾਦੂ ਨਹੀਂ ਚਲ ਸਕਿਆ। ਬਲਾਤਕਾਰ ਦੇ ਕੇਸ ਵਿੱਚ ਮੋਹਾਲੀ ਦੀ ਅਦਾਲਤ ਨੇ ਉਮਰ ਕੈਦ ਸੁਣਾ ਦਿੱਤੀ। ਇਸ ਦੇ ਨਾਲ ਹੀ ਅਦਾਲਤ ਨੇ ਉਸ ਨੂੰ 1 ਲੱਖ ਰੁਪਏ ਜੁਰਮਾਨਾ ਵੀ ਲਗਾਇਆ ਗਿਆ ਹੈ। ਜਾਣਕਾਰੀ ਅਨੁਸਾਰ, ਪਾਸਟਰ ਬਜਿੰਦਰ 'ਤੇ ਬਲਾਤਕਾਰ ਦੇ ਗੰਭੀਰ ਦੋਸ਼ ਸਨ, ਜਿਸ ਦੀ ਸ਼ਿਕਾਇਤ ਪੀੜਤਾਂ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਗਈ ਸੀ। ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਸਾਰੇ ਸਬੂਤਾਂ ਅਤੇ ਗਵਾਹੀਆਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਸਖ਼ਤ ਫ਼ੈਸਲਾ ਸੁਣਾਇਆ। ਇਸ ਫ਼ੈਸਲੇ ਨੂੰ ਸਮਾਜ ਵਿੱਚ ਔਰਤਾਂ ਦੀ ਸੁਰੱਖਿਆ ਅਤੇ ਨਿਆਂ ਪ੍ਰਣਾਲੀ ਦੀ ਮਜ਼ਬੂਤੀ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਸਥਾਨਕ ਲੋਕਾਂ ਅਤੇ ਸਮਾਜਿਕ ਸੰਗਠਨਾਂ ਨੇ ਅਦਾਲਤ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ ਅਤੇ ਇਸ ਨੂੰ ਅਪਰਾਧੀਆਂ ਲਈ ਸਖ਼ਤ ਸੁਨੇਹਾ ਕਰਾਰ ਦਿੱਤਾ ਹੈ। ਇਸ ਫ਼ੈਸਲੇ ਨਾਲ ਪੀੜਤ ਪਰਿਵਾਰ ਨੂੰ ਵੀ ਇਨਸਾਫ਼ ਮਿਲਣ ਦੀ ਉਮੀਦ ਜਾਗੀ ਹੈ।

2018 ਦਾ ਹੈ ਇਹ ਮਾਮਲਾ

ਬਜਿੰਦਰ ਪਾਸਟਰ ਵਿਰੁੱਧ 2018 ਵਿੱਚ ਮੋਹਾਲੀ ਦੇ ਜ਼ੀਰਕਪੁਰ ਪੁਲਿਸ ਸਟੇਸ਼ਨ ਵਿੱਚ ਬਲਾਤਕਾਰ, ਹਮਲੇ ਅਤੇ ਧਮਕੀਆਂ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਸੀ। ਔਰਤ ਨੇ ਕਿਹਾ ਕਿ ਉਹ ਵਿਦੇਸ਼ ਵਿੱਚ ਸੈਟਲ ਹੋਣਾ ਚਾਹੁੰਦੀ ਹੈ। ਇਸ ਲਈ ਉਸਨੇ ਬਜਿੰਦਰ ਨਾਲ ਸੰਪਰਕ ਕੀਤਾ। ਬਜਿੰਦਰ ਉਸ ਨੂੰ ਮੋਹਾਲੀ ਦੇ ਸੈਕਟਰ 63 ਵਾਲੇ ਆਪਣੇ ਘਰ ਲੈ ਗਿਆ। ਜਿੱਥੇ ਉਸਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਵੀਡੀਓ ਬਣਾਈ।



### ਪਾਸਟਰ ਬਜਿੰਦਰ ਸਿੰਘ ਕੌਣ ਹਨ ?



ਪਾਸਟਰ ਬਜਿੰਦਰ ਦਾ ਸਬੰਧ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਨਾਲ ਹੈ ਅਤੇ ਉਹ ਜਾਟ ਭਾਈਚਾਰੇ ਨਾਲ ਸਬੰਧਿਤ ਹਨ। ਉਨ੍ਹਾਂ ਦੀ ਚਰਚ ਦੀਆਂ ਪੂਰੇ ਦੇਸ਼ ਵਿੱਚ 260 ਇਕਾਈਆਂ ਹਨ ਅਤੇ ਸਭ ਤੋਂ ਵੱਡੀ ਬਰਾਂਚ ਮੋਹਾਲੀ ਜ਼ਿਲ੍ਹੇ ਦੇ ਨਿਊ ਚੰਡੀਗੜ੍ਹ ਵਿੱਚ ਹੈ। ਪਾਸਟਰ ਬਜਿੰਦਰ ਸਿੰਘ ਜਲੰਧਰ ਜ਼ਿਲ੍ਹੇ ਦੇ ਪਿੰਡ ਤਾਜਪੁਰ ਵਿੱਚ ਇੱਕ ਚਰਚ ਚਲਾਉਂਦੇ ਹਨ। ਜਿਸ ਨੂੰ 'ਗਲੋਰੀ ਆਫ਼ ਵਿਜ਼ਡਮ ਚਰਚ' ਕਿਹਾ ਜਾਂਦਾ ਹੈ। ਹਰਿਆਣਾ ਦੇ ਯਮੁਨਾਨਗਰ ਵਿੱਚ ਇੱਕ ਜਾਟ ਪਰਿਵਾਰ ਵਿੱਚ ਜੰਮੇ, ਬਜਿੰਦਰ ਸਿੰਘ ਨੇ ਲਗਭਗ 15 ਸਾਲ ਪਹਿਲਾਂ ਇੱਕ ਕਤਲ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਹੋਣ 'ਤੇ ਇਸਾਈ ਧਰਮ ਅਪਣਾ ਲਿਆ ਸੀ।

ਇਸ ਮਾਮਲੇ ਵਿੱਚ ਕੇਸ ਦਰਜ ਹੋਣ ਤੋਂ ਬਾਅਦ, ਬਜਿੰਦਰ ਸਿੰਘ ਨੂੰ 2018 ਵਿੱਚ ਹੀ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਬਜਿੰਦਰ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਇਸ ਮਹੀਨੇ ਦੇ ਸ਼ੁਰੂ ਵਿੱਚ, 3 ਮਾਰਚ ਨੂੰ, ਅਦਾਲਤ ਨੇ ਬਜਿੰਦਰ ਅਤੇ ਪੰਜ ਹੋਰ ਮੁਲਜ਼ਮਾਂ ਵਿਰੁੱਧ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ।

28 ਮਾਰਚ ਨੂੰ ਮੋਹਾਲੀ ਅਦਾਲਤ ਨੇ ਇਸ ਮਾਮਲੇ ਵਿੱਚ ਬਜਿੰਦਰ ਸਿੰਘ ਨੂੰ ਦੋਸ਼ੀ ਪਾਇਆ। ਬਾਕੀ ਪੰਜ ਦੋਸ਼ੀਆਂ ਪਾਸਟਰ ਜਤਿੰਦਰ ਕੁਮਾਰ ਅਤੇ ਅਕਬਰ ਭੱਟੀ, ਰਾਜੇਸ਼ ਚੌਧਰੀ, ਸਿਤਾਰ ਅਲੀ ਅਤੇ ਸੰਦੀਪ ਪਹਿਲਵਾਨ ਨੂੰ ਬਰੀ ਕਰ ਦਿੱਤਾ ਗਿਆ। ਇੱਕ ਦੋਸ਼ੀ ਸੁੱਚਾ ਸਿੰਘ ਦੀ ਮੁਕੱਦਮੇ ਦੌਰਾਨ ਮੌਤ ਹੋ ਗਈ ਹੈ।

**ਜਥੇਦਾਰ ਅਕਾਲ ਤਖਤ ਪੀੜਤ ਬੀਬੀਆਂ ਦੇ ਹੱਕ ਵਿੱਚ ਡਟੇ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਖੌਤੀ ਪਾਸਟਰ ਬਜਿੰਦਰ ਵੱਲੋਂ ਪੀੜਤ ਦੋ ਬੀਬੀਆਂ ਨਾਲ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁਲਾਕਾਤ ਕੀਤੀ। ਅੰਮ੍ਰਿਤਸਰ ਪੁੱਜੀਆਂ ਪੀੜਤ ਬੀਬੀਆਂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤ ਦੌਰਾਨ ਦੋਸ਼ੀ ਬਜਿੰਦਰ ਵੱਲੋਂ ਉਨ੍ਹਾਂ ਉੱਤੇ ਕੀਤੇ ਗਏ ਜ਼ੁਲਮਾਂ ਦੀ ਜਾਣਕਾਰੀ ਵਿਸਥਾਰ ਵਿੱਚ

(ਬਾਕੀ ਸ.ਫਾ 30 'ਤੇ)

### ਪਾਸਟਰ ਬਜਿੰਦਰ ਸਿੰਘ ਵਿਰੁੱਧ ਧਮਕਾਉਣ ਦੇ ਦੋਸ਼, ਹਾਈ ਕੋਰਟ ਪਹੁੰਚਿਆ ਮਾਮਲਾ

ਪਾਸਟਰ ਬਜਿੰਦਰ ਸਿੰਘ ਖ਼ਿਲਾਫ਼ ਮੋਹਾਲੀ ਅਤੇ ਚੰਡੀਗੜ੍ਹ ਦੇ ਰਹਿਣ ਵਾਲੇ ਚਾਰ ਲੋਕਾਂ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਰਣਜੀਤ ਕੌਰ, ਰੁਪਿੰਦਰ ਕੌਰ, ਅਸ਼ੋਕ ਕੁਮਾਰ ਅਤੇ ਹਰਿੰਦਰ ਸਿੰਘ ਨੇ ਆਪਣੀ ਜਾਨ ਅਤੇ ਆਜ਼ਾਦੀ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪਟੀਸ਼ਨਰਾਂ ਨੇ ਦੋਸ਼ ਲਗਾਇਆ ਕਿ ਚਰਚ ਨਾਲ ਜੁੜੇ ਇੱਕ ਪ੍ਰਭਾਵਸ਼ਾਲੀ ਪਾਸਟਰ ਬਜਿੰਦਰ ਸਿੰਘ ਨੇ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਪਰਦਾਫ਼ਾਸ਼ ਕਰਨ ਦੀ ਕੋਸ਼ਿਸ਼ ਕਰਨ 'ਤੇ ਉਨ੍ਹਾਂ ਨੂੰ ਧਮਕੀਆਂ ਦੇਣੀਆਂ ਅਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਪਟੀਸ਼ਨ ਦੇ ਅਨੁਸਾਰ ਸਾਰੇ ਪਟੀਸ਼ਨ ਕਰਤਾ ਪਹਿਲਾਂ ਬਜਿੰਦਰ ਸਿੰਘ ਨਾਲ ਕੰਮ ਕਰਦੇ ਸਨ, ਪਰ ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਧੋਖਾ ਦੇ ਰਿਹਾ ਹੈ ਤਾਂ ਉਨ੍ਹਾਂ ਨੇ ਵਿਰੋਧ ਕੀਤਾ ਅਤੇ ਉਸ ਨੂੰ ਛੱਡਣ ਦਾ ਫ਼ੈਸਲਾ ਕੀਤਾ। ਇਸ ਤੋਂ ਬਾਅਦ ਉਨ੍ਹਾਂ 'ਤੇ ਦਬਾਅ ਵਧਣ ਲੱਗਾ ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਲੱਗੀਆਂ। ਇਹ ਮਾਮਲਾ 13 ਅਤੇ 14 ਫ਼ਰਵਰੀ, 2025 ਦੀ ਰਾਤ ਦਾ ਹੈ, ਜਦੋਂ ਬਜਿੰਦਰ ਸਿੰਘ ਨੇ ਇੱਕ ਚਰਚ ਦੇ ਸਮਾਗਮ ਤੋਂ ਬਾਅਦ ਰਣਜੀਤ ਕੌਰ 'ਤੇ ਹਮਲਾ ਕੀਤਾ, ਉਸ ਨੂੰ ਥੱਪੜ ਮਾਰਿਆ ਅਤੇ ਉਸ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਇਹ ਪੂਰੀ ਘਟਨਾ ਸੀ.ਸੀ.ਟੀ.ਵੀ. ਵਿੱਚ ਰਿਕਾਰਡ ਹੋ ਗਈ ਅਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ 18 ਫ਼ਰਵਰੀ ਨੂੰ ਪਟੀਸ਼ਨ ਕਰਤਾਵਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਬਜਿੰਦਰ ਸਿੰਘ ਨੂੰ ਕਾਨੂੰਨੀ ਨੋਟਿਸ ਭੇਜਿਆ। 25 ਫ਼ਰਵਰੀ ਨੂੰ ਮੋਹਾਲੀ ਦੇ ਐਸ.ਐਸ.ਪੀ ਨੂੰ ਸ਼ਿਕਾਇਤ ਦਿੱਤੀ ਗਈ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਪੁਲਿਸ ਨੂੰ ਈ-ਮੇਲ ਰਾਹੀਂ ਸ਼ਿਕਾਇਤ ਵੀ ਭੇਜੀ ਗਈ ਸੀ, ਪਰ ਉਸ ਦਾ ਵੀ ਕੋਈ ਜਵਾਬ ਨਹੀਂ ਆਇਆ। ਜਦੋਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਅਤੇ ਜਨਤਕ ਦਬਾਅ ਵਧਿਆ ਤਾਂ 25 ਮਾਰਚ ਨੂੰ ਪੁਲਿਸ ਸਟੇਸ਼ਨ ਬਲਾਕ ਮਾਜ਼ਰੀ, ਐਸ.ਏ.ਐਸ ਨਗਰ, ਮੋਹਾਲੀ ਵਿਖੇ ਇੱਕ ਐਫ਼.ਆਈ.ਆਰ ਦਰਜ ਕੀਤੀ ਗਈ। ਪਟੀਸ਼ਨ ਕਰਤਾਵਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਅਤੇ ਇਸ ਮਾਮਲੇ ਦੀ ਜਾਂਚ ਮੋਹਾਲੀ ਤੋਂ ਬਾਹਰ ਕਿਸੇ ਸੀਨੀਅਰ ਪੁਲਿਸ ਅਧਿਕਾਰੀ ਜਾਂ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪੀ ਜਾਵੇ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਟੇਟਸ ਰਿਪੋਰਟ ਦਾਇਰ ਕਰਨ ਲਈ ਕਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ 9 ਅਪ੍ਰੈਲ ਨੂੰ ਹੋਵੇਗੀ।

# ਬਾਦਲ ਦਲ, ਬਾਬਾ ਹਰਨਾਮ ਸਿੰਘ ਧੁੰਮਾ 'ਤੇ ਹਮਲਾਵਰ ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੱਲੋਂ ਸ਼ਾਂਤੀ ਦੀ ਪੇਸ਼ਕਸ਼

## ਜਥੇਦਾਰਾਂ ਦੀਆਂ ਨਿਯੁਕਤੀਆਂ ਨੂੰ ਲੈ ਕੇ ਸਰਨਾ ਤੇ ਬਾਬਾ ਧੁੰਮਾ ਵਿਚਾਲੇ ਛਿੜੀ ਵਿਚਾਰਧਾਰਕ ਜੰਗ





ਜਲੰਧਰ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ (ਬਾਦਲ ਦਲ) ਨੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ 'ਤੇ ਭਾਜਪਾ ਨਾਲ ਮਿਲੀਭੁਗਤ ਦੇ ਦੋਸ਼ ਲਾਏ ਹਨ ਅਤੇ ਉਨ੍ਹਾਂ ਨੂੰ 'ਕੇਂਦਰੀ ਸਰਕਾਰ ਅਤੇ ਏਜੰਸੀਆਂ ਦਾ ਟੂਲ' ਕਰਾਰ ਦਿੱਤਾ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਟਕਸਾਲ ਮੁਖੀ ਨੂੰ ਸ਼ਾਂਤੀ ਦੀ ਅਪੀਲ ਕਰਦੇ ਨਜ਼ਰ ਆ ਰਹੇ ਹਨ।

ਧਾਮੀ ਨੇ ਪਿਛਲੇ ਦਿਨੀਂ ਜਲੰਧਰ ਨੇੜੇ ਸਰਮਸਤਪੁਰ ਵਿਖੇ ਟਕਸਾਲ ਦੇ ਮੁਖੀ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਸ਼ਿਰਕਤ ਕੀਤੀ।

ਮੰਨਿਆ ਜਾਂਦਾ ਹੈ ਕਿ ਧਾਮੀ ਦੇ ਧੁੰਮਾ ਨਾਲ ਚੰਗੇ ਸਬੰਧ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਹਮਲਿਆਂ ਦੇ ਬਾਵਜੂਦ ਉਹ ਆਪਣੇ ਬਿਆਨਾਂ ਵਿੱਚ ਇਸਦਾ ਜ਼ਿਕਰ ਪ੍ਰਮੁੱਖਤਾ ਨਾਲ ਕਰਦੇ ਰਹੇ ਹਨ। ਪਿਛਲੇ ਦਿਨੀਂ ਜਦੋਂ ਬਾਬਾ ਧੁੰਮਾ ਨੇ ਦਰਬਾਰ ਸਾਹਿਬ ਕੰਪਲੈਕਸ ਵਿਖੇ ਐਸ.ਜੀ.ਪੀ.ਸੀ. ਹੈੱਡਕੁਆਰਟਰ ਦੇ ਬਾਹਰ ਇੱਕ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ ਅਤੇ ਕੰਪਲੈਕਸ ਦੇ ਪ੍ਰਵੇਸ਼ ਦੁਆਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਰੋਕ ਦਿੱਤਾ ਗਿਆ, ਤਾਂ ਧਾਮੀ ਨੇ ਵਿਰੋਧ ਸਥਾਨ 'ਤੇ ਜਾਣ ਅਤੇ ਧੁੰਮਾ ਅਤੇ ਹੋਰਾਂ ਨਾਲ ਗੱਲਬਾਤ ਕਰਨ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਧਾਮੀ ਨੇ ਉਨ੍ਹਾਂ ਦਾ ਮੈਮੋਰੰਡਮ ਲਿਆ। ਟਕਸਾਲ ਨਾਲ ਨੇੜਤਾ ਲਈ ਜਾਣੇ ਜਾਂਦੇ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ। ਇਹ ਇਸ਼ਾਰਾ ਸ਼੍ਰੋਮਣੀ ਕਮੇਟੀ ਦੀ ਜਨਰਲ ਬਾਡੀ ਮੀਟਿੰਗ ਦੇ ਅੰਦਰੂਨੀ ਮਾਮਲਿਆਂ ਤੋਂ ਬਿਲਕੁਲ ਵੱਖਰਾ ਸੀ। ਜਿੱਥੇ ਨਾਰਾਜ਼ ਮੈਂਬਰਾਂ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਨੂੰ ਨਾ ਤਾਂ ਬੋਲਣ ਦਿੱਤਾ ਗਿਆ ਅਤੇ ਨਾ ਹੀ ਮੀਟਿੰਗ ਵਿੱਚ ਤਖ਼ਤ ਜਥੇਦਾਰਾਂ ਦੀ ਬਰਖਾਸਤਗੀ ਸੰਬੰਧੀ ਘੱਟੋ-ਘੱਟ 40 ਮੈਂਬਰਾਂ ਦੁਆਰਾ ਦਸਤਖਤ ਕੀਤੇ ਗਏ ਮਤੇ 'ਤੇ ਚਰਚਾ ਕੀਤੀ ਗਈ।

ਐਸ.ਜੀ.ਪੀ.ਸੀ. ਦੀ ਸਾਬਕਾ ਜਨਰਲ ਸਕੱਤਰ ਕਿਰਨਜੋਤ ਕੌਰ ਨੇ ਕਿਹਾ ਸੀ ਕਿ ਜਦੋਂ ਉਹ ਬੋਲਣ ਲੱਗੀ ਤਾਂ ਮਾਈਕ ਖੋਹ ਲਿਆ ਗਿਆ ਸੀ ਅਤੇ ਸੁਖਬੀਰ ਸਿੰਘ ਬਾਦਲ ਦੇ ਕੈਂਪ ਦੇ ਮੈਂਬਰਾਂ ਨੇ ਮਾੜੀ ਭਾਸ਼ਾ ਦੀ ਵਰਤੋਂ ਕੀਤੀ ਸੀ। ਇਸ ਮੀਟਿੰਗ ਤੋਂ ਬਾਅਦ, ਸਾਬਕਾ ਐਸ.ਜੀ.ਪੀ.ਸੀ. ਮੁਖੀ ਬੀਬੀ ਜਗੀਰ ਕੌਰ ਨੇ ਵਾਰ-ਵਾਰ ਕਿਹਾ ਕਿ ਧਾਮੀ ਅਤੇ ਧੁੰਮਾ ਇਕੱਠੇ ਸਨ। ਮੀਟਿੰਗ ਤੋਂ ਪਹਿਲਾਂ, ਸ਼੍ਰੋਮਣੀ ਅਕਾਲੀ ਦਲ ਨੇ ਧੁੰਮਾ 'ਤੇ ਸਿੱਧਾ ਹਮਲਾ ਕੀਤਾ। ਮੀਟਿੰਗ ਤੋਂ ਬਾਅਦ ਵੀ ਟਕਸਾਲ ਮੁਖੀ ਨੂੰ ਨਿਸ਼ਾਨਾ ਬਣਾਇਆ ਗਿਆ। ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਦਾ ਵੀਡੀਓ ਬਿਆਨ ਆਪਣੇ ਫੇਸਬੁੱਕ ਪੇਜ 'ਤੇ ਸਾਂਝਾ ਕਰਦੇ ਹੋਏ, ਸ਼੍ਰੋਮਣੀ ਅਕਾਲੀ ਦਲ ਨੇ ਲਿਖਿਆ ਕਿ ਝੱਬਰ ਦਿੱਲੀ ਤੋਂ ਆਏ ਗੁੰਡਿਆਂ ਨਾਲ ਸਿੱਧੀ ਗੱਲ ਕਰਦਾ ਹੈ ਜੋ ਕੇਂਦਰ ਦੇ ਨਿਰਦੇਸ਼ਾਂ 'ਤੇ ਦਰਬਾਰ ਸਾਹਿਬ ਦਾ ਘਿਰਾਓ ਕਰਨ ਆਏ ਸਨ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਰਾਸ਼ਟਰੀ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਧੁੰਮਾ ਦੀਆਂ ਦੋ ਤਸਵੀਰਾਂ ਪੋਸਟ ਕੀਤੀਆਂ - ਇੱਕ ਸਵਰਗੀ ਪ੍ਰਕਾਸ਼ ਸਿੰਘ ਬਾਦਲ ਨਾਲ ਅਤੇ ਦੂਜੀ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨਾਲ। ਉਸ ਨੇ ਲਿਖਿਆ, 'ਬਾਬਾ ਧੁੰਮਾ' ਸਰਕਾਰਾਂ ਨਾਲ ਬਹਾਰਾਂ (ਅੱਛੇ ਦਿਨ ਸਰਕਾਰਾਂ ਦੇ)।

ਪਿਛਲੇ ਦਿਨੀਂ ਧਾਮੀ ਨੇ ਸਰਮਸਤਪੁਰ ਨੇੜੇ ਜਲੰਧਰ-ਪਠਾਨਕੋਟ ਰੋਡ 'ਤੇ ਸਥਿਤ ਬ੍ਰਾਂਚ ਗੁਰਦੁਆਰੇ ਵਿਖੇ ਟਕਸਾਲ ਸਮਾਗਮ ਵਿੱਚ ਸ਼ਿਰਕਤ ਕੀਤੀ।

(ਬਾਕੀ ਸ.ਫਾ 30 'ਤੇ)

### ਅਮਰੀਕਾ ਨੇ ਤਿੱਬਤ 'ਚ ਦਾਖ਼ਲ ਹੋਣ ਵਾਲੇ ਚੀਨੀ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀ ਲਗਾਈ: ਮਾਰਕੋ ਰੂਬੀਓ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਅਮਰੀਕਾ ਨੇ ਵਿਦੇਸ਼ੀ ਲੋਕਾਂ ਨੂੰ ਤਿੱਬਤ ਵਿੱਚ ਦਾਖਲ ਹੋਣ ਦੀ ਆਗਿਆ ਦੇਣ ਲਈ ਜ਼ਿੰਮੇਵਾਰ ਚੀਨੀ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਈਆਂ ਹਨ। ਰੂਬੀਓ ਨੇ ਕਿਹਾ ਕਿ ਵਾਧੂ ਵੀਜ਼ਾ ਪਾਬੰਦੀਆਂ ਇਸ ਲਈ ਲਗਾਈਆਂ ਜਾ ਰਹੀਆਂ ਹਨ ਕਿਉਂਕਿ ਚੀਨੀ ਕਮਿਊਨਿਸਟ ਪਾਰਟੀ ਨੇ ਅਮਰੀਕੀ ਡਿਪਲੋਮੈਟਾਂ, ਪੱਤਰਕਾਰਾਂ ਅਤੇ ਹੋਰ ਅੰਤਰਰਾਸ਼ਟਰੀ ਨਿਰੀਖਕਾਂ ਨੂੰ ਤਿੱਬਤ ਆਟੋਨੋਮਸ ਰੀਜਨ ਅਤੇ ਚੀਨ ਦੇ ਹੋਰ ਤਿੱਬਤੀ ਖੇਤਰਾਂ ਤੱਕ ਪਹੁੰਚ ਤੋਂ ਇਨਕਾਰ ਕਰ ਦਿੱਤਾ ਹੈ ਜਦੋਂ ਕਿ ਚੀਨੀ ਡਿਪਲੋਮੈਟਾਂ ਅਤੇ ਪੱਤਰਕਾਰਾਂ ਨੂੰ ਸੰਯੁਕਤ ਰਾਜ ਅਮਰੀਕਾ ਤੱਕ ਵਿਆਪਕ ਪਹੁੰਚ ਪ੍ਰਾਪਤ ਹੈ।

ਰੂਬੀਓ ਨੇ ਇੱਕ ਬਿਆਨ ਵਿੱਚ ਕਿਹਾ, "ਅੱਜ, ਮੈਂ ਚੀਨੀ ਅਧਿਕਾਰੀਆਂ 'ਤੇ ਵਾਧੂ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਾਰਵਾਈ ਕਰ ਰਿਹਾ ਹਾਂ, ਜੋ 2018 ਦੇ ਪਰਸਪਰ ਤਿੱਬਤ ਪਹੁੰਚ ਐਕਟ ਦੇ ਅਨੁਸਾਰ, ਤਿੱਬਤੀ ਖੇਤਰਾਂ ਵਿੱਚ ਵਿਦੇਸ਼ੀਆਂ ਦੀ ਪਹੁੰਚ ਨਾਲ ਸਬੰਧਤ ਨੀਤੀਆਂ ਦੇ ਨਿਰਮਾਣ ਜਾਂ ਲਾਗੂ ਕਰਨ ਵਿੱਚ ਮਹੱਤਵਪੂਰਨ ਤੌਰ 'ਤੇ ਸ਼ਾਮਲ ਹਨ।" ਰੂਬੀਓ ਨੇ ਕਿਹਾ ਕਿ ਆਪਸੀ ਤਾਲਮੇਲ ਦੀ ਇਹ ਘਾਟ ਅਸਵੀਕਾਰਨਯੋਗ ਹੈ। ਉਨ੍ਹਾਂ ਚੀਨੀ ਲੀਡਰਸ਼ਿਪ ਨੂੰ ਵਿਚਾਰਾਂ ਵਿੱਚ ਮਤਭੇਦ ਖਤਮ ਕਰਨ ਅਤੇ ਡਿਪਲੋਮੈਟਾਂ ਨੂੰ ਚੀਨ ਦੇ ਨਿਰਧਾਰਤ ਖੇਤਰਾਂ ਤੱਕ ਪਹੁੰਚ ਦੀ ਆਗਿਆ ਦੇਣ ਦਾ ਸੱਦਾ ਦਿੱਤਾ। ਹਾਲਾਂਕਿ, ਵਿਦੇਸ਼ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਅਸਲ ਵਿੱਚ ਪਾਬੰਦੀਆਂ ਕਿਸ ਦੇ ਵਿਰੁੱਧ ਲਗਾਈਆਂ ਗਈਆਂ ਹਨ। ਰਵਾਇਤੀ ਤੌਰ 'ਤੇ, ਵਿਦੇਸ਼ ਵਿਭਾਗ ਇਸਨੂੰ ਜਨਤਕ ਨਹੀਂ ਕਰਦਾ, ਇਸ ਦੀ ਬਜਾਏ ਵੀਜ਼ਾ ਜਾਣਕਾਰੀ ਦੇ ਅੰਦਰੂਨੀ ਸੁਭਾਅ 'ਤੇ ਜ਼ੋਰ ਦਿੰਦਾ ਹੈ।

# ਮਸਕ ਨੇ 'ਐੱਕਸ' ਨੂੰ 'ਐੱਕਸ.ਏ.ਆਈ.' ਕੋਲ ਵੇਚਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਅਰਬਪਤੀ ਐਲਨ ਮਸਕ ਨੇ ਸੋਸ਼ਲ ਮੀਡੀਆ ਕੰਪਨੀ 'ਐੱਕਸ' ਨੂੰ ਆਪਣੀ ਹੀ ਮਸਨੂਈ ਬੌਧਿਕਤਾ (ਏ.ਆਈ.) ਵਾਲੀ ਕੰਪਨੀ ਐੱਕਸ.ਏ.ਆਈ. ਨੂੰ 33 ਅਰਬ ਡਾਲਰ 'ਚ ਵੇਚਣ ਦਾ ਐਲਾਨ ਕੀਤਾ ਹੈ। ਇਸ ਸੌਦੇ 'ਚ ਸ਼ਾਮਲ ਦੋਵੇਂ ਕੰਪਨੀਆਂ ਨਿੱਜੀ ਤੌਰ 'ਤੇ ਚਲਾਈਆਂ ਜਾਂਦੀਆਂ ਹਨ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਸ ਸੌਦੇ ਨਾਲ ਜੁੜੇ ਆਪਣੇ ਵਿੱਤੀ ਲੈਣ-ਦੇਣ ਬਾਰੇ ਜਨਤਕ ਤੌਰ 'ਤੇ ਖ਼ੁਲਾਸਾ ਕਰਨ ਦੀ ਲੋੜ ਨਹੀਂ ਹੈ। ਮਸਕ ਨੇ 'ਐੱਕਸ' 'ਤੇ ਇੱਕ ਪੋਸਟ 'ਚ ਕਿਹਾ ਕਿ ਇਹ ਕਦਮ ਐੱਕਸ.ਏ.ਆਈ. ਦੀ ਆਧੁਨਿਕ ਏ.ਆਈ. ਸਮਰੱਥਾ ਅਤੇ ਮੁਹਾਰਤ ਨੂੰ ਐਕਸ ਦੀ ਵਿਆਪਕ ਪਹੁੰਚ ਨਾਲ ਮਿਲਾ ਕੇ ਸੰਭਾਵਨਾਵਾਂ ਤਲਾਸ਼ਣ 'ਚ ਸਹਾਇਤਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਸੌਦੇ 'ਚ ਐੱਕਸ.ਏ.ਆਈ. ਦੀ ਕੀਮਤ 80 ਅਰਬ ਡਾਲਰ ਅਤੇ ਐਕਸ ਦੀ ਕੀਮਤ 33 ਅਰਬ ਡਾਲਰ ਲਾਈ ਗਈ ਹੈ। ਟੈਸਲਾ ਅਤੇ ਸਪੇਸਐਕਸ ਕੰਪਨੀਆਂ ਦੇ ਸੀ.ਈ.ਓ. ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਮਸਕ ਨੇ ਸਾਲ 2022 'ਚ ਟਵਿਟਰ ਨੂੰ 44 ਅਰਬ ਡਾਲਰ 'ਚ ਖ਼ਰੀਦਿਆ ਸੀ।



# ਟੈਕਸ ਗੱਲਬਾਤ ਭਾਰਤ ਅਤੇ ਅਮਰੀਕਾ ਵਿਚਕਾਰ ਬਹੁਤ ਵਧੀਆ ਢੰਗ ਨਾਲ ਕੰਮ ਕਰੇਗੀ: ਟਰੰਪ

ਨਿਊਯਾਰਕ/ਵਾਸ਼ਿੰਗਟਨ/ਏ.ਟੀ. ਨਿਊਜ਼:ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਹੁਤ ਹੀ ਸਮਾਰਟ ਆਦਮੀ ਅਤੇ ਇੱਕ ਚੰਗਾ ਦੋਸਤ ਦੱਸਿਆ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਟੈਕਸ ਗੱਲਬਾਤ ਭਾਰਤ ਅਤੇ ਅਮਰੀਕਾ ਵਿਚਕਾਰ ਬਹੁਤ ਵਧੀਆ ਢੰਗ ਨਾਲ ਕੰਮ ਕਰੇਗੀ। ਇਹ ਟਿੱਪਣੀਆਂ ਮਹੱਤਵਪੂਰਨ ਮੰਨੀਆਂ ਜਾ ਜਾਰੀਆਂ ਹਨ, ਕਿਉਂਕਿ ਟਰੰਪ ਨੇ ਵਾਰ-ਵਾਰ ਭਾਰਤ ਅਤੇ ਹੋਰ ਦੇਸ਼ਾਂ ਵੱਲੋਂ ਅਮਰੀਕੀ ਸਾਮਾਨਾਂ 'ਤੇ ਲਗਾਏ ਗਏ ਉੱਚ ਟੈਕਸਾਂ ਦੀ ਆਲੋਚਨਾ ਕੀਤੀ ਹੈ।ਅਮਰੀਕੀ ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਵਿੱਚ ਕਿਹਾ, "ਪ੍ਰਧਾਨ ਮੰਤਰੀ ਮੋਦੀ ਹਾਲ ਹੀ ਵਿੱਚ ਇੱਥੇ ਆਏ ਸਨ ਅਤੇ ਅਸੀਂ ਹਮੇਸ਼ਾ ਬਹੁਤ ਚੰਗੇ ਦੋਸਤ ਰਹੇ ਹਾਂ।" ਟਰੰਪ ਨੇ ਕਿਹਾ, ਭਾਰਤ ਦੁਨੀਆਂ ਦੇ ਸਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ, ਇਹ ਬੇਰਹਿਮੀ ਹੈ।ਉਹ (ਮੋਦੀ) ਇੱਕ ਬਹੁਤ ਹੀ ਸਿਆਣੇ ਆਦਮੀ ਹਨ ਅਤੇ ਮੇਰੇ ਇੱਕ ਚੰਗੇ ਦੋਸਤ ਹਨ। ਸਾਡੀਆਂ ਬਹੁਤ ਵਧੀਆ ਗੱਲਬਾਤਾਂ ਹੋਈਆਂ। ਮੈਨੂੰ ਲੱਗਦਾ ਹੈ ਕਿ ਇਹ ਭਾਰਤ ਅਤੇ ਸਾਡੇ ਦੇਸ਼ ਵਿਚਕਾਰ ਬਹੁਤ ਵਧੀਆ ਢੰਗ ਨਾਲ ਕੰਮ ਕਰਨ ਜਾ ਰਿਹਾ ਹੈ।"

ਟਰੰਪ ਨੇ ਪਹਿਲਾਂ ਕਿਹਾ ਸੀ ਕਿ ਭਾਰਤ ਇੱਕ ਬਹੁਤ ਹੀ ਉੱਚ-ਟੈਕਸ ਵਾਲਾ ਦੇਸ਼ ਹੈ ਅਤੇ ਦੁਹਰਾਇਆ ਸੀ ਕਿ ਅਮਰੀਕੀ ਸਾਮਾਨਾਂ 'ਤੇ ਟੈਕਸ ਲਗਾਉਣ ਵਾਲੇ ਦੇਸ਼ਾਂ 'ਤੇ ਪਰਸਪਰ ਟੈਰਿਫ 2 ਅਪ੍ਰੈਲ ਤੋਂ ਸ਼ੁਰੂ ਹੋਣਗੇ।



# ਜੇ ਭਾਰਤ ਨੇ ਟੈਕਸ ਨਾ ਘਟਾਇਆ ਤਾਂ ਅਮਰੀਕਾ ਲਗਾਵੇਗਾ ਜਵਾਬੀ ਟੈਕਸ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਰਾਮਦ ਹੋਣ ਵਾਲੇ ਵਾਹਨਾਂ 'ਤੇ 25 ਫ਼ੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਵ੍ਹਾਈਟ ਹਾਊਸ ਦਾ ਦਾਅਵਾ ਹੈ ਕਿ ਇਸ ਕਦਮ ਨਾਲ ਘਰੇਲੂ ਮੈਨੂਫੈਕਚਰਿੰਗ ਨੂੰ ਹੱਲਾਸ਼ੇਰੀ ਮਿਲੇਗੀ ਪਰ ਆਲਮੀ ਸਪਲਾਈ ਚੇਨਾਂ 'ਤੇ ਨਿਰਭਰ ਵਾਹਨ ਨਿਰਮਾਤਾਵਾਂ 'ਤੇ ਵਿੱਤੀ ਦਬਾਅ ਪੈ ਸਕਦਾ ਹੈ। ਰਾਸ਼ਟਰਪਤੀ ਨੇ ਹੁਕਮਾਂ 'ਤੇ ਦਸਤਖ਼ਤ ਕਰਦਿਆਂ ਕਿਹਾ ਕਿ ਵਾਹਨਾਂ 'ਤੇ ਟੈਕਸ ਤਿੰਨ ਅਪ੍ਰੈਲ ਤੋਂ ਵਸੂਲਿਆ ਜਾਵੇਗਾ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਇਸ ਨਾਲ ਵਿਕਾਸ ਦਰ ਵਧੇਗੀ। ਅਸੀਂ ਅਸਰਦਾਰ ਢੰਗ ਨਾਲ 25 ਫ਼ੀਸਦੀ ਟੈਕਸ ਲਾਵਾਂਗੇ।" ਵ੍ਹਾਈਟ ਹਾਊਸ ਨੂੰ ਆਸ ਹੈ ਕਿ ਦਰਾਮਦ ਹੋਣ ਵਾਲੇ ਵਾਹਨਾਂ 'ਤੇ ਟੈਕਸਾਂ ਨਾਲ ਸਾਲਾਨਾ 100 ਅਰਬ ਡਾਲਰ ਦਾ ਮਾਲੀਆ ਮਿਲੇਗਾ। ਉਂਝ ਇਹ ਸੁਖਾਲਾ ਨਹੀਂ ਹੋਵੇਗਾ ਕਿਉਂਕਿ ਅਮਰੀਕੀ ਵਾਹਨ ਨਿਰਮਾਤਾ ਵੀ ਕਈ ਕਲਪੁਰਜ਼ੇ ਅਤੇ ਹੋਰ ਸਾਜ਼ੋ-ਸਾਮਾਨ ਦੁਨੀਆਂ ਭਰ ਤੋਂ ਖ਼ਰੀਦਦੇ ਹਨ।ਅਪ੍ਰੈਲ ਤੋਂ ਟੈਕਸਾਂ 'ਚ ਵਾਧੇ ਦਾ ਮਤਲਬ ਹੈ ਕਿ ਵਾਹਨ ਨਿਰਮਾਤਾਵਾਂ ਨੂੰ ਵਧੇਰੇ ਲਾਗਤ ਅਤੇ ਘੱਟ ਵਿਕਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਂਝ ਟਰੰਪ ਨੇ ਦਲੀਲ ਦਿੱਤੀ ਹੈ ਕਿ ਟੈਕਸ ਕਾਰਨ ਅਮਰੀਕਾ 'ਚ ਹੋਰ ਵਧ ਫੈਕਟਰੀਆਂ ਖੁੱਲ੍ਹਣਗੀਆਂ ਅਤੇ ਉਹ 'ਬੇਕਾਰ' ਸਪਲਾਈ ਚੇਨਾਂ ਖ਼ਤਮ ਹੋ ਜਾਣਗੀਆਂ ਜਿਨ੍ਹਾਂ ਰਾਹੀਂ ਅਮਰੀਕਾ, ਕੈਨੇਡਾ ਅਤੇ ਮੈਕਸਿਕੋ 'ਚ ਕਲਪੁਰਜ਼ਿਆਂ ਅਤੇ ਵਾਹਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ।ਇਸ ਦੌਰਾਨ ਆਲਮੀ ਆਗੂਆਂ ਨੇ ਟੈਕਸ ਦੀ ਆਲੋਚਨਾ ਕਰਦਿਆਂ ਕਿਹਾ ਕਿ ਟਰੰਪ ਵਪਾਰਕ ਜੰਗ ਤੇਜ਼ ਕਰ ਸਕਦੇ ਹਨ ਜਿਸ ਨਾਲ ਦੁਨੀਆਂ ਨੂੰ ਨੁਕਸਾਨ ਹੋਵੇਗਾ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਕਿਹਾ, "ਇਹ ਸਪੱਸ਼ਟ ਤੌਰ 'ਤੇ ਸਿੱਧਾ ਹਮਲਾ ਹੈ। ਅਸੀਂ ਆਪਣੇ ਮੁਲਾਜ਼ਮਾਂ ਅਤੇ ਕੰਪਨੀਆਂ ਦੀ ਰੱਖਿਆ ਕਰਾਂਗੇ। ਅਸੀਂ ਆਪਣੇ ਮੁਲਕ ਦੀ ਰੱਖਿਆ ਕਰਾਂਗੇ।" ਕਾਰਨੇ ਨੇ ਇਸ ਕਦਮ ਨੂੰ ਗਲਤ ਠਹਿਰਾਉਂਦਿਆਂ ਕਿਹਾ ਕਿ ਉਹ ਓਟਾਵਾ 'ਚ ਅਮਰੀਕੀ ਸਬੰਧਾਂ ਬਾਰੇ ਮੰਤਰੀ ਮੰਡਲ ਦੀ ਵਿਸ਼ੇਸ਼ ਕਮੇਟੀ ਦੀ ਮੀਟਿੰਗ 'ਚ ਇਸ ਬਾਰੇ ਚਰਚਾ ਕਰਨਗੇ।ਉਧਰ ਬ੍ਰਸੱਲਜ਼ 'ਚ ਯੂਰਪੀ ਕਮਿਸ਼ਨ ਦੀ ਮੁਖੀ ਉਰਸੁਲਾ ਵੋਨ ਡੇਰ ਲੇਯੇਨ ਨੇ ਅਮਰੀਕੀ ਫ਼ੈਸਲੇ 'ਤੇ ਅਫ਼ਸੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਯੂਰਪੀ ਕਮਿਸ਼ਨ ਖਪਤਕਾਰਾਂ ਅਤੇ ਕਾਰੋਬਾਰੀਆਂ ਦੀ ਰੱਖਿਆ ਕਰੇਗਾ।



## ਟਰੰਪ ਦੇ ਆਟੋ ਟੈਕਸ ਦਾ ਭਾਰਤ 'ਤੇ ਵੀ ਪਵੇਗਾ ਪ੍ਰਭਾਵ

ਨਵੀਂ ਦਿੱਲੀ/ਏ.ਟੀ.ਨਿਊਜ਼: ਉਦਯੋਗ ਨਿਰੀਖਕਾਂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਕਸ ਯੁੱਧ ਨਾਲ ਭਾਰਤੀ ਆਟੋ ਕੰਪੋਨੈਂਟ ਨਿਰਮਾਤਾਵਾਂ ਦੇ ਜ਼ਿਆਦਾ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਟਰੰਪ ਨੇ ਆਟੋ ਆਯਾਤ 'ਤੇ 25 ਪ੍ਰਤੀਸ਼ਤ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ ਅਤੇ ਮਈ ਤੱਕ ਪ੍ਰਮੁੱਖ ਆਟੋਮੋਟਿਵ ਪਾਰਟਸ ਇੰਜਣ ਅਤੇ ਇੰਜਣ ਪਾਰਟਸ, ਟ੍ਰਾਂਸਮਿਸ਼ਨ ਅਤੇ ਪਾਵਰਟ੍ਰੇਨ ਪਾਰਟਸ ਅਤੇ ਇਲੈਕਟ੍ਰੀਕਲ ਕੰਪੋਨੈਂਟਸ ਦੇ ਆਯਾਤ 'ਤੇ 25 ਪ੍ਰਤੀਸ਼ਤ ਹੋਰ ਟੈਕਸ ਲਾਗੂ ਹੋਣ ਦੀ ਉਮੀਦ ਹੈ।

ਇੱਕ ਉਦਯੋਗ ਕਾਰਜਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ " ਭਾਰਤੀ ਆਟੋ ਕੰਪੋਨੈਂਟ ਉਦਯੋਗ ਨੂੰ ਅਮਰੀਕੀ ਟੈਕਸ ਕਾਰਨ ਜ਼ਿਆਦਾ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਇੱਥੋਂ ਅਮਰੀਕਾ ਨੂੰ ਨਿਰਯਾਤ ਮਹੱਤਵਪੂਰਨ ਹੈ। ਹਾਲਾਂਕਿ ਭਾਰਤੀ ਵਾਹਨ ਨਿਰਮਾਤਾਵਾਂ 'ਤੇ ਇਸ ਦਾ ਅਸਰ ਘੱਟ ਹੋਣ ਦੀ ਸੰਭਾਵਨਾ ਹੈ ਕਿਉਂਕਿ ਭਾਰਤ ਤੋਂ ਅਮਰੀਕਾ ਨੂੰ ਪੂਰੀ ਤਰ੍ਹਾਂ ਬਣੀਆਂ ਕਾਰਾਂ ਦਾ ਸਿੱਧਾ ਨਿਰਯਾਤ ਨਹੀਂ ਹੁੰਦਾ।" ਉਦਯੋਗ ਦੇ ਅਨੁਮਾਨਾਂ ਅਨੁਸਾਰ ਵਿੱਤੀ ਸਾਲ 2024 ਵਿੱਚ ਭਾਰਤ ਦਾ ਅਮਰੀਕਾ ਨੂੰ ਆਟੋ ਕੰਪੋਨੈਂਟ ਨਿਰਯਾਤ 6.79 ਬਿਲੀਅਨ ਅਮਰੀਕੀ ਡਾਲਰ ਸੀ, ਜਦੋਂ ਕਿ ਅਮਰੀਕਾ ਤੋਂ ਦੇਸ਼ ਦੀ ਦਰਾਮਦ 15 ਪ੍ਰਤੀਸ਼ਤ ਡਿਊਟੀ 'ਤੇ 1.4 ਬਿਲੀਅਨ ਅਮਰੀਕੀ ਡਾਲਰ ਸੀ।

# ਭਾਰਤੀ ਵਿਦਿਆਰਥਣ ਤੇ ਸਕਾਲਰ ਸ੍ਰੀਨਿਵਾਸਨ ਨੇ ਅੱਤਵਾਦ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ

## ਕੋਲੰਬੀਆ ਯੂਨੀਵਰਸਿਟੀ ਤੋਂ ਨਿਆਂ ਦੀ ਕੀਤੀ ਮੰਗ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਭਾਰਤੀ ਵਿਦਿਆਰਥਣ ਤੇ ਫ਼ੁੱਲਬਰਾਈਟ ਸਕਾਲਰ ਰੰਜਨੀ ਸ੍ਰੀਨਿਵਾਸਨ, ਜਿਸ ਨੂੰ ਹਮਾਸ ਦਾ ਸਮਰਥਨ ਕਰਨ ਦੇ ਕਥਿਤ ਦੋਸ਼ਾਂ ਕਾਰਨ ਵੀਜ਼ਾ ਰੱਦ ਕਰ ਦੇਣ ਉਪਰੰਤ ਮਜਬੂਰਨ ਕੈਨੇਡਾ ਸ਼ਰਨ ਲੈਣੀ ਪਈ ਸੀ, ਨੇ ਉਸ ਉੱਪਰ ਲਾਏ ਅੱਤਵਾਦ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕੋਲੰਬੀਆ ਯੂਨੀਵਰਸਿਟੀ ਤੋਂ ਨਿਆਂ ਦੀ ਮੰਗ ਕੀਤੀ ਹੈ। ਸ਼ਹਿਰੀ ਯੋਜਨਾਬੰਦੀ ਵਿੱਚ ਪੀ.ਐਚ.ਡੀ. ਵਿਦਿਆਰਥਣ ਨੇ ਅਲ ਜਜ਼ੀਰਾ ਨਾਲ ਗੱਲਬਾਤ ਕਰਦਿਆਂ ਆਸ ਪ੍ਰਗਟਾਈ ਹੈ ਕਿ ਯੂਨੀਵਰਸਿਟੀ ਉਸ ਨਾਲ ਨਿਆਂ ਕਰੇਗੀ ਤੇ ਉਸ ਦਾ ਦਾਖਲਾ ਬਹਾਲ ਕਰ ਦੇਵੇਗੀ। ਉਸ ਨੇ ਕਿਹਾ ਕਿ ਮੈਨੂੰ ਕਦੀ ਵੀ ਆਸ ਨਹੀਂ ਸੀ ਕਿ ਯੂਨੀਵਰਸਿਟੀ ਉਸ ਨਾਲ ਅਜਿਹਾ ਵਿਵਹਾਰ ਕਰੇਗੀ ਪਰੰਤੂ ਉਹ ਆਸਵੰਦ ਹੈ ਕਿ ਮੈਨੂੰ ਨਿਆਂ ਮਿਲੇਗਾ। ਇਥੇ ਜ਼ਿਕਰਯੋਗ ਹੈ ਕਿ ਚੇਨਈ ਵਿਚਲੇ ਯੂ ਐਸ ਕੌਂਸਲੇਟ ਦੁਆਰਾ ਈ ਮੇਲ ਰਾਹੀਂ ਉਸ ਦਾ ਵਿਦਿਆਰਥੀ ਵੀਜ਼ਾ ਰੱਦ ਕਰ ਦੇਣ ਦੀ ਜਾਣਕਾਰੀ ਦੇਣ ਉਪਰੰਤ ਸ੍ਰੀਨਿਵਾਸਨ ਗ੍ਰਿਫ਼ਤਾਰੀ ਦੇ ਡਰ ਕਾਰਨ ਅਮਰੀਕਾ ਛੱਡ ਕੇ ਕੈਨੇਡਾ ਚਲੀ ਗਈ ਸੀ। ਉਸ ਦਾ ਵਿਸ਼ਵਾਸ਼ ਹੈ ਕਿ ਫ਼ਲਸਤੀਨੀਆਂ ਦੇ ਹੱਕਾਂ ਦਾ ਸਮਰਥਨ ਕਰਨ ਤੇ ਇਜ਼ਰਾਇਲ ਦੀ ਅਲੋਚਨਾ ਕਰਨ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਸ ਨੇ ਮੰਨਿਆ ਕਿ ਉਸ ਨੇ ਫ਼ਲਸਤੀਨ ਪੱਖੀ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਸੀ ਪਰੰਤੂ ਉਸ ਨੇ ਨਾਲ ਹੀ ਸਪੱਸ਼ਟ ਕੀਤਾ ਹੈ ਕਿ ਉਹ ਕੋਲੰਬੀਆ ਦੇ ਕਿਸੇ ਵੀ ਸੰਗਠਿਤ ਗਰੁੱਪ ਦੀ ਮੈਂਬਰ ਨਹੀਂ ਹੈ। ਉਸ ਨੇ ਕਿਹਾ ਹੈ ਕਿ ਉਹ ਪੀ. ਐਚ. ਡੀ. ਲਈ ਲੋੜੀਂਦਾ ਸਮੁੱਚਾ ਕੰਮ ਪੂਰਾ ਕਰ ਚੁੱਕੀ ਹੈ ਤੇ ਉਹ ਰਹਿੰਦਾ ਕੰਮ ਪੂਰਾ ਕਰਨਾ ਚਾਹੁੰਦੀ ਹੈ।



*ਸਟੇਡੀਅਮ ਦੀ ਵਿਕਰੀ ਦਾ ਮਾਮਲਾ*

# ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਕੈਦ ਤੇ ਜੁਰਮਾਨਾ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਨਾਹੀਮ ਦੇ ਸਾਬਕਾ ਮੇਅਰ ਹੈਰੀ ਸਿੱਧੂ ਨੂੰ ਐਂਜਲ ਸਟੇਡੀਅਮ ਦੀ ਵਿਵਾਦਤ ਵਿਕਰੀ ਦੇ ਮਾਮਲੇ ਦੀ ਸੰਘੀ ਜਾਂਚ ਵਿੱਚ ਰੁਕਾਵਟ ਪਾਉਣ ਦੇ ਦੋਸ਼ਾਂ ਤਹਿਤ 2 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 50 ਹਜ਼ਾਰ ਡਾਲਰ ਦਾ ਜੁਰਮਾਨਾ ਵੀ ਭਰਨਾ ਪਵੇਗਾ। ਯੂ. ਐਸ. ਡਿਸਟ੍ਰਿਕਟ ਜੱਜ ਜੌਹਨ ਡਬਲਯੂ ਹੋਲਕੋਮਬ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਸਿੱਧੂ ਨੇ ਲੋਕਾਂ ਦਾ ਭਰੋਸਾ ਤੋੜਿਆ ਹੈ। ਰਿਹਾਈ ਤੋਂ ਬਾਅਦ ਇੱਕ ਸਾਲ ਲਈ ਉਸ ਨੂੰ ਨਿਗਰਾਨੀ ਵਿੱਚ ਰਹਿਣਾ ਪਵੇਗਾ। ਸਜ਼ਾ ਸੁਣਾਉਣ ਸਮੇਂ 67 ਸਾਲਾ ਸਿੱਧੂ ਨੇ ਕੋਈ ਖਾਸ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ। ਅਦਾਲਤ ਵਿੱਚ ਪਰਿਵਾਰਕ ਮੈਂਬਰ ਤੇ ਉਸ ਦੇ ਸਮਰਥਕ ਵੀ ਹਾਜਰ ਸਨ। ਅਦਾਲਤ ਨੇ ਉਸ ਨੂੰ 2 ਸਤੰਬਰ ਨੂੰ ਅਧਿਕਾਰੀਆਂ ਸਾਹਮਣੇ ਆਤਮ ਸਮਰਪਣ ਕਰਨ ਦਾ ਆਦੇਸ਼ ਦਿੱਤਾ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




**ਪਿਛਲੇ ਦਿਨੀਂ ਥਾਈਲੈਂਡ ਅਤੇ ਮਿਆਂਮਾਰ ਵਿੱਚ ਸ਼ਕਤੀਸ਼ਾਲੀ ਭੂਚਾਲ ਆਉਣ ਕਾਰਨ ਦੋ ਹਜ਼ਾਰ ਦੇ ਕਰੀਬ ਮੌਤਾਂ ਹੋਣ ਅਤੇ ਤਿੰਨ ਹਜ਼ਾਰ ਤੋਂ ਵੱਧ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਅਫ਼ਗਾਨਿਸਤਾਨ ਵਿੱਚ ਭੂਚਾਲ ਆਉਣ ਦੀ ਖ਼ਬਰ ਆ ਗਈ, ਭਾਵੇਂ ਅਫ਼ਗਾਨਿਸਤਾਨ ਵਿੱਚ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਅ ਰਿਹਾ। ਥਾਈਲੈਂਡ ਅਤੇ ਮਿਆਂਮਾਰ ਵਿੱਚ ਆਏ ਜਬਰਦਸਤ ਭੂਚਾਲ ਦੌਰਾਨ ਉੱਚੀਆਂ ਵਿਸ਼ਾਲ ਇਮਾਰਤਾਂ ਸਕਿੰਟਾਂ ਵਿੱਚ ਤਾਸ ਦੇ ਪੱਤਿਆਂ ਵਾਂਗ ਡਿੱਗ ਪਈਆਂ ਅਤੇ ਹਰ ਪਾਸੇ ਕੁਰਲਾਹਟ ਮੱਚ ਗਈ। ਕੁਦਰਤ ਦਾ ਇਹ ਕਹਿਰ ਹਰ ਪਾਸੇ ਆਪਣੀਆਂ ਨਿਸ਼ਾਨੀਆਂ ਛੱਡ ਗਿਆ। ਅਸਲ ਵਿੱਚ ਜਦੋਂ ਤੋਂ ਮਨੁੱਖ ਨੇ ਕੁਦਰਤ ਨਾਲ ਛੇੜ-ਛਾੜ ਬਹੁਤ ਵਧਾਈ ਹੈ, ਉਦੋਂ ਤੋਂ ਕੁਦਰਤ ਵੀ ਗੁੱਸੇ ਵਿੱਚ ਆ ਕੇ ਆਪਣਾ ਕਹਿਰਵਾਨ ਰੂਪ ਦਿਖਾਉਂਦੀ ਆ ਰਹੀ ਹੈ।**

ਭੂਚਾਲ ਇੱਕ ਕੁਦਰਤੀ ਆਫ਼ਤ ਹੈ। ਵਾਤਾਵਰਣ ਚੱਕਰ ਵਿਗੜਨ ਦੇ ਨਾਲ-ਨਾਲ ਭੂਚਾਲ ਆਉਣ ਦੀਆਂ ਘਟਨਾਵਾਂ ਪਹਿਲਾਂ ਨਾਲੋਂ ਵੱਧ ਹੋ ਗਈਆਂ ਹਨ। ਹਾਲਾਂ ਕਿ, ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਭੂਚਾਲ ਜਾਪਾਨ ਵਿੱਚ ਆਉਂਦੇ ਹਨ ਪਰ ਉੱਥੇ, ਨੁਕਸਾਨ ਨੂੰ ਘੱਟ ਕਰਨ ਲਈ ਵੱਧ ਤੋਂ ਵੱਧ ਯਤਨ ਕੀਤੇ ਗਏ ਹਨ। ਇਸ ਦੇ ਨਾਲ ਹੀ ਗੁਹਾਟੀ, ਸ਼੍ਰੀਨਗਰ, ਦਿੱਲੀ, ਮੁੰਬਈ, ਚੇਨਈ, ਪੁਣੇ, ਕੋਚੀ, ਕੋਲਕਾਤਾ, ਪਟਨਾ, ਤਿਰੂਵਨੰਤਪੁਰਮ ਵਿੱਚ 2050 ਤੱਕ ਦੇਸ਼ ਵਿੱਚ ਸਭ ਤੋਂ ਵੱਧ ਭੂਚਾਲ ਆਉਣ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਇਹ ਅਨੁਮਾਨ ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਜਾਰੀ ਕੀਤਾ ਗਿਆ ਹੈ।



ਮਾਹਿਰਾਂ ਦੇ ਅਨੁਸਾਰ, ਜਿਸ ਖੇਤਰ ਵਿੱਚ 500 ਸਾਲ ਪਹਿਲਾਂ ਭਿਆਨਕ ਭੂਚਾਲ ਆਇਆ ਹੈ, ਉੱਥੇ 8 ਜਾਂ ਇਸ ਤੋਂ ਵੱਧ ਤੀਬਰਤਾ ਦੇ ਸ਼ਕਤੀਸ਼ਾਲੀ ਭੂਚਾਲ ਦਾ ਖਤਰਾ ਹੈ। 1934 ਦੇ ਭੂਚਾਲ ਨੂੰ 1505 ਦੇ ਭੂਚਾਲ ਤੋਂ ਬਾਅਦ ਸਭ ਤੋਂ ਵਿਨਾਸ਼ਕਾਰੀ ਭੂਚਾਲ ਮੰਨਿਆ ਜਾਂਦਾ ਹੈ, ਜਿਸ ਨੇ ਕਾਠਮੰਡੂ ਤੋਂ ਲੈ ਕੇ ਬਿਹਾਰ ਤੱਕ ਭਾਰੀ ਨੁਕਸਾਨ ਕੀਤਾ ਸੀ। ਜਿੱਥੋਂ ਤੱਕ ਭਾਰਤ ਵਿੱਚ ਭੂਚਾਲ ਦੇ ਖ਼ਤਰਿਆਂ ਦਾ ਸਵਾਲ ਹੈ ਤਾਂ ਨੈਸ਼ਨਲ ਸੈਂਟਰ ਆਫ਼ ਸਿਸਮਲੋਜੀ (ਐਨ.ਸੀ.ਐਸ.) ਦੁਆਰਾ ਕੀਤੇ ਗਏ ਇੱਕ ਅਧਿਐਨ ਨੇ ਦਿਖਾਇਆ ਹੈ ਕਿ 20 ਭਾਰਤੀ ਸ਼ਹਿਰਾਂ ਅਤੇ ਕਸਬਿਆਂ ਵਿੱਚ ਭੂਚਾਲ ਦਾ ਸਭ ਤੋਂ ਵੱਧ ਖ਼ਤਰਾ ਹੈ, ਜਿਸ ਵਿੱਚ ਦਿੱਲੀ ਸਮੇਤ ਨੌਂ ਰਾਜਾਂ ਦੀਆਂ ਰਾਜਧਾਨੀਆਂ ਸ਼ਾਮਲ ਹਨ। ਹਿਮਾਲਿਆ ਪਰਬਤ ਖੇਤਰ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਭੂਚਾਲ ਸੰਵੇਦਨਸ਼ੀਲ ਖੇਤਰ ਮੰਨਿਆ ਜਾਂਦਾ ਹੈ ਅਤੇ ਇੱਕ ਅਧਿਐਨ ਦੇ ਅਨੁਸਾਰ, ਸਭ ਤੋਂ ਵੱਧ ਭੂਚਾਲ ਸੰਵੇਦਨਸ਼ੀਲ ਸ਼ਹਿਰ ਇਸ ਖੇਤਰ ਵਿੱਚ ਸਥਿਤ ਹਨ। ਕਈ ਭੂ-



ਵਿਗਿਆਨੀਆਂ ਨੇ ਇਹ ਵੀ ਕਿਹਾ ਗਿਆ ਹੈ ਕਿ ਅਜਿਹੀ ਕੋਈ ਤਕਨੀਕ ਨਹੀਂ ਹੈ ਜੋ ਭੂਚਾਲ ਦੇ ਸਮੇਂ, ਸਥਾਨ ਅਤੇ ਤੀਬਰਤਾ ਦਾ ਸਹੀ ਅੰਦਾਜ਼ਾ ਲਗਾ ਸਕੇ।

**ਭੂਚਾਲ ਆਉਣ 'ਤੇ ਕੀ ਕਰਨਾ ਹੈ ?**

ਮਾਹਿਰ ਕਹਿੰਦੇ ਹਨ ਕਿ ਜੇ ਤੁਸੀਂ ਭੂਚਾਲ ਦੇ ਦੌਰਾਨ ਘਰ ਵਿੱਚ ਹੋ, ਤਾਂ ਫ਼ਰਸ਼ 'ਤੇ ਬੈਠੋ। ਘਰ ਵਿੱਚ ਕਿਸੇ ਮਜ਼ਬੂਤ ਮੇਜ਼ ਜਾਂ ਫ਼ਰਨੀਚਰ ਦੇ ਹੇਠਾਂ ਬੈਠਦੇ ਸਮੇਂ ਆਪਣੇ ਸਿਰ ਅਤੇ ਚਿਹਰੇ ਨੂੰ ਹੱਥਾਂ ਨਾਲ ਢੱਕੋ। ਭੂਚਾਲ ਆਉਣ ਤੱਕ ਘਰ ਦੇ ਅੰਦਰ ਹੀ ਰਹੋ ਅਤੇ ਭੂਚਾਲ ਬੰਦ ਹੋਣ ਤੋਂ ਬਾਅਦ ਹੀ ਬਾਹਰ ਜਾਓ। ਜੇਕਰ ਰਾਤ ਨੂੰ ਭੂਚਾਲ ਆਉਂਦਾ ਹੈ ਅਤੇ ਤੁਸੀਂ ਬਿਸਤਰੇ 'ਤੇ ਲੇਟੇ ਹੋਏ ਹੋ, ਤਾਂ ਲੇਟੇ ਰਹੋ ਅਤੇ ਸਿਰਹਾਣੇ ਨਾਲ ਸਿਰ ਢੱਕੋ। ਘਰ ਦੇ ਸਾਰੇ ਪਾਵਰ ਸਵਿੱਚ ਬੰਦ ਕਰ ਦਿਓ। ਜੇਕਰ ਤੁਸੀਂ ਭੂਚਾਲ ਦੇ ਦੌਰਾਨ ਮਲਬੇ ਹੇਠਾਂ ਦੱਬ ਜਾਂਦੇ ਹੋ, ਤਾਂ ਆਪਣੇ ਮੂੰਹ ਨੂੰ ਰੁਮਾਲ ਜਾਂ ਕੱਪੜੇ ਨਾਲ ਢੱਕੋ। ਮਲਬੇ ਹੇਠ ਆਪਣੀ ਮੌਜੂਦਗੀ ਦਾ ਪਤਾ ਲਗਾਉਣ ਲਈ ਪਾਈਪ ਜਾਂ ਕੰਧ 'ਤੇ ਸੱਟ ਮਾਰਦੇ ਰਹੋ, ਤਾਂ ਜੋ ਬਚਾਅ ਕਰਨ ਵਾਲੇ ਤੁਹਾਨੂੰ ਲੱਭ ਸਕਣ। ਜੇਕਰ ਤੁਹਾਡੇ ਕੋਲ ਕੋਈ ਹੱਲ ਨਹੀਂ ਹੈ ਤਾਂ ਰੌਲਾ ਪਾਉਂਦੇ ਰਹੋ ਅਤੇ ਹਿੰਮਤ ਨਾ ਹਾਰੋ।

**ਭੂਚਾਲ ਆਉਣ 'ਤੇ ਕੀ ਨਹੀਂ ਕਰਨਾ ਚਾਹੀਦਾ**

ਮਾਹਿਰ ਕਹਿੰਦੇ ਹਨ ਕਿ ਜੇਕਰ ਤੁਸੀਂ ਭੂਚਾਲ ਦੌਰਾਨ ਘਰ ਤੋਂ ਬਾਹਰ ਹੋ, ਤਾਂ ਉੱਚੀਆਂ ਇਮਾਰਤਾਂ ਅਤੇ ਬਿਜਲੀ ਦੇ ਖੰਭਿਆਂ ਤੋਂ ਦੂਰ ਰਹੋ। ਜੇਕਰ ਤੁਸੀਂ ਗੱਡੀ ਚਲਾ ਰਹੇ ਹੋ ਤਾਂ ਇਸ ਨੂੰ ਰੋਕੋ ਅਤੇ ਕਾਰ ਤੋਂ ਬਾਹਰ ਨਾ ਨਿਕਲੋ, ਕਿਸੇ ਵੀ ਪੁਲ ਜਾਂ ਫ਼ਲਾਈਓਵਰ 'ਤੇ ਕਾਰ ਖੜੀ ਨਾ ਕਰੋ। ਜੇ ਤੁਸੀਂ ਭੂਚਾਲ ਦੇ ਸਮੇਂ ਘਰ ਵਿੱਚ ਹੋ, ਤਾਂ ਬਾਹਰ ਨਾ ਜਾਓ। ਜੇਕਰ ਤੁਸੀਂ ਭੂਚਾਲ ਦੇ ਦੌਰਾਨ ਮਲਬੇ ਹੇਠਾਂ ਦੱਬ ਜਾਂਦੇ ਹੋ, ਤਾਂ ਮਾਚਿਸ ਨੂੰ ਬਿਲਕੁਲ ਵੀ ਨਾ ਚਲਾਓ, ਕਿਉਂਕਿ ਗੈਸ ਲੀਕ ਹੋਣ ਕਾਰਨ ਅੱਗ ਲੱਗਣ ਦਾ ਖਤਰਾ ਹੋ ਸਕਦਾ ਹੈ। ਜੇ ਤੁਸੀਂ ਭੂਚਾਲ ਆਉਣ ਵੇਲੇ ਘਰ ਵਿੱਚ ਹੋ, ਤਾਂ ਹਿੱਲੋ ਨਾ, ਕੋਈ ਢੁਕਵੀਂ ਥਾਂ ਲੱਭੋ ਅਤੇ ਬੈਠੋ। ਘਰ ਦੇ ਕਿਸੇ ਕੋਨੇ ਵਿੱਚ ਜਾਓ, ਸ਼ੀਸ਼ੇ, ਖਿੜਕੀਆਂ, ਦਰਵਾਜ਼ੇ ਅਤੇ ਕੰਧਾਂ ਤੋਂ ਦੂਰ ਰਹੋ। ਭੂਚਾਲ ਦੌਰਾਨ ਲਿਫ਼ਟ ਦੀ ਵਰਤੋਂ ਕਰਨ ਤੋਂ ਬਚੋ, ਕਮਜ਼ੋਰ ਪੌੜੀਆਂ ਦੀ ਵਰਤੋਂ ਨਾ ਕਰੋ। ਐਲੀਵੇਟਰ ਅਤੇ ਪੌੜੀਆਂ ਦੋਵੇਂ ਟੁੱਟ ਸਕਦੇ ਹਨ। ਭੂਚਾਲ ਦੌਰਾਨ ਘਬਰਾਓ ਨਾ ਅਤੇ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਫ਼ੈਲਾਓ।

## ਕਿਵੇਂ ਆਉਂਦਾ ਹੈ ਭੂਚਾਲ




ਦਰਅਸਲ, ਧਰਤੀ ਦੇ ਅੰਦਰ 7 ਪਲੇਟਾਂ ਹਨ, ਜੋ ਘੁੰਮਦੀਆਂ ਰਹਿੰਦੀਆਂ ਹਨ। ਇਸ ਨੂੰ ਅੰਗਰੇਜ਼ੀ ਵਿੱਚ ਪਲੇਟ ਟੈਕਟੋਨਿਕਸ ਅਤੇ ਹਿੰਦੀ ਵਿੱਚ ਪਲੇਟ ਟੈਕਟੋਨਿਕਸ ਕਿਹਾ ਜਾਂਦਾ ਹੈ। ਜਿੱਥੇ ਇਹ ਪਲੇਟਾਂ ਟਕਰਾਉਂਦੀਆਂ ਹਨ, ਇੱਕ ਜ਼ੋਨ ਫ਼ਾਲਟ ਲਾਈਨ ਫ਼ਾਲਟ ਹੁੰਦਾ ਹੈ। ਜਦੋਂ ਪਲੇਟਾਂ ਵਾਰ-ਵਾਰ ਟਕਰਾਉਂਦੀਆਂ ਹਨ, ਤਾਂ ਕੋਨੇ ਝੁਕਣ ਲੱਗ ਪੈਂਦੇ ਹਨ ਅਤੇ ਜਦੋਂ ਬਹੁਤ ਜ਼ਿਆਦਾ ਦਬਾਅ ਹੁੰਦਾ ਹੈ, ਤਾਂ ਪਲੇਟਾਂ ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ, ਊਰਜਾ ਧਰਤੀ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰਦੀ ਹੈ, ਜਿਸ ਕਾਰਨ ਗਤੀ ਵਿਗੜ ਜਾਂਦੀ ਹੈ ਅਤੇ ਭੂਚਾਲ ਦੀ ਸਥਿਤੀ ਪੈਦਾ ਹੋ ਜਾਂਦੀ ਹੈ।

## ਕਿਵੇਂ ਮਾਪੀ ਜਾਂਦੀ ਹੈ ਭੂਚਾਲ ਦੀ ਤੀਬਰਤਾ



ਜਿਸ ਪੈਮਾਨੇ ਨਾਲ ਭੂਚਾਲਾਂ ਨੂੰ ਮਾਪਿਆ ਜਾਂਦਾ ਹੈ, ਉਸ ਨੂੰ ਰਿਕਟਰ ਮੈਗਨੀਟਿਊਡ ਟੈਸਟ ਕਿਹਾ ਜਾਂਦਾ ਹੈ। ਭੂਚਾਲ ਦੀ ਤੀਬਰਤਾ 1 ਤੋਂ 9 ਦੇ ਪੈਮਾਨੇ 'ਤੇ ਮਾਪੀ ਜਾਂਦੀ ਹੈ। ਭੂਚਾਲ ਨੂੰ ਇਸ ਦੇ ਕੇਂਦਰ ਤੋਂ ਮਾਪਿਆ ਜਾਂਦਾ ਹੈ। ਜਿਸ ਨੂੰ ਭੂਚਾਲ ਦਾ ਕੇਂਦਰ ਕਿਹਾ ਜਾਂਦਾ ਹੈ। ਭੂਚਾਲ ਦੌਰਾਨ ਧਰਤੀ ਦੇ ਅੰਦਰੋਂ ਨਿਕਲਣ ਵਾਲੀ ਊਰਜਾ ਦੀ ਤੀਬਰਤਾ ਨੂੰ ਭੂਚਾਲ ਦੇ ਕੇਂਦਰ ਤੋਂ ਮਾਪਿਆ ਜਾਂਦਾ ਹੈ ਅਤੇ ਭੂਚਾਲ ਦੇ ਖ਼ਤਰੇ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ।

## ਭੂਚਾਲ ਦੇ ਦੌਰਾਨ ਜੀਵਨ ਨੂੰ ਕਿਵੇਂ ਬਚਾਇਆ ਜਾਵੇ



ਮਾਹਿਰਾਂ ਦਾ ਕਹਿਣਾ ਹੈ ਕਿ ਭੂਚਾਲ ਦੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ਪਰ ਨਵੇਂ ਮਕਾਨ ਭੂਚਾਲਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਜਾਣੇ ਚਾਹੀਦੇ ਹਨ। ਘਰ ਬਣਾਉਣ ਤੋਂ ਪਹਿਲਾਂ ਜ਼ਮੀਨ ਦੀ ਜਾਂਚ ਕਰੋ। ਕੀ ਉਹ ਭੂਚਾਲ ਨੂੰ ਧਿਆਨ ਵਿੱਚ ਰੱਖ ਕੇ ਘਰ ਬਣਾ ਸਕਦੇ ਹਨ ਜਾਂ ਨਹੀਂ ? ਜੇਕਰ ਅਚਾਨਕ ਭੂਚਾਲ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਖੁੱਲ੍ਹੇ ਮੈਦਾਨ ਵਿੱਚ ਜਾਣਾ ਚਾਹੀਦਾ ਹੈ। ਜੇ ਤੁਸੀਂ ਘਰ ਵਿੱਚ ਫ਼ਸੇ ਹੋਏ ਹੋ, ਤਾਂ ਮੇਜ਼ ਜਾਂ ਮੰਜੇ ਦੇ ਹੇਠਾਂ ਲੁਕੋ। ਤੁਸੀਂ ਛੱਤ 'ਤੇ ਵੀ ਜਾ ਸਕਦੇ ਹੋ ਜਾਂ ਘਰ ਦੇ ਕਿਸੇ ਕੋਨੇ 'ਚ ਖੜ੍ਹੇ ਹੋ ਸਕਦੇ ਹੋ ਪਰ ਖ਼ਤਰੇ ਤੋਂ ਮੁਕਤ ਇਕੋ ਇਕ ਵਿਕਲਪ ਹੈ ਘਰ ਤੋਂ ਬਾਹਰ ਨਿਕਲਣਾ।

## ਭੂਚਾਲ ਲਈ ਪਹਿਲਾਂ ਤੋਂ ਤਿਆਰੀ ਕਿਵੇਂ ਕਰੀਏ ?

ਮਾਹਿਰ ਕਹਿੰਦੇ ਹਨ ਕਿ ਤੁਹਾਨੂੰ ਇੱਕ ਐਮਰਜੈਂਸੀ ਕਿੱਟ ਤਿਆਰ ਕਰਨੀ ਚਾਹੀਦੀ ਹੈ ਜਿਸ ਵਿੱਚ ਤੁਹਾਡੇ ਮਹੱਤਵਪੂਰਨ ਦਸਤਾਵੇਜ਼, ਭੋਜਨ, ਪਾਣੀ ਅਤੇ ਜ਼ਰੂਰੀ ਚੀਜ਼ਾਂ ਸ਼ਾਮਲ ਹੋਣ।

ਘਰੇਲੂ ਵਸਤੂਆਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕਰੋ ਅਤੇ ਛੱਤ ਜਾਂ ਕੋਈ ਕੰਧ ਡਿੱਗਣ ਦੀ ਸਥਿਤੀ ਵਿੱਚ ਜ਼ਰੂਰੀ ਚੀਜ਼ਾਂ ਨੂੰ ਬਚਾਉਣ ਲਈ ਉਪਾਅ ਕਰੋ। ਆਪਣੇ ਪਰਿਵਾਰ ਲਈ ਇੱਕ ਐਮਰਜੈਂਸੀ ਯੋਜਨਾ ਤਿਆਰ ਕਰੋ ਜੋ ਹਰੇਕ ਵਿਅਕਤੀ ਦੇ ਕਰਤੱਵਾਂ ਜਾਂ ਜ਼ਿੰਮੇਵਾਰੀਆਂ ਦੀ ਰੂਪ-ਰੇਖਾ ਦਿੰਦੀ ਹੈ।

**ਭਾਰਤ ਸਮੇਤ ਹੋਰਨਾਂ ਦੇਸ਼ਾਂ ਵੱਲੋਂ ਮਿਆਂਮਾਰ ਦੀ ਸਹਾਇਤਾ**

ਭੂਚਾਲ ਤੋਂ ਪੀੜਤ ਮਿਆਂਮਾਰ ਦੀ ਭਾਰਤ ਸਮੇਤ ਵੱਖ- ਵੱਖ ਦੇਸ਼ਾਂ ਨੇ ਹਰ ਸੰਭਵ ਸਹਾਇਤਾ ਕੀਤੀ ਹੈ ਅਤੇ ਉਥੋਂ ਦੇ ਲੋਕਾਂ ਲਈ ਜ਼ਰੂਰੀ ਸਮਾਨ ਸਪਲਾਈ ਕੀਤਾ ਹੈ। ਇਸ ਸਮੇਂ ਪੂਰੇ ਸੰਸਾਰ ਦੇ ਲੋਕ ਮਿਆਂਮਾਰ ਦੇ ਲੋਕਾਂ ਦੀ ਸਹਾਇਤਾ ਕਰ ਰਹੇ ਹਨ। ਇਸ ਸਮੇਂ ਮਿਆਂਮਾਰ ਵਿੱਚ ਲੋਕ ਇਮਾਰਤਾਂ ਦੇ ਮਲਬੇ ਵਿਚੋਂ ਆਪਣਿਆਂ ਦੀ ਤਲਾਸ਼ ਕਰ ਰਹੇ ਹਨ। ਇਸ ਤਰ੍ਹਾਂ ਮਿਆਂਮਾਰ ਵਿੱਚ ਆਇਆ ਭੂਚਾਲ ਵੱਡੀ ਤ੍ਰਾਸਦੀ ਬਣ ਗਿਆ ਹੈ।

ਭੂਚਾਲ ਨੂੰ ਆਉਣ ਤੋਂ ਰੋਕਣ ਵਿੱਚ ਮਨੁੱਖ ਭਾਵੇਂ ਬੇਬਸ ਹੈ, ਪਰ ਕੁਝ ਸਾਵਧਾਨੀਆਂ ਨਾਲ ਭੂਚਾਲ ਤੋਂ ਹੋਣ ਵਾਲੇ ਵੱਡੇ ਨੁਕਸਾਨ ਤੋਂ ਬਚਾਓ ਕੀਤਾ ਜਾ ਸਕਦਾ ਹੈ। ਆਮ ਲੋਕਾਂ ਨੂੰ ਭੂਚਾਲ ਤੋਂ ਬਚਾਓ ਸਬੰਧੀ ਜਾਗਰੂਕ ਹੋਣ ਚਾਹੀਦਾ ਹੈ ਅਤੇ ਵਿਗਿਆਨੀਆਂ ਅਤੇ ਮਾਹਿਰਾਂ ਵੱਲੋਂ ਭੂਚਾਲ ਤੋਂ ਬਚਾਓ ਦੇ ਤਰੀਕੇ ਅਪਨਾਉਣੇ ਚਾਹੀਦੇ ਹਨ। ਇਸ ਤੋਂ ਇਲਾਵਾ ਵੱਡੀਆਂ ਬਿਲਡਿੰਗਾਂ ਅਤੇ ਮਕਾਨਾਂ ਨੂੰ ਇਸ ਤਰੀਕੇ ਨਾਲ ਬਣਾਉਣਾ ਚਾਹੀਦਾ ਹੈ ਤਾਂ ਕਿ ਭੂਚਾਲ ਦਾ ਉਹਨਾਂ 'ਤੇ ਘੱਟ ਤੋਂ ਘੱਟ ਅਸਰ ਹੋ ਸਕੇ।

# ਗੁਰੂ ਗ੍ਰੰਥ ਸਾਹਿਬ ਦੇ ਪੰਜ ਪਾਵਨ ਸਰੂਪ ਵਿਸ਼ੇਸ਼ ਉਡਾਨ ਰਾਹੀਂ ਹਾਂਗਕਾਂਗ ਭੇਜੇ

## ਕੁਝ ਦਿਨ ਪਹਿਲਾਂ ਭਾਰਤ ਲਿਆਂਦੇ ਗਏ ਸਨ ਛੇ ਬਿਰਧ ਸਰੂਪ

ਅੰਮ੍ਰਿਤਸਰ/ਏ.ਟੀ.ਨਿਊਜ਼: ਹਾਂਗਕਾਂਗ ਦੇ ਗੁਰਦੁਆਰਾ ਖ਼ਾਲਸਾ ਦੀਵਾਨ ਸਿੱਖ ਟੈਂਪਲ ਦੀ ਸੰਗਤ ਗੁਰੂ ਗ੍ਰੰਥ ਸਾਹਿਬ ਦੇ ਪੰਜ ਪਾਵਨ ਸਰੂਪ ਗੁਰ-ਮਰਿਆਦਾ ਅਨੁਸਾਰ ਵਿਸ਼ੇਸ਼ ਹਵਾਈ ਉਡਾਨ ਰਾਹੀਂ ਲੈ ਕੇ ਆਪਣੇ ਮੁਲਕ ਲਈ ਰਵਾਨਾ ਹੋਈ। ਇਸ ਤੋਂ ਪਹਿਲਾਂ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਛੇ ਪਾਵਨ ਸਰੂਪ ਦਿੱਲੀ ਹਵਾਈ ਅੱਡੇ ’ਤੇ ਕੁਝ ਦਿਨ ਪਹਿਲਾਂ ਲਿਆਂਦੇ ਗਏ ਸਨ ਅਤੇ ਇਸ ਸਬੰਧੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਬਾਬਾ ਬਲਜੀਤ ਸਿੰਘ ਦਾਦੂਵਾਲ ਵੱਲੋਂ ਸੋਸ਼ਲ ਮੀਡੀਆ ’ਤੇ ਵੀ ਪੋਸਟ ਸਾਂਝੀ ਕੀਤੀ ਗਈ ਸੀ।



ਹਾਂਗਕਾਂਗ ਤੋਂ ਪਾਵਨ ਸਰੂਪ ਲੈ ਕੇ ਆਏ ਭਾਈ ਜੀਵਨ ਸਿੰਘ, ਭਾਈ ਬਲਜਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਹਰਿਆਣਾ ਕਮੇਟੀ ਦੇ ਆਗੂਆਂ ਵੱਲੋਂ ਦਿੱਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਾਂਗਕਾਂਗ ਤੋਂ ਗੁਰਦੁਆਰਾ ਕਮੇਟੀ ਦੇ ਮੈਂਬਰ ਛੇ ਪਾਵਨ ਬਿਰਧ ਸਰੂਪ ਏਅਰ ਇੰਡੀਆ ਦੀ ਵਿਸ਼ੇਸ਼ ਉਡਾਨ ਰਾਹੀਂ ਭਾਰਤ ਲੈ ਕੇ ਆਏ ਸਨ ਅਤੇ ਇੱਥੋਂ ਪੰਜ ਨਵੇਂ ਪਾਵਨ ਸਰੂਪ ਲੈ ਕੇ ਵਾਪਸ ਹਾਂਗਕਾਂਗ ਰਵਾਨਾ ਹੋਏ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਹਵਾਈ ਅੱਡੇ ’ਤੇ ਪਾਵਨ ਸਰੂਪ ਪੂਰਨ ਗੁਰ-ਮਰਿਆਦਾ ਅਨੁਸਾਰ ਲਿਆਂਦੇ ਗਏ ਅਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਸੰਗਤ ਵੱਲੋਂ ਪਾਵਨ ਸਰੂਪਾਂ ਦਾ ਸਵਾਗਤ ਕਰਦਿਆਂ ਸਤਿਕਾਰ ਕੀਤਾ ਗਿਆ।

ਇਸ ਸਬੰਧੀ ਸੰਗਤ ਨੇ ਦੱਸਿਆ ਕਿ ਪਾਵਨ ਸਰੂਪ ਲਿਆਉਣ ਵਾਸਤੇ ਹਵਾਈ ਜਹਾਜ਼ ਦੀ ਸਮੁੱਚੀ ਬਿਜ਼ਨਸ ਕਲਾਸ ਦੀਆਂ ਸੀਟਾਂ ਬੁੱਕ ਕੀਤੀਆਂ ਗਈਆਂ ਸਨ ਅਤੇ ਸਰੂਪ ਲਿਆਉਣ ਸਮੇਂ ਤੇ ਵਾਪਸ ਲੈ ਕੇ ਜਾਣ ਸਮੇਂ ਗੁਰ-ਮਰਿਆਦਾ ਦਾ ਪੂਰਾ ਧਿਆਨ ਰੱਖਿਆ ਗਿਆ ਸੀ।

# ਆਸਟ੍ਰੇਲੀਆ ਵਿੱਚ ਪਾਰਲੀਮੈਂਟ ਚੋਣਾਂ 3 ਮਈ ਨੂੰ ਕਰਵਾਉਣ ਦਾ ਐਲਾਨ

## ਸੱਤਾਧਾਰੀ ਆਸਟ੍ਰੇਲੀਅਨ ਲੇਬਰ ਪਾਰਟੀ ਅਤੇ ਮੁੱਖ ਵਿਰੋਧੀ ਧਿਰ ਲਿਬਰਲ-ਨੈਸ਼ਨਲ ਗੱਠਜੋੜ ਵਿਚਾਲੇ ਹੋਵੇਗਾ ਸਿੱਧਾ ਚੋਣ ਮੁਕਾਬਲਾ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਗਵਰਨਰ-ਜਨਰਲ ਸੈਮ ਮੋਸਟਿਨ ਨੂੰ ਸੰਸਦ ਭੰਗ ਕਰਨ ਲਈ ਕਿਹਾ ਹੈ ਅਤੇ 3 ਮਈ ਨੂੰ ਪਾਰਲੀਮੈਂਟ ਚੋਣਾਂ ਦਾ ਐਲਾਨ ਕੀਤਾ ਹੈ। ਪੰਜ ਹਫ਼ਤਿਆਂ ਦੀ ਚੋਣ ਮੁਹਿੰਮ ਵਿੱਚ ਸੰਸਦ ਦੀਆਂ ਸਾਰੀਆਂ 150 ਸੀਟਾਂ ਅਤੇ 40 ਸੈਨੇਟ ਸਾਂਸਦ ਸੀਟਾਂ ਲਈ ਵੋਟਾਂ ਰਾਹੀਂ ਸਿੱਧੀ ਚੋਣ ਹੋਵੇਗੀ। ਇਸ ਦੌਰਾਨ ਸੱਤਾਧਾਰੀ ਆਸਟ੍ਰੇਲੀਅਨ ਲੇਬਰ ਪਾਰਟੀ ਅਤੇ ਮੁੱਖ ਵਿਰੋਧੀ ਧਿਰ ਲਿਬਰਲ-ਨੈਸ਼ਨਲ ਗੱਠਜੋੜ ਵਿੱਚ ਸਿੱਧਾ ਚੋਣ ਮੁਕਾਬਲਾ ਹੋਵੇਗਾ।

ਲਗਭਗ ਇੱਕ ਸਦੀ ਤੋਂ ਇੱਕ ਟਰਮ/ਕਾਰਜਕਾਲ ਤੋਂ ਬਾਅਦ ਕਿਸੇ ਵੀ ਪਾਰਟੀ ਨੂੰ ਸਰਕਾਰ ਤੋਂ ਬਾਹਰ ਨਹੀਂ ਕੀਤਾ ਗਿਆ ਹੈ, ਪਰ ਵਿਰੋਧੀ ਧਿਰ ਦੇ ਨੇਤਾ ਪੀਟਰ ਡਟਨ ਇਹ ਤਬਦੀਲੀ ਦੀ ਉਮੀਦ ਕਰ ਰਹੇ ਹਨ। ਲੇਬਰ ਸਰਕਾਰ ਕੋਲ ਇਸ ਵੇਲੇ ਪਾਰਲੀਮੈਂਟ



ਵਿੱਚ 78 ਸੀਟਾਂ ਹਨ, ਜਦੋਂ ਕਿ ਗੱਠਜੋੜ ਕੋਲ 55 ਅਤੇ 16 ਛੋਟੀਆਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਦੇ ਹੱਥਾਂ ਵਿੱਚ ਹਨ। ਪਿਛਲੀਆਂ ਚੋਣਾਂ ਦੌਰਾਨ 150 ਚੋਣ ਖੇਤਰਾਂ ਵਿੱਚੋਂ 51 ਕੇਵਲ 6 ਪ੍ਰਤੀਸ਼ਤ ਤੋਂ ਘੱਟ ਵੋਟਾਂ ਦੇ ਫਰਕ ’ਤੇ ਜਿੱਤੇ ਸਨ। ਜਦੋਂ ਕਿ 10 ਸੀਟਾਂ, ਜੋ ਕਿ ਸਰਕਾਰ ਬਣਾਉਣ ਦਾ ਤਵਾਜ਼ਨ ਰੱਖਦਿਆ ਹਨ, ਦਾ ਇਸ ਵਾਰ ਵੀ ਮਾਮੂਲੀ ਫਰਕ ਰਹਿਣ ਦੀ ਸੰਭਾਵਨਾ ਹੈ।

# ਬ੍ਰਿਟੇਨ ਦੀ ਯਾਤਰਾ ਕਰਨਾ ਅਤੇ ਉੱਥੇ ਰਹਿਣਾ ਮਹਿੰਗਾ ਹੋਇਆ

ਲੰਡਨ/ਏ.ਟੀ.ਨਿਊਜ਼: ਯੂ.ਕੇ. ਦੇ ਗ੍ਰਹਿ ਮੰਤਰਾਲੇ ਨੇ ਵਿਦਿਆਰਥੀ, ਵਿਜ਼ਟਰ ਅਤੇ ਇਲੈਕਟ੍ਰਾਨਿਕ ਟ੍ਰੈਵਲ ਆਥੇਰਾਈਜੇਸ਼ਨ ਅਰਜ਼ੀਆਂ ਸਮੇਤ ਕਈ ਸ਼੍ਰੇਣੀਆਂ ਵਿੱਚ ਵੀਜ਼ਾ ਫੀਸਾਂ ਵਿੱਚ ਵਾਧੇ ਦਾ ਐਲਾਨ ਕੀਤਾ ਹੈ, ਜੋ ਕਿ 9 ਅਪ੍ਰੈਲ, 2025 ਤੋਂ ਲਾਗੂ ਹੋਵੇਗਾ। ਇਹ ਵਾਧਾ ਵੀਜ਼ਾ ਦੀ ਕਿਸਮ ’ਤੇ ਨਿਰਭਰ ਕਰਦਾ ਹੈ। ਵਿਦਿਆਰਥੀ ਅਤੇ ਵਿਜ਼ਟਰ ਵੀਜ਼ਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਈ.ਟੀ. ਦੀ ਰਿਪੋਰਟ ਦੇ ਅਨੁਸਾਰ, ਮੁੱਖ ਬਿਨੈਕਾਰਾਂ ਅਤੇ ਨਿਰਭਰ ਦੋਵਾਂ ਲਈ ਲਾਗੂ ਵਿਦਿਆਰਥੀ ਵੀਜ਼ਾ ਫ਼ੀਸ ਮੌਜੂਦਾ 490 ਪੌਂਡ ਤੋਂ 524 ਪੌਂਡ (ਅੱਜ ਭਾਰਤੀ ਮੁਦਰਾ ਵਿੱਚ 58059.57 ਰੁਪਏ) ਤੱਕ 7 ਪ੍ਰਤੀਸ਼ਤ ਵਧੇਗੀ।



ਇਸੇ ਤਰ੍ਹਾਂ, ਬਾਲ ਵਿਦਿਆਰਥੀ ਵੀਜ਼ਾ ਦੀ ਕੀਮਤ ਵੀ 524 ਪੌਂਡ ਹੋਵੇਗੀ। ਇਸ ਤੋਂ ਪਹਿਲਾਂ ਅਕਤੂਬਰ 2023 ਵਿੱਚ, ਵਿਦਿਆਰਥੀ ਵੀਜ਼ਾ ਫ਼ੀਸਾਂ ਵਿੱਚ ਇੱਕ ਤਿਹਾਈ ਤੋਂ ਵੱਧ ਦਾ ਵਾਧਾ ਹੋਇਆ ਸੀ। ਛੇ ਤੋਂ 11 ਮਹੀਨਿਆਂ ਦੇ ਅੰਗਰੇਜ਼ੀ ਭਾਸ਼ਾ ਦੇ ਕੋਰਸਾਂ ਲਈ ਥੋੜ੍ਹੇ ਸਮੇਂ ਦੇ ਅਧਿਐਨ ਵੀਜ਼ਿਆਂ ਦੀ ਲਾਗਤ 7 ਪ੍ਰਤੀਸ਼ਤ ਵਧੇਗੀ, 200 ਤੋਂ 214 ਪੌਂਡ ਹੋ ਜਾਵੇਗੀ।

**ਯੂ.ਕੇ. ਵਿਜ਼ਟਰ ਵੀਜ਼ਾ ਫ਼ੀਸ ਵਿੱਚ ਕਿੰਨਾ ਵਾਧਾ ਹੋਇਆ ਹੈ?**

ਯੂ.ਕੇ. ਵਿਜ਼ਟਰ ਵੀਜ਼ਾ ਫ਼ੀਸਾਂ ਵਿੱਚ 10 ਪ੍ਰਤੀਸ਼ਤ ਦਾ ਵਾਧਾ ਹੋਵੇਗਾ, ਜਿਸ ਨਾਲ ਛੇ ਮਹੀਨਿਆਂ ਦੇ ਵੀਜ਼ੇ ਦੀ ਕੀਮਤ 115 ਤੋਂ ਵਧ ਕੇ 127 ਪੌਂਡ ਹੋ ਜਾਵੇਗੀ। ਦੋ, ਪੰਜ ਅਤੇ ਦਸ ਸਾਲਾਂ ਦੇ ਲੰਬੇ ਸਮੇਂ ਦੇ ਵਿਜ਼ਿਟ ਵੀਜ਼ੇ ਵੀ ਮਹਿੰਗੇ ਹੋ ਜਾਣਗੇ, ਜਿਨ੍ਹਾਂ ਦੀ ਫ਼ੀਸ ਕ੍ਰਮਵਾਰ 475 ਪੌਂਡ, 848 ਪੌਂਡ ਅਤੇ 1,059 ਪੌਂਡ ਤੱਕ ਪਹੁੰਚ ਜਾਵੇਗੀ। ਡਾਇਰੈਕਟ ਏਅਰਸਾਈਡ ਟ੍ਰਾਂਜ਼ਿਟ ਵੀਜ਼ਾ ਫ਼ੀਸ 39 ਪੌਂਡ ਤੱਕ ਹੋਵੇਗੀ, ਜਦੋਂ ਕਿ ਲੈਂਡਸਾਈਡ ਟ੍ਰਾਂਜ਼ਿਟ ਵੀਜ਼ਾ ਫ਼ੀਸ 70 ਪੌਂਡ ਹੋਵੇਗੀ। ਜਿਨ੍ਹਾਂ ਨਾਗਰਿਕਾਂ ਨੂੰ ਯੂਕੇ ਦੀ ਯਾਤਰਾ ਲਈ ਵੀਜ਼ੇ ਦੀ ਲੋੜ ਨਹੀਂ ਹੈ, ਉਨ੍ਹਾਂ ਲਈ ਲੋੜੀਂਦੀ ਇਲੈਕਟ੍ਰਾਨਿਕ ਟਰੈਵਲ ਆਥੇਰਾਈਜੇਸ਼ਨ ਫ਼ੀਸ 60 ਪ੍ਰਤੀਸ਼ਤ ਵਧ ਕੇ 16 ਪੌਂਡ ਹੋ ਜਾਵੇਗੀ।

**ਵੀਜ਼ਾ ਫ਼ੀਸਾਂ ਵਿੱਚ ਵਾਧੇ ਬਾਰੇ ਚਿੰਤਾ**

ਯੂ.ਕੇ. ਸਰਕਾਰ ਨੇ 2 ਅਪ੍ਰੈਲ, 2025 ਤੋਂ ਯੂਰਪੀਅਨ ਯੂਨੀਅਨ ਦੇ ਨਾਗਰਿਕਾਂ ਲਈ ਇਸ ਦੇ ਵਿਸਥਾਰ ਤੋਂ ਪਹਿਲਾਂ, ਜਨਵਰੀ ਵਿੱਚ ਹੀ ਇਸ ਬਦਲਾਅ ਦਾ ਸੰਕੇਤ ਦਿੱਤਾ ਸੀ। ਬ੍ਰਿਟਿਸ਼ ਐਜੂਕੇਸ਼ਨਲ ਟ੍ਰੈਵਲ ਐਸੋਸੀਏਸ਼ਨ (ਬੀਟਾ) ਦੀ ਕਾਰਜਕਾਰੀ ਨਿਰਦੇਸ਼ਕ ਐਮਾ ਇੰਗਲਿਸ਼ ਨੇ ਇਨ੍ਹਾਂ ਬਦਲਾਵਾਂ ਦੇ ਪ੍ਰਭਾਵ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਹਨ।

(ਬਾਕੀ ਸਫ਼ਾ 31 ’ਤੇ)

# ਅਮਰੀਕਾ ਸਰਕਾਰ ਨੇ ਵਪਾਰਕ ਭਰੋਸਿਆਂ ਨੂੰ ਵੱਡੀ ਢਾਹ ਲਾਈ: ਮਾਰਕ ਕਾਰਨੇ

ਵੈਨਕੂਵਰ/ਏ.ਟੀ.ਨਿਊਜ਼: ਅਮਰੀਕਨ ਰਾਸ਼ਟਰਪਤੀ ਵੱਲੋਂ ਵਿਦੇਸ਼ਾਂ ਦੇ ਬਣੇ ਟਰੱਕ ਤੇ ਕਾਰਾਂ ਦੀ ਅਮਰੀਕਾ ’ਚ ਅਯਾਤ ’ਤੇ 2 ਅਪ੍ਰੈਲ ਤੋਂ 25 ਫੀਸਦੀ ਟੈਕਸ ਲਾਉਣ ਦੇ ਐਲਾਨ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਅਮਰੀਕਾ ਸਰਕਾਰ ਨੇ ਵਪਾਰਕ ਭਰੋਸਿਆਂ ਨੂੰ ਵੱਡੀ ਢਾਹ ਲਾਈ ਹੈ, ਜਿਸਦੇ ਨਤੀਜੇ ਉਸਨੂੰ ਅਗਲੇ ਸਾਲਾਂ ਵਿੱਚ ਭੁਗਤਣੇ ਪੈਣਗੇ। ਵਾਹਨ ਟੈਕਸ ਦੇ ਐਲਾਨ ਨੇ ਕੈਨੇਡਾ ਫੈਡਰਲ ਚੋਣ ਮੁਹਿੰਮ ਨੂੰ ਵੀ ਝਟਕਾ ਦਿੱਤਾ ਹੈ ਅਤੇ ਵੱਡੀਆਂ ਪਾਰਟੀਆਂ ਦਾ ਧਿਆਨ ਆਗੂ ਲੋਕ ਲੁਭਾਊ ਵਾਅਦਿਆਂ ਤੋਂ ਪਾਸੇ ਹਟਕੇ ਟਰੰਪ ਟੈਰਿਫ ’ਤੇ ਕੇਂਦਰਤ ਹੋ ਗਿਆ ਹੈ।

ਕੈਨੇਡਾ ਅਮਰੀਕਾ ਸਬੰਧਾਂ ਬਾਰੇ ਕੈਬਨਿਟ ਕਮੇਟੀ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਾਰਨੇ ਨੇ ਕਿਹਾ ਕਿ ਟੈਰਿਫ



ਚੁਣੌਤੀਆਂ ਮੂਹਰੇ ਕੈਨੇਡਾ ਨੂੰ ਆਰਥਿਕਤਾ ’ਚ ਸਵੈ-ਸਮਰੱਥ ਹੋ ਕੇ ਚੱਟਾਨ ਵਾਂਗ ਖੜਨਾ ਸਮੇਂ ਦੀ ਲੋੜ ਬਣ ਗਿਆ ਹੈ ਅਤੇ ਕੈਨੇਡਾ ਦੇ ਲੋਕਾਂ ਦੀ ਏਕਤਾ ਇਹ ਸਭ ਕਰਕੇ ਵਿਖਾਏਗੀ।

ਟੋਰੀ ਆਗੂ ਪੀਅਰ ਪੋਲਵਿਰ ਵਲੋਂ ਅਮਰੀਕਾ ਨੂੰ ਦੋਸਤ ਕਹਿਣ ਤੋਂ ਭੜਕੇ ਮਾਰਕ ਕਾਰਨੇ ਨੇ ਟੈਰਿਫਾਂ ਦੇ ਹਵਾਲੇ ਨਾਲ ਵਿਰੋਧੀ ਆਗੂ ਨੂੰ ਸਵਾਲ ਕੀਤਾ ਕਿ ਦੋਸਤ ਨੂੰ ਢਾਹ ਲਾਉਣੀ ਕਿੱਥੋਂ ਦੀ ਦੋਸਤੀ ਹੈ? ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੀ ਦੋਸਤੀ ਤਾਂ ਹੁਣ ਬੀਤੇ ਦੀ ਗੱਲ ਬਣਕੇ ਰਹਿ ਗਈ ਹੈ।

(ਬਾਕੀ ਸਫ਼ਾ 30 ’ਤੇ)

# ਇਰਾਨ-ਅਮਰੀਕਾ ਵਿਚਾਲੇ ਵਧ ਸਕਦੈ ਤਣਾਅ

ਦੁਬਈ/ਏ.ਟੀ.ਨਿਊਜ਼ : ਅਮਰੀਕਾ ਤੇ ਇਰਾਨ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਪਰਮਾਣੂ ਸਮਝੌਤਾ ਨਾ ਕਰਨ ’ਤੇ ਟਰੰਪ ਇਰਾਨ ਨਾਲ ਨਾਰਾਜ਼ ਹੈ। ਉਸ ਨੇ ਸਿੱਧੀ ਧਮਕੀ ਦਿੱਤੀ ਹੈ ਕਿ ਜੇ ਇਰਾਨ ਨੇ ਸਾਡੇ ਨਾਲ ਨਵਾਂ ਪਰਮਾਣੂ ਸਮਝੌਤਾ ਨਹੀਂ ਕੀਤਾ ਤਾਂ ਉਹ ਅਜਿਹੇ ਬੰਬ ਧਮਾਕੇ ਕਰੇਗਾ ਜੋ ਇਰਾਨ ਨੇ ਪਹਿਲਾਂ ਕਦੇ ਨਹੀਂ ਦੇਖੇ ਹੋਣਗੇ। ਟਰੰਪ ਨੇ ਇਰਾਨ ’ਤੇ ਸੈਕੰਡਰੀ ਟੈਰਿਫ਼ ਲਗਾਉਣ ਦੀ ਧਮਕੀ ਵੀ ਦਿੱਤੀ ਹੈ।

**ਇਰਾਨ ਦੀਆਂ ਮਿਜ਼ਾਈਲਾਂ ਲਾਂਚ ਨੂੰ ਤਿਆਰ**

ਇਰਾਨ ਨੇ ਵੀ ਅਮਰੀਕਾ ਨੂੰ ਮੂੰਹਤੋੜ ਜਵਾਬ ਦੇਣ ਦੀ ਤਿਆਰੀ ਕਰ ਲਈ ਹੈ। ਜਾਣਕਾਰੀ ਅਨੁਸਾਰ ਇਰਾਨ ਦੀ ਫ਼ੌਜ ਨੇ ਆਪਣੀਆਂ ਮਿਜ਼ਾਈਲਾਂ ਨੂੰ ਲਾਂਚ-ਟੂ-ਲਾਂਚ ਮੋਡ ’ਤੇ ਤਾਇਨਾਤ ਕਰ ਦਿੱਤਾ ਹੈ। ਐਕਸ ਪੋਸਟ ’ਤੇ ਇਰਾਨ ਦੀ ਫ਼ੌਜ ਨੇ ਕਿਹਾ ਕਿ ਇਰਾਨੀ ਮਿਜ਼ਾਈਲਾਂ ਸਾਰੇ ਭੂਮੀਗਤ ਮਿਜ਼ਾਈਲ ਸ਼ਹਿਰਾਂ ਵਿੱਚ ਲਾਂਚਰਾਂ ’ਤੇ ਲੋਡ ਕੀਤੀਆਂ ਗਈਆਂ ਹਨ। ਉਹ ਲਾਂਚ ਕਰਨ ਲਈ ਤਿਆਰ ਹਨ। ਅਮਰੀਕਾ ਤੇ ਉਸ ਦੇ ਸਹਿਯੋਗੀਆਂ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

**ਟਰੰਪ ਭੜਕੇ ... ਕੀ ਕਰਨਗੇ ਬੰਬਾਰੀ?**

ਤਿਹਰਾਨ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ ਇਰਾਨ ਵਿੱਚ ਅੰਡਰਗ੍ਰਾਊਂਡ ਸ਼ਹਿਰਾਂ ਵਿੱਚ ਲਾਂਚ ਲਈ ਤਿਆਰ ਮਿਜ਼ਾਈਲਾਂ ਦੀ ਗਿਣਤੀ ਕਾਫ਼ੀ ਵੱਧ ਹੈ। ਹਾਲ ਹੀ ਵਿੱਚ ਇਰਾਨ ਨੇ ਆਪਣੇ ਅੰਡਰਗ੍ਰਾਊਂਡ ਮਿਜ਼ਾਈਲ ਸਿਟੀ ਦੀ ਇੱਕ ਵੀਡੀਓ ਵੀ ਜਾਰੀ ਕੀਤੀ ਸੀ। ਬੀਤੇ ਦਿਨੀਂ ਟਰੰਪ ਨੇ ਧਮਕੀ ਦਿੱਤੀ ਸੀ ਕਿ ਜੇ ਤਿਹਰਾਨ ਆਪਣੇ ਪਰਮਾਣੂ ਕਾਰਜਕ੍ਰਮ ਨੂੰ ਲੈ ਕੇ ਵਾਸ਼ਿੰਗਟਨ ਨਾਲ ਸਮਝੌਤਾ ਨਹੀਂ ਕਰਦਾ ਤਾਂ ਉਸ ’ਤੇ ਬੰਬਾਰੀ ਤੇ ਸੈਕੰਡਰੀ ਟੈਰਿਫ਼ ਲਗਾਏ ਜਾਣਗੇ।

**ਟੈਰਿਫ਼ ਲਗਾਉਣ ਦੀ ਵੀ ਧਮਕੀ**

ਇੱਕ ਇੰਟਰਵਿਊ ’ਚ ਟਰੰਪ ਨੇ ਇਹ ਸਮਝੌਤਾ ਨਾ ਕਰਨ ਦੀ ਧਮਕੀ ਦਿੱਤੀ ਸੀ ਕਿ ਬੰਬਾਰੀ ਹੋਵੇਗੀ। ਇਹ ਬੰਬ ਧਮਾਕਾ ਉਸ ਤਰ੍ਹਾਂ ਦਾ ਹੋਵੇਗਾ ਜੋ ਉਨ੍ਹਾਂ ਨੇ ਪਹਿਲਾਂ ਕਦੇ ਨਹੀਂ ਦੇਖਿਆ ਹੋਵੇਗਾ ਤੇ ਇੱਕ ਮੌਕਾ ਹੈ। ਜੇ ਇਰਾਨ ਕੋਈ ਸਮਝੌਤਾ ਨਹੀਂ ਕਰਦਾ ਹੈ ਤਾਂ ਮੈਂ ਉਸ ’ਤੇ ਸੈਕੰਡਰੀ ਟੈਰਿਫ਼ ਵੀ ਲਗਾਵਾਂਗਾ।

**ਇਰਾਨ ਲਈ ਚੰਗਾ ਨਹੀਂ ਹੋਵੇਗਾ : ਟਰੰਪ**

ਟਰੰਪ ਨੇ ਆਪਣੀ ਧਮਕੀ ’ਚ ਕਿਹਾ ਹੈ ਕਿ ਜੇ ਉਹ

(ਬਾਕੀ ਸਫ਼ਾ 30 ’ਤੇ)

# ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ ਕਰਾਉਣ ਲਈ ਜੱਦੋ-ਜਹਿਦ ਸ.ਫਲ ਕਿਉਂ ਨਹੀਂ ?

## ਦਸਤਾਰ ਤੇ ਸਿਰੀ ਸਾਹਿਬ ਕਾਰਨ ਇਟਲੀ ’ਚ ਸਥਾਨਕ ਪ੍ਰਸ਼ਾਸਨ ਦੀ ਬੇਰੁਖੀ ਦਾ ਸ਼ਿਕਾਰ ਕਿਉਂ ?

ਰੋਮ/ਏ.ਟੀ.ਨਿਊਜ਼: ਯੂਰਪ ਦਾ ਸਮਾਂ ਬੇਸ਼ੱਕ ਸਾਲ ਵਿੱਚ 2 ਵਾਰ ਬਦਲਦਾ ਹੈ ਤੇ ਇਟਲੀ ਵਿੱਚ ਸਮਾਂ ਬਦਲਣ ਦੀ ਪ੍ਰਕ੍ਰਿਆ ਨਾਲ ਸਰਕਾਰ ਨੂੰ ਲੱਖਾਂ ਯੂਰੋ ਦਾ ਫ਼ਾਇਦਾ ਵੀ ਹੁੰਦਾ ਹੈ ਪਰ ਅਫ਼ਸੋਸ ਇੱਥੇ ਰਹਿਣ ਬਸੇਰਾ ਕਰਦੀ ਸਿੱਖ ਸੰਗਤ ਦਾ ਸਮਾਂ ਆਖ਼ਿਰ ਕਿਉਂ ਨਹੀਂ ਬਦਲ ਰਿਹਾ। ਜਦੋਂ ਕਿ ਇੱਥੇ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਸਾਲ ਵਿੱਚ ਅਨੇਕਾਂ ਨਗਰ ਕੀਰਤਨ ਤੇ ਹੋਰ ਵਿਸ਼ਾਲ ਧਾਰਮਿਕ ਸਮਾਗਮ ਪੂਰੀ ਸ਼ਾਨੋ ਸ਼ੌਕਤ ਨਾਲ ਸਜਾਏ ਜਾਂਦੇ ਹਨ ਜਿਨ੍ਹਾਂ ’ਤੇ ਸੰਗਤ ਦੇ ਲੱਖਾਂ ਯੂਰੋ ਖਰਚ ਹੁੰਦੇ ਹਨ। ਫ਼ਿਰ ਆਖਰ ਉਹ ਕਿਹੜੇ ਕਾਰਨ ਹਨ ਜਿਹੜੇ ਕਿ ਮਹਾਨ ਸਿੱਖ ਧਰਮ ਨੂੰ ਇਟਲੀ ਵਿੱਚ ਰਜਿਸਟਰਡ ਨਹੀਂ ਹੋਣ ਦਿੰਦੇ? ਕਿਉਂ ਅੱਜ ਵੀ ਇਟਲੀ ਵਿੱਚ ਗੁਰੂ ਦਾ ਸਿੱਖ ਮਹਾਨ ਸਿੱਖ ਧਰਮ ਦੇ ਗੌਰਵਮਈ 5 ਕਕਾਰਾਂ ਖਾਸ ਕਰ ਦਸਤਾਰ ਤੇ ਸਿਰੀ



ਸਾਹਿਬ ਕਾਰਨ ਇਟਲੀ ਦੇ ਕਈ ਸੂਬਿਆਂ ਵਿੱਚ ਸਥਾਨਕ ਪ੍ਰਸ਼ਾਸਨ ਦੀ ਬੇਰੁਖੀ ਦਾ ਸ਼ਿਕਾਰ ਹੋ ਰਿਹਾ ਹੈ? ਜਦੋਂ ਕਿ ਯੂਰਪ ਵਿੱਚ ਸਿੱਖਾਂ ਦੀ ਗਿਣਤੀ ਯੂ.ਕੇ ਤੋਂ ਬਾਅਦ ਸਭ ਤੋਂ ਵੱਧ ਹੈ।

ਇਟਲੀ ਵਿੱਚ ਜਿੱਥੇ ਕਿ 70-80 ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਸਿੱਖ ਧਰਮ ਦੀ ਚੜ੍ਹਦੀ ਕਲਾ ਦੇ ਕਾਰਜਾਂ ਵਿੱਚ ਸਾਲ ਦੇ 12 ਮਹੀਨੇ ਹੀ ਰੁੱਝੀਆਂ ਰਹਿੰਦੀਆਂ ਹਨ। 70 ਦੇ ਦਹਾਕੇ ਵਿੱਚ ਇਟਲੀ ਆ ਕੇ ਸਿੱਖ ਸਮਾਜ ਦੇ ਲੋਕਾਂ ਨੇ ਆਪਣੇ ਧਰਮ ਨੂੰ ਇਟਲੀ ਵਿੱਚ ਸਥਾਪਿਤ ਕਰਨ ਲਈ ਝੰਡੇ ਗੱਡਣੇ ਸ਼ੁਰੂ ਕਰ ਦਿੱਤੇ ਸਨ ਤੇ ਹੌਲੀ-ਹੌਲੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ। ਇਟਲੀ ਦੇ ਸਿੱਖਾਂ ਰਲ-ਮਿਲ 2000 ਦੇ ਦਹਾਕੇ ਵਿੱਚ ਕੌਮੀ ਸਿੱਖ ਸੰਸਥਾ ਬਣਾਈ, ਜਿਸ ਨੇ ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ ਕਰਨ ਦਾ ਬੀੜਾ ਚੁੱਕਿਆ ਪਰ ਅਫ਼ਸੋਸ ਸਿੱਖ ਆਗੂਆਂ ਵੱਲੋਂ ਕਈ ਸਾਲਾਂ ਦੀ ਜੱਦੋ-ਜਹਿਦ ਤੇ ਸੰਗਤ ਦੇ ਹਜ਼ਾਰਾਂ ਯੂਰੋ ਪਾਣੀ ਵਾਂਗਰ ਵਕੀਲਾਂ ਮਗਰ ਵਹਾਉਣ ’ਤੇ ਵੀ ਸਿੱਖ ਧਰਮ ਨੂੰ ਇਟਲੀ ਵਿੱਚ ਰਜਿਸਟਰਡ ਕਰਵਾਉਣ ਦਾ ਕੇਸ ਇਸ ਤਰ੍ਹਾਂ ਦਰਬਾਰ ਤੋਂ ਬੇਰੰਗ ਮੋੜ ਦਿੱਤਾ ਜਿਵੇਂ ਇਟਲੀ ਵਿੱਚ ਸਿੱਖ,

(ਬਾਕੀ ਸਫ਼ਾ 30 ’ਤੇ)

# ਨਸ਼ੇ ਦੀਆਂ ਜੜ੍ਹਾਂ ਹੁਣ ਪੰਜਾਬ ਦੇ ਸਕੂਲਾਂ ’ਚ ਫ਼ੈਲੀਆਂ

## ਵ੍ਹਟਸਐਪ ’ਤੇ ਹੁੰਦੇ ਆਰਡਰ, ਐਨਰਜੀ ਡਰਿੰਕਸ ਕਾਰਨ ਹੁਣ ਈ-ਸਿਗਰੇਟ ਤੇ ਚਿੱਟੇ ਦੀ ਲਤ ਲੱਗੀ

### ਪਾਨ ਦੀਆਂ ਦੁਕਾਨਾਂ ’ਤੇ ਨਸ਼ਾ, ਮਿਲਕ ਬੂਥਾਂ ’ਤੇ ਐਨਰਜੀ ਡਰਿੰਕਸ ਉਪਲਬਧ

ਪੰਜਾਬ ਸਰਕਾਰ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਤੋੜਨ ਲਈ ਡਰੱਗਜ਼ ਸੈਂਸਜ ਕਰਨ ਜਾ ਰਹੀ ਹੈ, ਪਰ ਨਸ਼ੇ ਦੀ ਦੁਰਵਰਤੋਂ ਦੀਆਂ ਜੜ੍ਹਾਂ ਹੁਣ ਸਕੂਲਾਂ ਵਿੱਚ ਫ਼ੈਲ ਗਈਆਂ ਹਨ। ਸਕੂਲੀ ਬੱਚੇ ਵਟਸਐਪ ਗਰੁੱਪਾਂ ’ਤੇ ਈ-ਸਿਗਰੇਟ ਅਤੇ ਹੋਰ ਨਸ਼ੀਲੇ ਪਦਾਰਥ ਮੰਗਵਾ ਰਹੇ ਹਨ ਅਤੇ ਤਸਕਰ ਉਨ੍ਹਾਂ ਨੂੰ ਸਕੂਲ ਦੇ ਗੇਟਾਂ ’ਤੇ ਪਹੁੰਚਾ ਰਹੇ ਹਨ।



ਜਦੋਂ ਜਲੰਧਰ, ਲੁਧਿਆਣਾ, ਬਠਿੰਡਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਰਗੇ ਵੱਡੇ ਸ਼ਹਿਰਾਂ ਵਿੱਚ ਕਈ ਮਾਮਲਿਆਂ ਦੀ ਕੁਝ ਪੱਤਰਕਾਰਾਂ ਨੇ ਜਾਂਚ ਕੀਤੀ , ਤਾਂ ਇਹ ਗੱਲ ਸਾਹਮਣੇ ਆਈ ਕਿ ਬੱਚਿਆਂ ਦੀ ਲਤ ਆਸਾਨੀ ਨਾਲ ਉਪਲਬਧ ‘ਐਨਰਜੀ ਡਰਿੰਕਸ’ ਨਾਲ ਸ਼ੁਰੂ ਹੋਈ ਸੀ। ਹੌਲੀ-ਹੌਲੀ ਇਹ ਨਸ਼ਾ ਇੰਨਾ ਵੱਧ ਗਿਆ ਕਿ ਇਹ ਬੱਚੇ ਚਿੱਟਾ (ਹੈਰੋਇਨ) ਤੱਕ ਪਹੁੰਚ ਗਏ। 7 ਮਾਰਚ ਨੂੰ, ਟਿੱਬਾ ਰੋਡ ਦਾ ਰਹਿਣ ਵਾਲਾ ਇੱਕ ਅੱਠ ਸਾਲਾ ਬੱਚਾ, ਜੋ ਕਿ ਚਿੱਟਾ ਪੀਣ ਦਾ ਆਦੀ ਸੀ, ਨੂੰ ਲੁਧਿਆਣਾ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਵਿੱਚ ਲਿਆਂਦਾ ਗਿਆ। ਉਸਨੂੰ ਆਪਣੇ ਦੋਸਤਾਂ ਤੋਂ ਇਸਦੀ ਲਤ ਲੱਗੀ ਅਤੇ ਉਹ ਘਰ ਵਿੱਚ ਚੋਰੀਆਂ ਕਰਨ ਲੱਗ ਪਿਆ। ਜਦੋਂ ਉਸਨੂੰ ਹਸਪਤਾਲ ਲਿਆਂਦਾ ਗਿਆ ਤਾਂ ਪਤਾ ਲੱਗਾ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਨਸ਼ੇ ਲੈ ਰਿਹਾ ਸੀ। ਇਸੇ ਤਰ੍ਹਾਂ, ਸ਼ਿਮਲਾਪੁਰੀ ਵਿੱਚ, ਇੱਕ 12 ਸਾਲ ਦੀ ਕੁੜੀ ਆਪਣੇ ਇੱਕ ਜਾਣਕਾਰ ਦੇ ਸੰਪਰਕ ਵਿੱਚ ਆਈ ਅਤੇ ਆਪਣੇ ਆਪ ਨੂੰ ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣ ਲੱਗ ਪਈ। ਤਲਵੰਡੀ ਸਾਬੋ ਦੇ ਇੱਕ ਵਿਦਿਆਰਥੀ, ਜੋ ਬਠਿੰਡਾ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਇਲਾਜ ਕਰਵਾ ਰਿਹਾ ਹੈ, ਨੇ ਕਿਹਾ ਕਿ ਆਪਣੇ ਦੋਸਤਾਂ ਨੂੰ ਦੇਖਣ ਤੋਂ ਬਾਅਦ, ਉਸਨੇ ਆਪਣੇ ਸਕੂਲ ਦੇ ਨੇੜੇ ਇੱਕ ਦੁਕਾਨ ਤੋਂ ਐਨਰਜੀ ਡਰਿੰਕ ਪੀਣੇ ਸ਼ੁਰੂ ਕਰ ਦਿੱਤੇ। ਜਦੋਂ ਮੈਨੂੰ ਇੱਕ ਵੱਖਰੀ ਕਿਸਮ ਦਾ ਨਸ਼ਾ ਮਹਿਸੂਸ ਹੋਇਆ, ਤਾਂ ਇਹ ਇੱਕ ਆਦਤ ਬਣ ਗਈ। ਕੁਝ ਮਹੀਨਿਆਂ ਬਾਅਦ, ਪਿੰਡ ਦੇ ਇੱਕ ਨੌਜਵਾਨ ਨੇ ਉਸਨੂੰ ਨਸ਼ੀਲੀਆਂ ਦਵਾਈਆਂ ਦਿੱਤੀਆਂ। ਫ਼ਿਰ ਇਹ ਸਿਲਸਿਲਾ ਚਿੱਟਾ ਤੱਕ ਪਹੁੰਚ ਗਿਆ। ਗੁਰਦਾਸਪੁਰ ਦੇ ਇੱਕ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ 21 ਸਾਲਾ ਨੌਜਵਾਨ ਨੇ ਕਿਹਾ ਕਿ ਉਸਦੀ ਪ੍ਰੇਮਿਕਾ ਦੇ ਛੱਡਣ ਤੋਂ ਬਾਅਦ ਉਸਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਹੌਲੀ-ਹੌਲੀ ਇਹ ਨਸ਼ਾ ਇੰਨਾ ਵੱਧ ਗਿਆ ਕਿ ਉਹ ਹੈਰੋਇਨ ਦਾ ਆਦੀ ਹੋ ਗਿਆ। ਜਦੋਂ ਉਸਦੇ ਪੈਸੇ ਖਤਮ ਹੋਣ ਲੱਗੇ, ਤਾਂ ਉਸਨੇ ਖੁਦ ਨਸ਼ੇ ਵੇਚਣੇ ਸ਼ੁਰੂ ਕਰ ਦਿੱਤੇ।

(ਬਾਕੀ ਸਫ਼ਾ 31 ’ਤੇ)

### ਪੰਜਾਬ ਸਰਕਾਰ ਨੇ ਸੂਬੇ ਦੇ ਸਕੂਲਾਂ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾਈ

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਹਰ ਵਰਗ ਦੇ ਲੋਕਾਂ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਛੋਟੀ ਉਮਰ ਵਿੱਚ ਵਧੇਰੇ ਬੱਚੇ ਐਨਰਜੀ ਡਰਿੰਕ ਪੀਣ ਦੇ ਆਦਿ ਹੋ ਜਾਂਦੇ ਹਨ, ਜੋ ਕਿ ਸਿਹਤ ਲਈ ਵਧੇਰੇ ਹਾਨੀਕਾਰਕ ਹੈ। ਐਨਰਜੀ ਡਰਿੰਕਸ ਵਿੱਚ ਕੈਫ਼ੀਨ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਇਸ ਲਈ ਸਕੂਲਾਂ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ ’ਤੇ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਫ਼ੈਸਲਾ ਸਿਹਤ ਵਿਭਾਗ ਵੱਲੋਂ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਲਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਇਹ ਫ਼ੈਸਲਾ ਪੰਜਾਬ ਦੇ ਸਾਰੇ ਸਕੂਲ ਵੀ ਲਾਗੂ ਹੋਵੇਗਾ।

### ਕੀ ਕਹਿੰਦੀ ਹੈ ਕੈਨੇਡਾ ਦੀ ਹੈਲਥ ਰਿਪੋਰਟ ?

ਕੈਨੇਡਾ ਦੇ ਓਂਟਾਰੀਓ ਵਿੱਚ ਵਾਟਰਲੂ ਯੂਨੀਵਰਸਿਟੀ ਵਿੱਚ ਕੀਤੀ ਗਈ ਰਿਸਰਚ ਵਿੱਚ ਕਿਹਾ ਗਿਆ ਹੈ ਕਿ 16 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਅਜਿਹੇ ਡਰਿੰਕਸ ਪੀਣ ਦੀ ਮਨਾਹੀ ਕੀਤੀ ਜਾਣੀ ਚਾਹੀਦੀ ਹੈ।

ਹਾਲ ਹੀ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਵੇਖਿਆ ਗਿਆ ਕਿ 12 ਤੋਂ 24 ਸਾਲ ਦੇ 55 ਫ਼ੀਸਦੀ ਨੌਜਵਾਨਾਂ ਨੂੰ ਐਨਰਜੀ ਡਰਿੰਕਸ ਪੀਣ ਤੋਂ ਬਾਅਦ ਸਿਹਤ ਸਬੰਧੀ ਗੰਭੀਰ ਪ੍ਰਭਾਵਾਂ ’ਚੋਂ ਲੰਘਣਾ ਪਿਆ। ਇਨ੍ਹਾਂ ਵਿੱਚ ਹਾਰਟ ਰੇਟ ਤੇਜ਼ ਹੋਣ ਦੇ ਨਾਲ ਹੀ ਦਿਲ ਦਾ ਦੌਰਾ ਵੀ ਸ਼ਾਮਲ ਹੈ। ਰਿਸਰਚਰਾਂ ਨੇ 2 ਹਜ਼ਾਰ ਤੋਂ ਵੱਧ ਨੌਜਵਾਨਾਂ ਤੋਂ ਪੁੱਛਿਆ ਕਿ ਉਹ ਰੈੱਡ ਬੁੱਲ੍ਹ ਜਾਂ ਮੋਨਸਟਰ ਜਿਹੇ ਐਨਰਜੀ ਡਰਿੰਕਸ ਨੂੰ ਕਿੰਨਾ ਵੱਧ ਪੀਂਦੇ ਹਨ। ਰਿਸਰਚਰਾਂ ਦਾ ਕਹਿਣਾ ਹੈ ਕਿ ਹੋਰ ਕੈਫ਼ੀਨ ਪੀਣ ਵਾਲੇ ਪਦਾਰਥਾਂ ਦੇ ਮੁਕਾਬਲੇ ਜਿਸ ਤਰ੍ਹਾਂ ਐਨਰਜੀ ਡਰਿੰਕਸ ਦੀ ਵਰਤੋਂ ਕੀਤੀ ਜਾ ਰਹੀ ਹੈ, ਉਸਨੂੰ ਵੇਖਦਿਆਂ ਐਨਰਜੀ ਡਰਿੰਕਸ ਵੱਧ ਖਤਰਨਾਕ ਹੋ ਸਕਦੇ ਹਨ। ਸੋਧ ਵਿੱਚ ਸਾਹਮਣੇ ਆਇਆ ਹੈ ਜਿਨ੍ਹਾਂ ਲੋਕਾਂ ਨੇ ਐਨਰਜੀ ਡਰਿੰਕਸ ਪੀਤੀ ਸੀ,ਉਨ੍ਹਾਂ ਵਿਚੋਂ 24.7 ਫ਼ੀਸਦੀ ਲੋਕਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਦਿਲ ਦੀ ਧੜਕਣ ਤੇਜ਼ ਹੋ ਗਈ ਹੈ। ਉਥੇ 24.1 ਫ਼ੀਸਦੀ ਲੋਕਾਂ ਨੇ ਕਿਹਾ ਕਿ ਇਸਨੂੰ ਪੀਣ ਤੋਂ ਬਾਅਦ ਉਨ੍ਹਾਂ ਨੂੰ ਨੀਂਦ ਨਹੀਂ ਆ ਰਹੀ ਸੀ। ਇਸ ਤੋਂ ਇਲਾਵਾ 18.3 ਫ਼ੀਸਦੀ ਲੋਕਾਂ ਨੇ ਸਿਰਦਰਦ, 5.1 ਫ਼ੀਸਦੀ ਦਿਲ ਘਬਰਾਉਣ, ਉਲਟੀ ਜਾਂ ਦਸਤ ਤੇ 3.6 ਫ਼ੀਸਦੀ ਲੋਕਾਂ ਨੇ ਛਾਤੀ ਵਿੱਚ ਦਰਦ ਮਹਿਸੂਸ ਕੀਤਾ। ਭਾਵੇਂ ਰਿਸਰਚਰਾਂ ਦੀ ਚਿੰਤਾ ਦਾ ਕਾਰਨ ਇਹ ਸੀ ਕਿ ਇਨ੍ਹਾਂ ਨੌਜਵਾਨਾਂ ਨੇ ਇਕ ਜਾਂ ਦੋ ਐਨਰਜੀ ਡਰਿੰਕਸ ਹੀ ਪੀਤੇ ਸਨ। ਫ਼ਿਰ ਵੀ ਉਨ੍ਹਾਂ ਨੂੰ ਅਜਿਹੇ ਮਾੜੇ ਪ੍ਰਭਾਵ ਮਹਿਸੂਸ ਹੋ ਰਹੇ ਸਨ। ਅਧਿਐਨ ਦੇ ਬਾਰੇ ਪ੍ਰੋ. ਡੈਵਿਡ ਹੈਮੋਂਡ ਦਾ ਕਹਿਣਾ ਹੈ ਕਿ ਫ਼ਿਲਹਾਲ ਐਨਰਜੀ ਡਰਿੰਕਸ ਖਰੀਦਣ ਵਾਲੇ ਬੱਚਿਆਂ ’ਤੇ ਕੋਈ ਰੋਕ ਨਹੀਂ ਹੈ। ਕਰਿਆਨੇ ਦੀਆਂ ਦੁਕਾਨਾਂ ਵਿੱਚ ਵਿੱਕਰੀ ਦੇ ਨਾਲ ਹੀ ਬੱਚਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਇਸਦੇ ਇਸ਼ਤਿਹਾਰ ਬਣਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੋਧ ਦੇ ਨਤੀਜੇ ਦੱਸਦੇ ਹਨ ਕਿ ਇਨ੍ਹਾਂ ਉਤਪਾਦਾਂ ਦੇ ਸਿਹਤ ਪ੍ਰਭਾਵਾਂ ਦੀ ਨਿਗਰਾਨੀ ਵਧਾਉਣ ਦੀ ਲੋੜ ਹੈ।

### ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ

ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh

Insurance Specialist, CA --LIC: #0822501

Phone : (510) 441-7490

(877) 441-7490

FAX : (510) 441-2537

ADDRESS : 30042 MISSION BLVD

SUITE #221, HAYWARD, CA 94544

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ * Living Trust
* ਫੈਮਲੀ ਪਟੀਸ਼ਨ * Legal Documents

The Attorney has 25 years of experience in your favor for all legal services

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us

CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM

POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road

Sacramento CA, 95828

Email: capitaldrugtest@gmail.com

Website: www.capitaldrugtest.com





## ਕਹਿੰਦੇ ਇੱਕ ਮੁਲਕ ਸੁਣੀਂਦਾ, ਪਾਣੀਆਂ ਦੇ ਓਹਲੇ ਆ...

# 'ਕੁਦਰਤੀ ਸੁੰਦਰਤਾ' ਨਾਲ ਭਰਪੂਰ ਦੇਸ਼ ਹੈ ਆਸਟ੍ਰੇਲੀਆ

### ਛਲਾਂਗਾਂ ਮਾਰਦੇ ਕੰਗਾਰੂ, ਘੁੰਮਦੀਆਂ ਡਾਲਫ਼ਿਨਾਂ ਵਾਲੇ ਸਮੁੰਦਰੀ ਸੰਸਾਰ, ਗ਼ੁਲਾਬੀ ਝੀਲਾਂ ਅਤੇ ਬਰਫ਼ੀਲੇ ਪਹਾੜ ਲੈਂਦੇ ਨੇ ਸੈਲਾਨੀਆਂ ਨੂੰ ਮੋਹ

### ਅਮਰੀਕਾ ਅਤੇ ਕੈਨੇਡਾ ਦੇ ਸਖ਼ਤ ਕਾਨੂੰਨਾਂ ਕਾਰਨ ਆਸਟ੍ਰੇਲੀਆ ਬਣਿਆ ਸੈਲਾਨੀਆਂ ਤੇ ਵਿਦਿਆਰਥੀਆਂ ਦੀ ਪਹਿਲੀ ਪਸੰਦ

ਜਗਮੋਹਨ ਸਿੰਘ ਲੱਕੀ

ਕੁਝ ਸਮਾਂ ਪਹਿਲਾਂ ਕੈਨੇਡਾ ਅਤੇ ਅਮਰੀਕਾ ਪੰਜਾਬੀਆਂ ਦੀ ਸੁਪਨਨਗਰੀ ਹੁੰਦੇ ਸਨ ਪਰ ਅਮਰੀਕਾ ਵਿੱਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅੰਤਰਰਾਸ਼ਟਰੀ ਪਰਵਾਸ 'ਤੇ ਲਗਾਈਆਂ ਗਈਆਂ ਪਾਬੰਦੀਆਂ, ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦਿੱਤੇ ਗਏ ਦੇਸ਼ ਨਿਕਾਲੇ ਅਤੇ ਕੈਨੇਡਾ ਵੱਲੋਂ ਸਖ਼ਤ ਕੀਤੇ ਗਏ ਪਰਵਾਸ ਨਿਯਮਾਂ ਕਾਰਨ ਹੁਣ 'ਆਸਟ੍ਰੇਲੀਆ' ਪੰਜਾਬੀਆਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਹੁਣ ਵੱਡੀ ਗਿਣਤੀ ਲੋਕ ਅਮਰੀਕਾ ਅਤੇ ਕੈਨੇਡਾ ਜਾਣ ਦੀ ਥਾਂ ਆਸਟ੍ਰੇਲੀਆ ਜਾਣ ਨੂੰ ਤਰਜੀਹ ਦੇ ਰਹੇ ਹਨ, ਭਾਂਵੇਂ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਸਟ੍ਰੇਲੀਆ ਵੱਲੋਂ ਵੀ ਆਪਣੇ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਵੱਖ- ਵੱਖ ਮੁਲਕਾਂ ਦੇ ਲੋਕਾਂ ਵਿੱਚ ਆਸਟ੍ਰੇਲੀਆ ਜਾਣ ਦਾ ਰੁਝਾਨ ਵੱਧ ਰਿਹਾ ਹੈ। ਆਸਟ੍ਰੇਲੀਆ ਪ੍ਰਸ਼ਾਂਤ ਅਤੇ ਹਿੰਦ ਮਹਾਂਸਾਗਰਾਂ ਦੇ ਵਿਚਕਾਰ ਸਥਿਤ ਇੱਕ ਮਹਾਂਦੀਪੀ ਦੇਸ਼ ਹੈ। ਇਹ ਟਾਪੂ ਨੁਮਾ ਦੇਸ਼ ਲਗਭਗ 8 ਮਿਲੀਅਨ ਵਰਗ ਕਿਲੋਮੀਟਰ ਦੇ ਕੁੱਲ ਖੇਤਰ ਦੇ ਨਾਲ ਵਿਸ਼ਵ ਪੱਧਰ 'ਤੇ ਛੇਵਾਂ ਸਭ ਤੋਂ ਵੱਡਾ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹੈ, ਜਿਸ ਦੇ ਕੁਦਰਤੀ ਸੁਹੱਪਣ ਦੇ ਚਰਚੇ ਦੂਰ ਦੂਰ ਤੱਕ ਹੁੰਦੇ ਹਨ।

ਆਸਟ੍ਰੇਲੀਆ ਦੀ ਕੁਦਰਤੀ ਸੁੰਦਰਤਾ ਵਿਦੇਸ਼ੀ ਸੈਲਾਨੀਆਂ ਦੇ ਨਾਲ- ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੀ ਆਕ੍ਰਸ਼ਿਤ ਕਰਦੀ ਹੈ। ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਾਈ ਕਰਨ ਦੇ ਬਹਾਨੇ ਆਸਟ੍ਰੇਲੀਆ ਦੀ ਕੁਦਰਤੀ ਸੁੰਦਰਤਾ ਦਾ ਆਨੰਦ ਮਾਨਣ ਲਈ ਵੱਖ-ਵੱਖ ਦੇਸ਼ਾਂ ਤੋਂ ਆਸਟ੍ਰੇਲੀਆ ਆਉਂਦੇ ਹਨ। ਆਸਟ੍ਰੇਲੀਆ ਵਿੱਚ ਅਜਿਹੇ ਕੁਦਰਤੀ ਸੋਮੇ ਅਤੇ ਦ੍ਰਿਸ਼ ਹਨ, ਜਿਨ੍ਹਾਂ ਨੂੰ ਵੇਖ ਕੇ ਵਿਦਿਆਰਥੀਆਂ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ ਅਤੇ ਸਖ਼ਤ ਪੜ੍ਹਾਈ ਕਾਰਨ ਥੱਕੇ ਵਿਦਿਆਰਥੀ ਆਸਟ੍ਰੇਲੀਆ ਦੀ ਕੁਦਰਤੀ ਸੁੰਦਰਤਾ ਵੇਖ ਕੇ ਮੁੜ ਤਰੋ ਤਾਜ਼ਾ ਹੋ ਜਾਂਦੇ ਹਨ। ਅਸਲ ਵਿੱਚ ਕੈਨੇਡਾ ਅਤੇ ਅਮਰੀਕਾ ਤੋਂ ਬਾਅਦ ਆਸਟ੍ਰੇਲੀਆ ਭਾਰਤੀ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ ਅਤੇ ਹਰ ਸਾਲ ਵੱਡੀ ਗਿਣਤੀ ਵਿਦਿਆਰਥੀ ਭਾਰਤ ਤੋਂ ਆਸਟ੍ਰੇਲੀਆ ਜਾ ਰਹੇ ਹਨ।





**ਆਸਟ੍ਰੇਲੀਆ ਦੇ ਘੁੰਮਣਯੋਗ ਸਥਾਨ**

ਕੰਗਾਰੂਆਂ, ਘੁੰਮਦੀਆਂ ਡਾਲਫ਼ਿਨਾਂ ਵਾਲੇ ਸਮੁੰਦਰੀ ਸੰਸਾਰ ਅਤੇ ਸਭ ਤੋਂ ਵੱਧ ਪਛਾਣੇ ਜਾਣ ਵਾਲੇ ਓਪੇਰਾ ਹਾਊਸ ਕਾਰਨ ਆਸਟ੍ਰੇਲੀਆ ਦੀ ਆਪਣੀ ਵੱਖਰੀ ਹੀ ਸ਼ਾਨ ਹੈ। ਆਸਟ੍ਰੇਲੀਆ ਦੇ ਬਰਫ਼ੀਲੇ ਪਹਾੜ, ਡੈਨਟਰੀ ਨੈਸ਼ਨਲ ਪਾਰਕ, ਦ ਰੌਕਸ, ਗ੍ਰੇਟ ਓਸ਼ਨ ਰੋਡ, ਫ਼ਰੇਜ਼ਰ ਟਾਪੂ, ਤਸਮਾਨੀਆ ਦਾ ਪੁਰਾਣੀ ਅਤੇ ਨਵੀਂ ਕਲਾ ਦਾ ਅਜਾਇਬ ਘਰ, ਆਇਰਸ ਰੌਕ, ਕਾਰਲਟਨ ਗਾਰਡਨ, ਹਾਰਬਰ ਬ੍ਰਿਜ, ਸਿਡਨੀ ਵਿੱਚ ਆਧੁਨਿਕ ਕਲਾ ਦਾ ਹੈਡ ਮਿਊਜ਼ੀਅਮ ਘੁੰਮਣਯੋਗ ਥਾਂਵਾਂ ਹਨ। ਆਸਟ੍ਰੇਲੀਆ ਵਿੱਚ ਬਹੁਤ ਸਾਰੇ ਘੁੰਮਣਯੋਗ ਸਥਾਨ ਹਨ, ਜਿਥੇ ਕਿ ਹਰ ਸਾਲ ਵੱਡੀ ਗਿਣਤੀ ਸੈਲਾਨੀ ਦੁਨੀਆਂ ਭਰ ਤੋਂ ਪਹੁੰਚਦੇ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ ਦੀਆਂ ਗੁਲਾਬੀ ਝੀਲਾਂ ਵੀ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹਨ। ਇਹਨਾਂ ਝੀਲਾਂ ਦਾ ਗੁਲਾਬੀ ਰੰਗ ਦਾ ਪਾਣੀ ਸੈਲਾਨੀਆਂ ਨੂੰ ਖਿੱਚ ਪਾਉਂਦਾ ਰਹਿੰਦਾ ਹੈ। ਆਸਟ੍ਰੇਲੀਆ ਵਿਖੇ ਵਾਲਮਨ ਫ਼ਾਲਸ, ਮਿਸ਼ੇਲ ਫ਼ਾਲਸ, ਈਬੋਰ ਫ਼ਾਲਸ, ਮੈਕੇਂਜੀ ਫ਼ਾਲਸ, ਜਿਮ ਜਿਮ ਫ਼ਾਲਸ, ਮਿਲਿਆ ਮਿਲਿਆ ਫ਼ਾਲ, ਫ਼ਿਟਜ਼ਰੋਏ ਫ਼ਾਲਸ, ਐਲਨਬਰੋ ਫ਼ਾਲਸ, ਮੋਰੀਅਲਟਾ ਫ਼ਾਲਸ, ਰਸਲ ਫ਼ਾਲਸ, ਦੱਖਣੀ ਰੌਕਹੋਲ, ਕ੍ਰਿਸਟਲ ਸ਼ਾਵਰ ਵਾਟਰਫ਼ਾਲ, ਬੀਚੈਂਪ ਫ਼ਾਲਸ ਵਰਗੇ ਅਨੇਕਾਂ ਹੀ ਸੁੰਦਰ ਕੁਦਰਤੀ ਝਰਨੇ ਹਨ, ਜੋ ਕਿ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ।





**ਪੜ੍ਹਾਈ ਤੇ ਕੰਮ ਦੇ ਨਾਲ ਸੈਰ ਸਪਾਟਾ ਵੀ ਜ਼ਰੂਰੀ**

ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਵੀ ਆਪਣੀ ਪੜ੍ਹਾਈ ਵਿਚੋਂ ਸਮਾਂ ਕੱਢਕੇ ਵੱਖ- ਵੱਖ ਸੈਲਾਨੀ ਥਾਂਵਾਂ 'ਤੇ ਘੁੰਮ ਕੇ ਆਪਣੇ ਗਿਆਨ ਵਿੱਚ ਵਾਧਾ ਕਰਦੇ ਹਨ। ਅਨੇਕਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਪੜ੍ਹਾਈ ਅਤੇ ਕੰਮ ਦੇ ਬੋਝ ਨੂੰ ਘੱਟ ਕਰਨ ਲਈ ਅਤੇ ਮੁੜ ਤਰੋ-ਤਾਜ਼ਾ ਹੋਣ ਲਈ ਅਕਸਰ ਉਹ ਆਸਟ੍ਰੇਲੀਆ ਦੇ ਸੈਲਾਨੀ ਕੇਂਦਰਾਂ 'ਤੇ ਘੁੰਮਣ ਚਲੇ ਜਾਂਦੇ ਹਨ ਭਾਵੇਂਕਿ ਪੜ੍ਹਾਈ ਅਤੇ ਕੰਮ ਦੇ ਬੋਝ ਕਾਰਨ ਉਹਨਾਂ ਨੂੰ ਘੁੰਮਣ ਦਾ ਸਮਾਂ ਘੱਟ ਹੀ ਮਿਲਦਾ ਹੈ ਫ਼ਿਰ ਵੀ ਅਨੇਕਾਂ ਵਿਦਿਆਰਥੀ ਘੁੰਮਣ ਦਾ ਸ਼ੌਂਕ ਕਿਸੇ ਨਾ ਕਿਸੇ ਤਰੀਕੇ ਨਾਲ ਪੂਰਾ ਕਰ ਹੀ ਲੈਂਦੇ ਹਨ। ਦੁਨੀਆਂ ਦੇ ਵੱਖ- ਵੱਖ ਦੇਸ਼ਾਂ ਤੋਂ ਆਸਟ੍ਰੇਲੀਆ ਆ ਕੇ ਪੜਾਈ ਕਰ ਰਹੇ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ ਨਾਲ ਸਖਤ ਮਿਹਨਤ ਕਰਕੇ ਆਪਣੀਆਂ ਫ਼ੀਸਾਂ ਦਾ ਪ੍ਰਬੰਧ ਕਰਦੇ ਹਨ।

**ਪਰਵਾਸੀਆਂ ਦੀ ਵਧਦੀ ਗਿਣਤੀ ਤੋਂ ਮੂਲ ਵਸਨੀਕ ਚਿੰਤਤ**

ਜਿਸ ਤਰ੍ਹਾਂ ਅਮਰੀਕਾ ਤੇ ਕੈਨੇਡਾ ਦੇ ਮੂਲ ਵਸਨੀਕ ਉਹਨਾਂ ਦੇਸ਼ਾਂ ਵਿੱਚ ਪਰਵਾਸੀ ਲੋਕਾਂ ਦੀ ਵਧ ਰਹੀ ਗਿਣਤੀ ਤੋਂ ਪ੍ਰੇਸ਼ਾਨ ਹਨ, ਉਸੇ ਤਰ੍ਹਾਂ ਹੁਣ ਆਸਟ੍ਰੇਲੀਆ ਦੇ ਮੂਲ ਵਸਨੀਕ ਵੀ ਆਸਟ੍ਰੇਲੀਆ ਵਿੱਚ ਪਰਵਾਸੀ ਲੋਕਾਂ ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਤੋਂ ਚਿੰਤਤ ਹਨ।

(ਬਾਕੀ ਸਫ਼ਾ 31 'ਤੇ)

## ਆਸਟ੍ਰੇਲੀਆ 'ਚ 'ਪੰਜਾਬੀ ਭਾਸ਼ਾ' ਨੂੰ ਮਿਲੀ ਹੋਈ ਹੈ ਕਾਨੂੰਨੀ ਮਾਨਤਾ

### 2021 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਆਸਟ੍ਰੇਲੀਆ 'ਚ 2,39,000 ਲੋਕ ਘਰਾਂ 'ਚ ਬੋਲਦੇ ਹਨ ਪੰਜਾਬੀ



ਭਾਸ਼ਾ ਦਾ ਵਧਦਾ ਪ੍ਰਭਾਵ ਵਗਦੀਆਂ ਹਵਾਵਾਂ ਅਤੇ ਉੱਡਦੇ ਪੰਛੀਆਂ ਵਾਂਗ ਹੈ, ਜਿਸਨੂੰ ਰੋਕਣਾ ਨਾ ਸਿਰਫ਼ ਸਮਾਜ ਲਈ ਸਗੋਂ ਸਰਕਾਰ ਲਈ ਵੀ ਮੁਸ਼ਕਿਲ ਹੈ।

ਪੰਜਾਬੀ ਭਾਸ਼ਾ ਨੂੰ ਆਸਟ੍ਰੇਲੀਆਈ ਸਰਕਾਰ ਅਧਿਕਾਰਤ ਮਾਨਤਾ ਦੇ ਚੁੱਕੀ ਹੈ। ਇਸਨੂੰ ਆਸਟ੍ਰੇਲੀਆ ਦੇ ਸਕੂਲਾਂ ਦੇ ਪਾਠਕ੍ਰਮ ਵਿੱਚ ਵੀ ਸ਼ਾਮਲ ਕੀਤਾ ਹੈ। ਇਸਨੂੰ ਇਸ ਲਈ ਜੋੜਨਾ ਪਿਆ ਕਿਉਂਕਿ ਉੱਥੇ ਪੰਜਾਬੀ ਭਾਸ਼ਾ ਤੇਜ਼ੀ ਨਾਲ ਵਧ ਰਹੀ ਹੈ। ਪੰਜਾਬੀ ਭਾਸ਼ਾ ਆਸਟ੍ਰੇਲੀਆ ਦੀ 13ਵੀਂ ਆਮ ਭਾਸ਼ਾ ਬਣ ਗਈ ਹੈ। ਉੱਥੇ ਪੰਜਾਬੀ ਬੋਲਣ ਅਤੇ ਲਿਖਣ ਵਾਲੇ ਲੋਕਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। 2021 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਆਸਟ੍ਰੇਲੀਆ ਵਿੱਚ 2,39,000 ਲੋਕ ਘਰਾਂ ਵਿੱਚ ਪੰਜਾਬੀ ਬੋਲਦੇ ਹਨ। ਪਿਛਲੇ ਦਹਾਕੇ ਵਿੱਚ 80 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਪੰਜਾਬੀ ਭਾਸ਼ਾ ਨੇ ਆਪਣਾ ਵਧਦਾ ਪ੍ਰਭਾਵ ਇਸ ਹੱਦ ਤੱਕ ਮਹਿਸੂਸ ਕਰਵਾਇਆ ਹੈ ਕਿ ਉੱਥੋਂ ਦੀ ਸਰਕਾਰ ਨੂੰ ਆਪਣੇ ਸਕੂਲੀ ਪਾਠਕ੍ਰਮ ਵਿੱਚ ਪਹਿਲਾਂ ਤੋਂ ਨਿਰਧਾਰਤ ਵਿਸ਼ਿਆਂ ਵਿੱਚ ਪੰਜਾਬੀ ਨੂੰ ਸ਼ਾਮਲ ਕਰਨ ਲਈ ਮਜਬੂਰ ਹੋਣਾ ਪਿਆ। ਜੇਕਰ ਅਸੀਂ 2011 ਅਤੇ 2021 ਦੀ ਮਰਦਮਸ਼ੁਮਾਰੀ ਦੀ ਤੁਲਨਾ ਕਰੀਏ, ਤਾਂ ਆਸਟ੍ਰੇਲੀਆ ਵਿੱਚ ਸਿੱਖਾਂ ਦੀ ਆਬਾਦੀ ਹੁਣ ਦੁੱਗਣੀ ਹੋ ਗਈ ਹੈ। ਵਿਕਟੋਰੀਆ, ਨਿਊ ਸਾਊਥ ਵੇਲਜ਼ ਅਤੇ ਕੁਈਨਜ਼ਲੈਂਡ ਉਹ ਸੂਬੇ ਹਨ ਜਿੱਥੇ ਪੰਜਾਬੀ ਬਹੁਗਿਣਤੀ ਵਿੱਚ ਹਨ। ਇਸ ਤੋਂ ਇਲਾਵਾ, ਪੂਰੇ ਆਸਟ੍ਰੇਲੀਆ ਵਿੱਚ ਲਗਭਗ ਦਸ ਪ੍ਰਤੀਸ਼ਤ ਆਬਾਦੀ ਇਨ੍ਹਾਂ ਨਾਲ ਸਜੀ ਹੋਈ ਹੈ।

## ਦਰਪਣ ਝੂਠ ਨਹੀਂ ਬੋਲਦਾ

# ਭਾਜਪਾ ਨਵੇਂ ਬਣ ਰਹੇ ਅਕਾਲੀ ਦਲ ਨਾਲ ਕਰ ਸਕਦੀ ਹੈ ਸਮਝੌਤਾ

### ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਾਲ 2025 'ਚ ਹੀ ਕਰਵਾ ਸਕਦੀ ਹੈ ਭਾਜਪਾ

### ਕੀ ਭਾਜਪਾ ਬੰਦੀ ਸਿੱਖ ਛੱਡੇਗੀ ਤੇ ਕਿਸਾਨੀ ਮੰਗਾਂ ਮੰਨੇਗੀ ?

ਬੀ.ਜੇ.ਪੀ. ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਪੰਜਾਬ ਜਿੱਤਣ' ਵੱਲ ਪੂਰਾ ਧਿਆਨ ਦੇ ਰਹੀ ਹੈ। ਇਸ ਲਈ ਉਹ ਅਕਾਲੀ ਦਲ ਦੇ ਇੱਕ ਧੜੇ ਨਾਲ ਸਮਝੌਤਾ ਜ਼ਰੂਰ ਕਰੇਗੀ। ਜਿਸ ਤਰ੍ਹਾਂ ਦੀ ਸਥਿਤੀ ਹੈ ਉਸ ਤੋਂ ਜਾਪਦਾ ਹੈ ਕਿ ਭਾਜਪਾ ਵੱਲੋਂ ਇਹ ਸਮਝੌਤਾ 5 ਮੈਂਬਰੀ ਕਮੇਟੀ ਵੱਲੋਂ ਕੀਤੀ ਭਰਤੀ ਉਪਰੰਤ ਬਣਨ ਵਾਲੇ ਸੰਭਾਵਿਤ ਅਕਾਲੀ ਦਲ ਨਾਲ ਹੀ ਕੀਤਾ ਜਾਵੇਗਾ। ਭਰਤੀ ਕਮੇਟੀ ਦੇ ਬਹੁਗਿਣਤੀ ਮੈਂਬਰ ਇਹੀ ਚਾਹੁੰਦੇ ਹਨ ਕਿ ਅਕਾਲੀ ਦਲ ਦਾ ਭਾਜਪਾ ਨਾਲ ਸਮਝੌਤਾ ਹੋਵੇ ਤਾਂ ਜੋ ਸੱਤਾ ਹਾਸਲ ਕੀਤੀ ਜਾ ਸਕੇ। ਸੱਚਾਈ ਇਹ ਵੀ ਹੈ ਕਿ ਭਰਤੀ ਕਮੇਟੀ ਨੂੰ ਲੋਕਾਂ ਵੱਲੋਂ ਚੰਗਾ ਸਹਿਯੋਗ ਮਿਲ ਰਿਹਾ ਹੈ ਪਰ ਭਾਜਪਾ ਨਾਲ ਸਮਝੌਤਾ ਕਰਨਾ ਨਵੇਂ ਅਕਾਲੀ ਦਲ ਲਈ ਸੌਖਾ ਨਹੀਂ ਹੋਵੇਗਾ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੂੰ ਬੰਦੀ ਸਿੱਖ ਛੱਡਣੇ



ਪੈਣਗੇ, ਕਿਸਾਨੀ ਤੇ ਪੰਜਾਬ ਦੀਆਂ ਮੰਗਾਂ ਮੰਨਣੀਆਂ ਪੈਣਗੀਆਂ। ਹਾਲੇ ਤੱਕ ਭਾਜਪਾ ਜਨਤਕ ਤੌਰ ਉੱਪਰ ਇਹੀ ਬਿਆਨ ਦੇ ਰਹੀ ਹੈ ਕਿ ਭਾਜਪਾ ਪੰਜਾਬ ਵਿੱਚ ਕਿਸੇ ਨਾਲ ਸਮਝੌਤਾ ਨਹੀਂ ਕਰੇਗੀ।

ਪਰ ਅੰਦਰੂਨੀ ਜਾਣਕਾਰੀ ਅਨੁਸਾਰ ਭਾਜਪਾ ਚਾਹੁੰਦੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 2025 ਦੇ ਵਿੱਚ-ਵਿੱਚ ਹੀ ਕਰਵਾ ਲਈਆਂ ਜਾਣ, ਕਿਉਂਕਿ ਇਹ ਸਭ ਨੂੰ ਪਤਾ ਹੈ ਕਿ ਸਿੱਖਾਂ ਵਿੱਚ ਮੁੱਖ ਤੌਰ 'ਤੇ ਉਹ ਅਕਾਲੀ ਦਲ ਹੀ ਪ੍ਰਭਾਵਿਤ ਹੁੰਦਾ ਹੈ ਜਿਹੜਾ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਜਿੱਤ ਹਾਸਲ ਕਰ ਲਵੇ। ਅਜਿਹਾ ਪਹਿਲਾਂ ਮਾਸਟਰ ਤਾਰਾ ਸਿੰਘ, ਸੰਤ ਫ਼ਤਹਿ ਸਿੰਘ, ਸੁਰਜੀਤ ਸਿੰਘ ਬਰਨਾਲਾ ਤੇ ਪ੍ਰਕਾਸ਼ ਸਿੰਘ ਬਾਦਲ ਤੇ ਜਥੇ. ਗੁਰਚਰਨ ਸਿੰਘ ਟੌਹੜਾ ਧੜਿਆਂ ਦੀ ਲੜਾਈ ਵੇਲੇ ਵੀ ਹੋਇਆ ਹੈ। ਸੋ, ਭਾਜਪਾ ਚਾਹੇਗੀ ਕਿ ਉਸ ਧਿਰ ਨਾਲ ਹੀ ਸਮਝੌਤਾ ਕਰੇ ਜਿਹੜੀ ਧਿਰ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਸਿੱਖ ਵਿਸ਼ਵਾਸ ਜਿੱਤ ਸਕੇ।

ਸਾਡੀ ਜਾਣਕਾਰੀ ਅਨੁਸਾਰ 5 ਮੈਂਬਰੀ ਕਮੇਟੀ ਇਸ ਵੇਲੇ ਸਾਰੀਆਂ ਬਾਦਲ ਵਿਰੋਧੀ ਧਿਰਾਂ ਨੂੰ ਇਕੱਠਾ ਕਰਕੇ ਬਾਦਲ ਦਲ ਦੇ ਇੱਕ ਉਮੀਦਵਾਰ ਦੇ ਮੁਕਾਬਲੇ ਇੱਕ ਉਮੀਦਵਾਰ ਉਤਾਰਨ ਅਤੇ ਲੜਾਈ ਨੂੰ 'ਬਾਦਲ ਪਰਿਵਾਰ ਬਨਾਮ ਸਮੁੱਚਾ ਪੰਥ' ਬਣਾਉਣ ਦੀ ਕੋਸ਼ਿਸ਼ ਵਿੱਚ ਹੈ। ਪਰ ਇਸ ਮਾਮਲੇ ਵਿੱਚ ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਅੰਮ੍ਰਿਤਸਰ ਦੀ ਹਮਾਇਤ ਮਿਲਣੀ ਕਾਫ਼ੀ ਔਖੀ ਜਾਪਦੀ ਹੈ।

ਜਦੋਂ ਕਿ ਅਕਾਲੀ ਦਲ ਬਾਦਲ ਵੀ ਸੁਚੇਤ ਹੈ ਤੇ ਇਸ ਵਾਰ ਉਹ ਵੀ ਇਕੱਲਾ ਚੋਣ ਮੈਦਾਨ ਵਿੱਚ ਉੱਤਰਨ ਦੀ ਬਜਾਏ 2 ਜਾਂ 3 ਪੰਥਕ ਕਹੇ ਜਾਂਦੇ ਧੜਿਆਂ ਨਾਲ ਮਿਲ ਕੇ ਚੋਣ ਮੈਦਾਨ ਵਿੱਚ ਉੱਤਰਨ ਬਾਰੇ ਸੋਚ ਰਿਹਾ ਹੈ ਤਾਂ ਕਿ ਬਾਦਲ ਪਰਿਵਾਰ ਬਨਾਮ ਪੰਥ ਨਹੀਂ ਸਗੋਂ 'ਪੰਥ ਬਨਾਮ ਬਾਗ਼ੀ' ਦਾ ਬਿਰਤਾਂਤ ਸਿਰਜਿਆ ਜਾ ਸਕੇ। ਉਂਝ ਭਾਵੇਂ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਤਿਆਰੀ ਕਰ ਰਹੀ ਜਾਪਦੀ ਹੈ ਪਰ ਇਹ ਦੇਸ਼ ਦੇ ਹਾਲਾਤ 'ਤੇ ਵੀ ਨਿਰਭਰ ਕਰੇਗਾ ਅਤੇ ਇਸ ਬਾਰੇ ਪੰਜਾਬ ਦੀ 'ਆਪ' ਸਰਕਾਰ ਕੀ ਰਵੱਈਆ ਅਪਣਾਉਂਦੀ ਹੈ ? ਇਹ ਵੀ ਦੇਖਣਯੋਗ ਹੋਵੇਗਾ।

# ਫ਼ੈਂਟਾਨਿਲ ਤਸਕਰੀ: ਚੀਨ ਤੋਂ ਬਾਅਦ ਅਮਰੀਕਾ ਨੇ ਭਾਰਤ 'ਤੇ ਕਿਉਂ ਲਗਾਇਆ ਵੱਡਾ ਦੋਸ਼ ?

### ਟਰੰਪ ਵੱਲੋਂ ਭਾਰਤ ਲਈ ਕੂਟਨੀਤਕ ਅਤੇ ਆਰਥਿਕ ਚੁਣੌਤੀਆਂ ਪੈਦਾ ਕਰਨ ਦੀ ਸੰਭਾਵਨਾ



ਅਮਰੀਕਾ ਨੇ ਭਾਰਤ ਅਤੇ ਚੀਨ ਦੀਆਂ ਸਰਕਾਰਾਂ 'ਤੇ ਫ਼ੈਂਟਾਨਿਲ ਦੀ ਗ਼ੈਰ-ਕਾਨੂੰਨੀ ਤਸਕਰੀ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਹੈ।

ਇਹ ਇੱਕ ਘਾਤਕ ਦਵਾਈ ਹੈ ਜਿਸ ਕਾਰਨ ਨਵੰਬਰ 2023 ਅਤੇ ਅਕਤੂਬਰ 2024 ਦੇ ਵਿਚਕਾਰ 52,000 ਤੋਂ ਵੱਧ ਅਮਰੀਕੀਆਂ ਦੀ ਮੌਤ ਹੋ ਚੁੱਕੀ ਹੈ। ਅਮਰੀਕਾ ਦਾ ਕਹਿਣਾ ਹੈ ਕਿ ਭਾਰਤ ਇਸ ਪੂਰੇ ਮਾਮਲੇ ਵਿੱਚ ਇੱਕ ਸਟੇਟ ਐਕਟਰ ਵਜੋਂ ਕੰਮ ਕਰ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਭਾਰਤ ਸਰਕਾਰ ਵੀ ਇਸ ਵਿੱਚ ਸ਼ਾਮਲ ਹੈ। ਅਮਰੀਕਾ ਨੇ ਇਸ ਲਈ ਚੀਨ ਅਤੇ ਭਾਰਤ ਦੋਵਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਅਮਰੀਕਾ ਦਾ ਦੋਸ਼ ਹੈ ਕਿ ਭਾਰਤ ਅਤੇ ਚੀਨ ਦੀਆਂ ਸਰਕਾਰਾਂ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਫ਼ੈਂਟਾਨਿਲ ਬਣਾਉਣ ਲਈ ਲੋੜੀਂਦੇ ਸਾਰੇ ਰਸਾਇਣਾਂ ਦੀ ਤਸਕਰੀ ਵਿੱਚ ਸ਼ਾਮਲ ਹਨ। ਇਹ ਧਿਆਨ ਦੇਣ ਯੋਗ ਹੈ ਕਿ ਫ਼ੈਂਟਾਨਿਲ ਨੂੰ ਅਮਰੀਕਾ ਵਿੱਚ ਤਸਕਰੀ ਕੀਤੀ ਜਾਣ ਵਾਲੀ ਸਭ ਤੋਂ ਖਤਰਨਾਕ ਦਵਾਈ ਮੰਨਿਆ ਜਾਂਦਾ ਹੈ। ਫ਼ੈਂਟਾਨਿਲ ਇੱਕ ਸਿੰਥੈਟਿਕ ਦਵਾਈ ਹੈ ਜੋ ਰਸਾਇਣਾਂ ਦੇ ਸੁਮੇਲ ਤੋਂ ਬਣਾਈ ਜਾਂਦੀ ਹੈ।

### ਭਾਰਤ ਸਰਕਾਰ ਨੇ ਕੀਤਾ ਖ਼ੁਲਾਸਾ

# ਵਿਦੇਸ਼ੀ ਜੇਲ੍ਹਾਂ 'ਚ 10 ਹਜ਼ਾਰ ਤੋਂ ਵੱਧ ਭਾਰਤੀ ਬੰਦ

### ਕੈਨੇਡਾ ਵਿਖੇ ਕੌਮਾਂਤਰੀ ਵਿਦਿਆਰਥੀਆਂ ਤੋਂ 20 ਫ਼ੀਸਦੀ ਘੱਟ ਤਨਖ਼ਾਹ 'ਤੇ ਕਰਵਾਇਆ ਜਾ ਰਿਹੈ ਕੰਮ

ਅਮਰੀਕਾ ਸਰਕਾਰ ਵੱਲੋਂ ਉੱਥੇ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ ਭਾਰਤੀਆਂ ਨੂੰ ਦੇਸ਼ ਨਿਕਾਲ਼ਾ ਦੇਣ ਤੋਂ ਬਾਅਦ ਪ੍ਰਵਾਸ ਨਾਲ ਸੰਬੰਧਿਤ ਕਈ ਸਾਰੀਆਂ ਰਿਪੋਰਟਾਂ ਸਾਹਮਣੇ ਆਉਣ ਲੱਗੀਆਂ ਹਨ। ਕੈਨੇਡਾ ਦੀ ਡਾਟਾ ਏਜੰਸੀ ਦੀ ਤਾਜ਼ਾ ਰਿਪੋਰਟ ਅਨੁਸਾਰ ਉੱਥੇ ਗਿਆ ਹਰ 5ਵਾਂ ਨਵਾਂ ਪ੍ਰਵਾਸੀ ਗ਼ਰੀਬੀ ਨਾਲ ਜੂਝ ਰਿਹਾ ਹੈ। ਇਕ ਹੋਰ ਰਿਪੋਰਟ ਅਨੁਸਾਰ ਸੰਸਾਰ ਦੇ 86 ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ ਵਿੱਚ 10 ਹਜ਼ਾਰ ਤੋਂ ਵੱਧ ਭਾਰਤੀ ਬੰਦ ਹਨ। ਕੈਨੇਡਾ ਦੀ ਡਾਟਾ ਏਜੰਸੀ ਨੇ ਤਾਂ ਇਹ ਵੀ ਦਾਅਵਾ ਕੀਤਾ ਹੈ ਕਿ ਉੱਥੇ ਪੜ੍ਹਨ ਗਏ ਕੌਮਾਂਤਰੀ ਵਿਦਿਆਰਥੀਆਂ ਨੂੰ ਉਥੋਂ ਦੇ ਵਸਨੀਕਾਂ ਨਾਲੋਂ 20 ਫ਼ੀਸਦੀ ਘੱਟ ਤਨਖਾਹ 'ਤੇ ਕੰਮ ਕਰਵਾਇਆ ਜਾ ਰਿਹਾ ਹੈ।



ਰਿਪੋਰਟ ਵਿੱਚ ਜਿਨ੍ਹਾਂ ਗ਼ਰੀਬ ਪ੍ਰਵਾਸੀਆਂ ਦੀ ਗੱਲ ਕੀਤੀ ਗਈ ਹੈ, ਉਨ੍ਹਾਂ ਕੋਲ ਖਾਣ ਤੇ ਪਹਿਨਣ ਲਈ ਨਾਕਾਫ਼ੀ ਸਾਧਨ ਹਨ। ਉਨ੍ਹਾਂ ਨੂੰ ਆਪਣੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਸਮਝੌਤਾ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਨੂੰ ਹੇਠਲੇ ਮੱਧ ਵਰਗ ਤੋਂ ਵੀ ਹੇਠਾਂ ਰੱਖਿਆ ਗਿਆ ਹੈ। ਕਿਹਾ ਗਿਆ ਹੈ ਕਿ ਇਹ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੀ ਰਕਮ ਦੇ ਮੁਕਾਬਲੇ 40 ਫ਼ੀਸਦੀ ਘੱਟ ਨਾਲ ਗੁਜ਼ਾਰਾ ਕਰ ਰਹੇ ਹਨ। ਜੇ ਇੱਕ ਪਰਿਵਾਰ ਨੂੰ ਹਰ ਮਹੀਨੇ ਗੁਜ਼ਾਰਾ ਕਰਨ ਲਈ 2000 ਡਾਲਰ ਚਾਹੀਦੇ ਹਨ ਤਾਂ ਉਨ੍ਹਾਂ ਨੂੰ 1200 ਡਾਲਰ ਨਾਲ ਹੀ ਘਰ ਚਲਾਉਣਾ ਪੈ ਰਿਹਾ ਹੈ। ਉੱਥੇ ਰਹਿੰਦੇ ਗਰੈਜੂਏਟ ਕੌਮਾਂਤਰੀ ਵਿਦਿਆਰਥੀਆਂ ਨੂੰ 2020 ਨਾਲੋਂ ਵੀ ਘੱਟ ਤਨਖ਼ਾਹ ਦਿੱਤੀ ਜਾਣ ਲੱਗੀ ਹੈ। ਇਸ ਦੀ ਮਾਰ ਹੇਠ ਸਭ ਤੋਂ ਵੱਧ 2023 ਦੇ ਗ੍ਰੈਜੂਏਟ ਆਏ ਹਨ। ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਦੇ ਵਿਦਿਆਰਥੀਆਂ ਨਾਲੋਂ 20 ਫ਼ੀਸਦੀ ਘੱਟ ਤਨਖ਼ਾਹ ਮਿਲ ਰਹੀ ਹੈ।

# ਭਾਰਤ ਦੇ ਲੋਕਤੰਤਰ 'ਤੇ ਕਰੋੜਪਤੀਆਂ ਦਾ ਕਬਜ਼ਾ

### 2004 ਤੋਂ 2024 ਤੱਕ ਕਰੋੜਪਤੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ

### ਪਾਰਟੀਆਂ ਸਿਰਫ਼ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਨੇ

ਭਾਰਤ ਦੇ ਲੋਕਤੰਤਰ 'ਤੇ ਕਰੋੜਪਤੀਆਂ ਨੇ ਕਬਜ਼ਾ ਕਰ ਲਿਆ ਹੈ। ਐਸੋਸੀਏਸ਼ਨ ਫ਼ਾਰ ਡੈਮੋਕਰੇਟਿਕ ਰਿਫ਼ਾਰਮਜ਼ (ਏ. ਡੀ. ਆਰ.) ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਮੁਤਾਬਕ 2024 ਵਿੱਚ ਬਣੀ 543 ਮੈਂਬਰੀ ਲੋਕ ਸਭਾ 'ਚ ਕਰੋੜਪਤੀ ਮੈਂਬਰਾਂ ਦੀ ਗਿਣਤੀ 504 ਹੈ, ਜੋ ਕਿ ਕਰੀਬ 93 ਫ਼ੀਸਦੀ ਬਣਦੀ ਹੈ। ਏ. ਡੀ. ਆਰ. ਮੁਤਾਬਕ 2002 ਵਿੱਚ ਕਰੋੜਪਤੀ ਮੈਂਬਰਾਂ ਦੀ ਗਿਣਤੀ 153 ਸੀ, 2009 ਵਿੱਚ 300 ਪਾਰ ਕਰ ਗਈ ਤੇ 2014 ਵਿੱਚ 443 ਹੋ ਗਈ। 2019 ਵਿੱਚ ਇਹ ਗਿਣਤੀ ਵਧ ਕੇ 479 ਹੋ ਗਈ ਸੀ ਤੇ ਹੁਣ 504 ਹੋ ਗਈ ਹੈ, ਯਾਨੀ ਕਿ 92.08 ਫ਼ੀਸਦੀ ਮੈਂਬਰ ਕਰੋੜਪਤੀ ਹਨ।

ਜਦੋਂ ਤੋਂ ਲੋਕ ਸਭਾ ਮੈਂਬਰਾਂ ਲਈ ਆਪਣੀ ਸੰਪਤੀ ਦੇ ਵੇਰਵੇ ਦੱਸਣੇ ਲਾਜ਼ਮੀ ਕੀਤੇ ਗਏ ਹਨ, ਉਦੋਂ ਤੋਂ ਕਰੋੜਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਮੈਂਬਰਾਂ ਨੂੰ ਆਪਣੀ ਸੰਪਤੀ ਦਾ ਬਾਜ਼ਾਰੀ ਭਾਅ ਦੱਸਣਾ ਪੈਂਦਾ ਹੈ। 2004 ਤੋਂ 2024 ਤੱਕ ਕਰੋੜਪਤੀ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇਸ ਵਾਧੇ ਤੋਂ ਇਹੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਹੁਣ ਪਾਰਟੀਆਂ ਸਿਰਫ਼ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਹਨ। ਜਿਹੜਾ ਕਰੋੜਪਤੀ ਨਹੀਂ, ਉਹ ਚੋਣ ਮੈਦਾਨ ਵਿੱਚ ਉੱਤਰਨ ਦਾ ਹੌਸਲਾ ਨਹੀਂ ਕਰੇਗਾ। ਇਸ ਤਰ੍ਹਾਂ ਅਜਿਹੇ ਮੈਂਬਰ ਆਪਣੇ



ਕਾਰਜਕਾਲ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਧਿਆਨ ਦੇਣ ਦੀ ਥਾਂ ਖੁਦ ਦੀ ਆਰਥਕ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਬਹੁਤਾ ਸਮਾਂ ਬਿਤਾਉਂਦੇ ਹਨ।

ਪੈਸੇ ਵਾਲਿਆਂ ਦੇ ਹੀ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਮੈਂਬਰ ਬਣਨ ਦਾ ਹੀ ਨਤੀਜਾ ਹੈ ਕਿ ਸਦਨਾਂ ਵਿੱਚ ਨਿੱਜੀ ਕਰਨ ਦੀਆਂ ਨੀਤੀਆਂ ਧੜਾਧੜ ਪਾਸ ਹੋ ਰਹੀਆਂ ਹਨ। ਮਨਰੇਗਾ ਵਰਗੇ ਜਿਹੜੇ ਪ੍ਰੋਗਰਾਮ ਗਰੀਬਾਂ ਦਾ ਕੁਝ ਢਿੱਡ ਭਰਦੇ ਹਨ, ਉਨ੍ਹਾਂ ਦੇ ਫ਼ੰਡਾਂ ਵਿੱਚ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰੀ ਸਿੱਖਿਆ ਲਈ ਘੱਟ ਫ਼ੰਡ ਰੱਖੇ ਜਾ ਰਹੇ ਹਨ, ਤਾਂ ਕਿ ਗਰੀਬਾਂ ਦੇ ਬੱਚੇ ਮਜ਼ਦੂਰੀ ਕਰਨ ਜੋਗੇ ਹੀ ਰਹਿਣ। ਵੋਟਰਾਂ ਨੂੰ ਇਹ ਸੋਚਣਾ ਪੈਣਾ ਹੈ ਕਿ ਚੋਣਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਸਾਂਸਦ ਤੇ ਵਿਧਾਇਕ ਬਣਨ ਵਾਲੇ ਉਨ੍ਹਾਂ ਦੇ ਖ਼ੈਰ-ਖਵਾਹ ਨਹੀਂ। ਅਜਿਹੇ ਲੋਕਾਂ ਦਾ ਮਕਸਦ ਸਿਰਫ਼ ਆਪਣੀ ਦੌਲਤ ਵਧਾਉਣਾ ਹੀ ਹੈ। ਵੋਟਰਾਂ ਨੇ ਸਮਝਦਾਰੀ ਨਾ ਦਿਖਾਈ ਤਾਂ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਉਨ੍ਹਾਂ ਦੇ ਹੱਕ ਵਿੱਚ ਬੋਲਣ ਵਾਲਾ ਕੋਈ ਨਹੀਂ ਰਹਿਣਾ ਅਤੇ ਮੁਫ਼ਤ ਦੀਆਂ ਸਕੀਮਾਂ ਵੀ ਜਾਂਦੀਆਂ ਲੱਗਣੀਆਂ ਹਨ।

# ਭਾਰਤ 'ਚ ਵੱਡੀ ਸਨਅਤ ਬਣੇ ਵਿਆਹ ਸਮਾਗਮ



## ਵਿਸ਼ਵ ਪੱਧਰ 'ਤੇ ਇੱਕ ਵਿਲੱਖਣ ਪਛਾਣ ਮਿਲੀ ਹੈ ਭਾਰਤੀ ਵਿਆਹਾਂ ਨੂੰ

## ਪੜ੍ਹਾਈ ਨਾਲੋਂ ਵਿਆਹਾਂ 'ਤੇ ਕਈ ਗੁਣਾ ਵੱਧ ਖ਼ਰਚ ਕਰਦੇ ਹਨ ਭਾਰਤੀ



ਭਾਰਤੀ ਵਿਆਹ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਧਾਰਮਿਕ ਪਰੰਪਰਾਵਾਂ ਨਾਲ ਜੁੜੇ ਹੋਏ ਹਨ। ਇਤਿਹਾਸਕ ਤੌਰ 'ਤੇ, ਭਾਰਤ ਵਿੱਚ ਵਿਆਹਾਂ ਦਾ ਡੂੰਘਾ ਅਧਿਆਤਮਿਕ ਅਤੇ ਪਰਿਵਾਰਕ ਮਹੱਤਵ ਰਿਹਾ ਹੈ। ਮੁੱਖ ਰਸਮਾਂ – ਭਾਵੇਂ ਇਹ ਹਿੰਦੂ ਵਿਆਹਾਂ ਵਿੱਚ ਸੱਤ ਫੇਰੇ ਹੋਣ, ਮੁਸਲਿਮ ਵਿਆਹਾਂ ਵਿੱਚ ਨਿਕਾਹ ਹੋਵੇ ਜਾਂ ਸਿੱਖ ਵਿਆਹਾਂ ਵਿੱਚ ਆਨੰਦ ਕਾਰਜ – ਪੀੜ੍ਹੀਆਂ ਤੋਂ ਚਲੀਆਂ ਆ ਰਹੀਆਂ ਹਨ। ਇਹ ਪਰੰਪਰਾਵਾਂ ਅੱਜ ਵੀ ਆਧੁਨਿਕ ਸਮੇਂ ਦੇ ਵਿਆਹਾਂ ਵਿੱਚ ਇੱਕ ਮਜ਼ਬੂਤ ਸਥਾਨ ਰੱਖਦੀਆਂ ਹਨ।

ਭਾਰਤ ਵਿੱਚ ਵਿਆਹ ਇੱਕ ਵੱਡੀ ਸਨਅਤ ਬਣ ਚੁੱਕੇ ਹਨ। ਜਿਵੇਂ-ਜਿਵੇਂ ਭਾਰਤੀ ਪ੍ਰਵਾਸੀ ਭਾਈਚਾਰਾ ਦੁਨੀਆਂ ਭਰ ਵਿੱਚ ਵਧਿਆ ਹੈ, ਭਾਰਤੀ ਵਿਆਹ ਉਦਯੋਗ ਦੇਸ਼ ਦੀਆਂ ਸਰਹੱਦਾਂ ਤੋਂ ਬਹੁਤ ਦੂਰ ਫੈਲ ਗਿਆ ਹੈ।

ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਵਿਆਹ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਹਰ ਸਾਲ 80 ਲੱਖ ਤੋਂ 1 ਕਰੋੜ ਵਿਆਹ ਹੁੰਦੇ ਹਨ। ਇਸ ਦੇ ਮੁਕਾਬਲੇ, ਚੀਨ ਵਿੱਚ 7-8 ਮਿਲੀਅਨ ਵਿਆਹ ਅਤੇ ਅਮਰੀਕਾ ਵਿੱਚ 2-2.5 ਮਿਲੀਅਨ ਵਿਆਹ ਹੁੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਇੱਕ ਔਸਤ ਭਾਰਤੀ ਸਿੱਖਿਆ (ਗ੍ਰੈਜੂਏਸ਼ਨ ਤੱਕ) ਨਾਲੋਂ ਵਿਆਹ ਸਮਾਰੋਹਾਂ 'ਤੇ ਦੁੱਗਣਾ ਖਰਚ ਕਰਦਾ ਹੈ। ਜਦੋਂ ਕਿ ਅਮਰੀਕਾ ਵਰਗੇ ਦੇਸ਼ਾਂ ਵਿੱਚ ਇਹ ਖਰਚ ਸਿੱਖਿਆ 'ਤੇ ਹੋਣ ਵਾਲੇ ਖਰਚ ਦੇ ਅੱਧੇ ਤੋਂ ਵੀ ਘੱਟ ਹੈ।

ਬ੍ਰੋਕਰੇਜ ਫਰਮ ਜੈਫਰੀਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤੀ ਵਿਆਹ ਉਦਯੋਗ ਦਾ ਆਕਾਰ ਲਗਭਗ 10 ਲੱਖ ਕਰੋੜ ਰੁਪਏ ਹੈ, ਜੋ ਕਿ ਅਮਰੀਕੀ ਵਿਆਹ ਉਦਯੋਗ ਨਾਲੋਂ ਲਗਭਗ ਦੁੱਗਣਾ ਹੈ। ਅਮਰੀਕਾ ਵਿੱਚ ਵਿਆਹ ਉਦਯੋਗ ਦਾ ਆਕਾਰ 5.84 ਲੱਖ ਕਰੋੜ ਰੁਪਏ (70 ਬਿਲੀਅਨ ਡਾਲਰ) ਹੈ, ਜਦੋਂ ਕਿ ਚੀਨ ਵਿੱਚ ਇਹ 14.2 ਲੱਖ ਕਰੋੜ ਰੁਪਏ (170 ਬਿਲੀਅਨ ਡਾਲਰ) ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਵਿਆਹ ਕਈ ਦਿਨਾਂ ਤੱਕ ਚੱਲਦੇ ਹਨ ਅਤੇ ਖੇਤਰ, ਧਰਮ ਅਤੇ ਆਰਥਿਕ ਪਿਛੋਕੜ ਇਨ੍ਹਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਪੰਜਾਬ ਵਿੱਚ ਵੀ ਵਿਆਹ ਸਨਅਤ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਵੱਡੀ ਗਿਣਤੀ ਪੰਜਾਬੀ ਵੱਖ- ਵੱਖ ਮੁਲਕਾਂ ਵਿੱਚ ਰਹਿੰਦੇ ਹਨ, ਜੋ ਕਿ ਪੰਜਾਬ ਆ ਕੇ ਆਪਣੇ ਬੱਚਿਆਂ, ਭੈਣ-ਭਰਾਵਾਂ ਦੇ ਵਿਆਹਾਂ ਮੌਕੇ ਸ਼ਾਹੀ ਖਰਚਾ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਹਰ ਵਰਗ ਦੇ ਲੋਕਾਂ ਵੱਲੋਂ ਆਪਣੇ ਬੱਚਿਆਂ ਦੇ ਵਿਆਹਾਂ ਮੌਕੇ ਖੁੱਲ੍ਹਾ ਖ਼ਰਚ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਤਾਂ ਵਿਆਹਾਂ ਦੇ ਵੀ ਕਈ-ਕਈ ਸਮਾਗਮ ਹੋਣ ਲੱਗ ਪਏ ਹਨ। ਐਨ.ਆਰ.ਆਈ ਪੰਜਾਬੀ ਆਪਣੇ ਬੱਚਿਆਂ ਦੇ ਵਿਆਹ ਪਹਿਲਾਂ ਪੰਜਾਬ ਵਿੱਚ ਕਰਦੇ ਹਨ, ਫਿਰ ਵਿਦੇਸ਼ ਵਿੱਚ ਵਾਪਸ ਜਾ ਕੇ ਉਹ ਉਸੇ ਵਿਆਹ ਦੀਆਂ ਪਾਰਟੀਆਂ ਕਰਦੇ ਹਨ। ਇਸ ਤਰ੍ਹਾਂ ਇਹ ਵਿਆਹ ਸਮਾਗਮ ਬਹੁਤ ਖ਼ਰਚੀਲੇ ਹੋ ਗਏ ਹਨ।**

### ਵਧ ਰਹੇ ਬਜਟ ਦਾ ਸਫ਼ਰ

1990 ਤੱਕ 2 ਤੋਂ 2.5 ਲੱਖ ਰੁਪਏ
2000 ਤੱਕ 3 ਤੋਂ 5 ਲੱਖ ਰੁਪਏ
2010 ਤੋਂ ਬਾਅਦ 10 ਤੋਂ 15 ਲੱਖ ਰੁਪਏ
2015 ਤੱਕ 25 ਤੋਂ 30 ਲੱਖ ਰੁਪਏ
2022 ਤੋਂ ਬਾਅਦ 50 ਲੱਖ ਤੋਂ 1 ਕਰੋੜ ਰੁਪਏ

ਉਂਝ ਜੇ ਕਿਸੇ ਨੇ ਸਿਰਫ਼ ਆਮ ਜਿਹਾ ਹੀ ਵਿਆਹ ਸਮਾਗਮ ਜਾਂ ਪਾਰਟੀ ਕਰਨੀ ਹੋਵੇ ਤਾਂ ਉਸ ਦਾ ਵੀ ਢਾਈ ਤਿੰਨ ਲੱਖ ਰੁਪਏ ਖਰਚਾ ਆ ਜਾਂਦਾ ਹੈ।







ਭਾਰਤ ਵਿੱਚ ਇੱਕ ਵਿਆਹ ਦੀ ਔਸਤ ਲਾਗਤ 12.50 ਲੱਖ ਰੁਪਏ (15,000 ਡਾਲਰ) ਹੈ, ਜੋ ਕਿ ਪ੍ਰਤੀ ਵਿਅਕਤੀ ਜਾਂ ਘਰੇਲੂ ਆਮਦਨ ਤੋਂ ਕਈ ਗੁਣਾ ਜ਼ਿਆਦਾ ਹੈ। ਵਿਆਹ ਦੇ ਕੁੱਲ ਖਰਚੇ ਵਿੱਚੋਂ ਅੱਧੇ ਤੋਂ ਵੱਧ ਖਰਚ ਦੁਲਹਨ ਦੇ ਗਹਿਣਿਆਂ 'ਤੇ ਹੁੰਦਾ ਹੈ। ਲਗਜ਼ਰੀ ਸੈਗਮੈਂਟ ਵਿੱਚ ਦੁਲਹਨ ਦੇ ਲਹਿੰਗਿਆਂ ਵਿੱਚ ਭਾਰੀ ਗੁੰਝਲਦਾਰ ਕੰਮ ਸ਼ਾਮਲ ਹੁੰਦਾ ਹੈ ਅਤੇ ਕੁਝ ਮਾਮਲਿਆਂ ਵਿੱਚ ਇਹ ਲਹਿੰਗੇ 10 ਕਿਲੋਗ੍ਰਾਮ ਤੱਕ ਵੀ ਭਾਰ ਦੇ

ਸਕਦੇ ਹਨ। ਸ਼ਾਨਦਾਰ ਵਿਆਹਾਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਵਿਦੇਸ਼ੀ ਥਾਂਵਾਂ 'ਤੇ ਹੋਣ ਵਾਲੇ ਸ਼ਾਨਦਾਰ ਵਿਆਹ ਭਾਰਤੀ ਅਮੀਰੀ ਨੂੰ ਦਰਸਾਉਂਦੇ ਰਹਿੰਦੇ ਹਨ। ਭਾਰਤੀ ਵਿਆਹਾਂ ਦੀ ਇਸ ਵਿਲੱਖਣਤਾ ਅਤੇ ਸ਼ਾਨ ਨੇ ਇਸ ਨੂੰ ਵਿਸ਼ਵ ਪੱਧਰ 'ਤੇ ਇੱਕ ਵਿਲੱਖਣ ਪਛਾਣ ਦਿੱਤੀ ਹੈ।

### ਵਿਆਹ ਸਮਾਗਮਾਂ 'ਤੇ ਮਹਿੰਗਾਈ ਦਾ ਅਸਰ

ਵਧਦੀ ਮਹਿੰਗਾਈ ਕਾਰਨ ਵਿਆਹਾਂ ਦੇ ਖ਼ਰਚੇ ਕਰੀਬ 25 ਫ਼ੀਸਦੀ ਵਧ ਗਏ ਹਨ। ਇਸ ਦੇ ਬਾਵਜੂਦ ਵਿਆਹਾਂ ਸਮਾਗਮਾਂ ਨੂੰ ਲੈ ਕੇ ਲੋਕਾਂ ਦਾ ਉਤਸ਼ਾਹ ਘੱਟ ਨਹੀਂ ਹੋਇਆ ਹੈ। ਮਹਿੰਗੇ ਵਿਆਹ ਸਥਾਨ, ਭੋਜਨ, ਸਜਾਵਟ ਅਤੇ ਹੋਰ ਪ੍ਰਬੰਧਾਂ ਦੇ ਬਾਵਜੂਦ ਲੋਕ ਵਿਆਹਾਂ ਨੂੰ ਸ਼ਾਨਦਾਰ ਬਣਾਉਣ ਲਈ ਉਤਸੁਕ ਹੁੰਦੇ ਹਨ। ਪਿਛਲੇ ਸਾਲ ਦੇ ਆਖਰੀ ਦੋ ਮਹੀਨਿਆਂ 'ਚ ਦੇਸ਼ ਭਰ 'ਚ ਕਰੀਬ 48 ਲੱਖ ਤੋਂ ਜ਼ਿਆਦਾ ਵਿਆਹ ਹੋਏ, ਜਿਸ ਨਾਲ ਲਗਭਗ 6 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਇਆ। ਇਸ ਸਮੇਂ ਉੱਚ ਮੱਧ ਵਰਗ ਤੋਂ ਲੈ ਕੇ ਕੁਲੀਨ ਵਰਗ ਤੱਕ ਦੇ ਲੋਕ ਇਵੈਂਟ ਮੈਨੇਜਮੈਂਟ ਦੀ ਮਦਦ ਲੈ ਰਹੇ ਹਨ ਅਤੇ ਵਿਆਹਾਂ ਵਿੱਚ ਭੋਜਨ, ਸੋਸ਼ਲ ਮੀਡੀਆ ਅਤੇ ਸੰਗੀਤ 'ਤੇ ਵਿਸ਼ੇਸ਼ ਜ਼ੋਰ ਦੇ ਰਹੇ ਹਨ।

### ਵਿਆਹ ਵਾਲੀ ਥਾਲ਼ੀ ਦੀ ਕੀਮਤ

ਵਿਆਹ ਸਮਾਗਮਾਂ ਵਿੱਚ ਖਾਣ-ਪੀਣ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਜਿੱਥੇ ਪਹਿਲਾਂ ਖਾਣਾ 500-900 ਰੁਪਏ ਪ੍ਰਤੀ ਥਾਲ਼ੀ ਵਿੱਚ ਮਿਲਦਾ ਸੀ, ਹੁਣ ਉਹੀ ਪਲੇਟ 1200-1700 ਰੁਪਏ ਤੱਕ ਪਹੁੰਚ ਗਈ ਹੈ। ਖ਼ਰਚਿਆਂ ਨੂੰ ਕੰਟਰੋਲ ਕਰਨ ਲਈ ਬਹੁਤ ਸਾਰੇ ਲੋਕ ਮਹਿਮਾਨਾਂ ਦੀ ਗਿਣਤੀ ਸੀਮਤ ਕਰ ਰਹੇ ਹਨ।

## ਵਿਆਹਾਂ ਦੀ ਚਕਾਚੌਂਧ ਪਿੱਛੇ ਛੁਪਿਆ ਕਾਲਾ ਸੱਚ





ਵੈਸੇ ਤਾਂ ਕਿਹਾ ਜਾਂਦਾ ਹੈ ਕਿ ਵਿਆਹ ਦਾ ਲੱਡੂ ਹਰ ਇੱਕ ਦੀ ਜ਼ਿੰਦਗੀ ਵਿੱਚ ਵੱਖੋ- ਵੱਖਰਾ ਸਵਾਦ ਲੈ ਕੇ ਆਉਂਦਾ ਹੈ, ਕਈਆਂ ਲਈ ਮਿੱਠਾ ਹੁੰਦਾ ਹੈ ਤੇ ਕਈਆਂ ਲਈ ਕੌੜਾ ਹੁੰਦਾ ਹੈ। ਚਿੰਤਾ ਇਸ ਗੱਲ ਦੀ ਹੈ ਕਿ ਅੱਜ-ਕੱਲ੍ਹ ਸਾਡੇ ਵਿਆਹ ਦੇ ਲੱਡੂ ਸਾਡੀ ਹੈਸੀਅਤ ਤੋਂ ਵੱਧ ਖ਼ਰਚੀਲੇ ਹੁੰਦੇ ਜਾ ਰਹੇ ਹਨ। ਮਹਿੰਗੇ ਵਿਆਹ ਵਾਲੀ ਰੀਤ ਲਈ ਅਸੀਂ ਸਾਰੇ ਹੀ ਕਸੂਰਵਾਰ ਹਾਂ। ਸਾਡੀ ਆਮ ਜਿਹੀ ਸੋਚ ਹੋ ਗਈ ਹੈ ਕਿ ਅਸੀਂ ਪੱਚੀ ਲੱਖ ਵਿਆਹ 'ਤੇ ਅਤੇ ਫੇਰ 40 ਲੱਖ ਵਿਦੇਸ਼ ਦੇ ਵੀਜ਼ੇ 'ਤੇ ਲਗਾ ਦਿੰਦੇ ਹਾਂ। ਸਾਡੀ ਸੋਚ ਇੱਥੋਂ ਤੱਕ ਹੀ ਸਿਮਟ ਕੇ ਰਹਿ ਗਈ ਹੈ।

ਖ਼ਰਚੀਲੇ ਵਿਆਹ ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ੇ ਦੇ ਰੰਗ ਬਦਲਣ ਵਾਂਗ ਦੇਖਾ-ਦੇਖੀ ਕੀਤੇ ਜਾ ਰਹੇ ਹਨ। ਕਦੇ ਸਾਡੇ ਵਿਆਹ ਦੇਸੀ ਦਾਰੂ ਭਾਵ ਘਰ ਦੀ ਕੱਢੀ ਦਾਰੂ ਦੇ ਨਾਲ ਮੁਕੰਮਲ ਹੋ ਜਾਂਦੇ ਸੀ ਪਰ ਅੱਜ ਦੇ ਸਮੇਂ ਦੇ ਵਿੱਚ ਹੋਟਲਾਂ ਜਾਂ ਮੈਰਿਜ ਪੈਲੇਸਾਂ ਦੇ ਵਿੱਚ ਸਕੌਚ ਤੱਕ ਨੇ ਆਪਣਾ ਦਬਦਬਾ ਬਣਾ ਲਿਆ ਹੈ। ਪੰਜਾਬ ਦੇ ਮੈਰਿਜ ਪੈਲੇਸਾਂ ਵਿੱਚ ਹੁੰਦੇ ਵਿਆਹਾਂ ਲਈ ਸਰਕਾਰ ਵੱਲੋਂ ਜਾਰੀ ਕੀਤੇ ਜਾਂਦੇ ਦਿਸ਼ਾ ਨਿਰਦੇਸ਼ ਮਹਿਜ ਖਾਨਾਪੂਰਤੀ ਬਣ ਕੇ ਰਹਿ ਗਏ ਹਨ। ਇੱਕਾ ਦੁੱਕਾ ਵਿਆਹਾਂ ਵਿੱਚ ਗੋਲੀ ਚੱਲਣ ਦੀਆਂ ਘਟਨਾਵਾਂ ਸੁਣਨ ਨੂੰ ਮਿਲ ਹੀ ਜਾਂਦੀਆਂ ਹਨ। ਜ਼ਿਦ ਬਹਿਸ ਐਹੋ ਜਿਹੇ ਮਾਹੌਲ ਵਿੱਚ ਆਮ ਹੁੰਦੀ ਹੈ। ਤੁਹਾਨੂੰ ਯਾਦ ਹੋਣੈ ਕਿ ਪੰਜਾਬੀ ਦੇ ਪ੍ਰਸਿੱਧ ਗਾਇਕ ਦਿਲਸ਼ਾਦ ਅਖ਼ਤਰ ਵੀ ਇੱਕ ਵਿਆਹ ਸਮਾਗਮ ਦੌਰਾਨ ਹੀ ਇੱਕ ਪੁਲਿਸ ਅਫ਼ਸਰ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ ਸੀ। ਬਠਿੰਡੇ ਵਾਲੀ ਘਟਨਾ ਵੀ ਜ਼ਿਹਨ ਦੇ ਵਿੱਚ ਉਭਰ ਆਉਂਦੀ ਹੈ, ਜਦੋਂ ਇੱਕ ਡਾਂਸਰ ਨੂੰ ਗੋਲੀ ਲੱਗੀ ਸੀ। ਕਿਸੇ ਦੇ ਖ਼ੁਸ਼ੀਆਂ ਵਾਲੇ ਮਾਹੌਲ ਨੂੰ ਗਮ ਵਿੱਚ ਬਦਲ ਦੇਣਾ ਤੇ ਕਿਸੇ ਦੀ ਜ਼ਿੰਦਗੀ ਲੈ ਲੈਣਾ ਕਿੰਨੀ ਕੁ ਬਹਾਦਰੀ ਵਾਲੀ ਗੱਲ ਹੈ। ਪੰਜਾਬ ਦੇ ਵਿੱਚ ਕਿਸੇ ਵੇਲੇ ਰਵਾਇਤੀ ਰਸਮਾਂ ਨਾਲ ਹੁੰਦੇ ਸਾਦ ਮੁਰਾਦੇ ਵਿਆਹ ਅੱਜ ਕੱਲ੍ਹ ਸ਼ੋਸ਼ੇ ਬਾਜੀ ਬਣ ਕੇ ਰਹਿ ਗਏ ਹਨ ਤੇ ਇਹ ਵਿਖਾਵਾ ਦੋਹਾਂ ਪਰਿਵਾਰਾਂ ਨੂੰ ਆਰਥਿਕ ਸੰਕਟ ਵੱਲ ਲੈ ਜਾਂਦਾ ਹੈ।

# ਸ਼੍ਰੋਮਣੀ ਕਮੇਟੀ: ਸਲਾਨਾ ਬਜਟ ਇਜਲਾਸ ਮੌਕੇ 1386.47 ਕਰੋੜ ਦਾ ਬਜਟ ਪਾਸ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਲਾਨਾ ਬਜਟ ਇਜਲਾਸ ਮੌਕੇ ਸਾਲ 2025-26 ਲਈ 13 ਅਰਬ 86 ਕਰੋੜ 47 ਲੱਖ 80 ਹਜ਼ਾਰ ਰੁਪਏ ਦਾ ਪ੍ਰਸਤਾਵਿਤ ਬਜਟ ਪੇਸ਼ ਕੀਤਾ ਗਿਆ ਹੈ, ਜੋ ਕਿ ਪਿਛਲੇ ਸਾਲ ਨਾਲੋਂ 10 ਫ਼ੀਸਦੀ ਵੱਧ ਹੈ।

ਬਜਟ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਨੇ ਪੇਸ਼ ਕੀਤਾ। ਆਪਣੀ ਬਜਟ ਸਪੀਚ ਵਿੱਚ ਸ੍ਰੀ ਮੰਡਵਾਲਾ ਨੇ ਕਿਹਾ ਹੈ ਕਿ ਇਸ ਵਿਤੀ ਸਾਲ ਵਿੱਚ ਅਨੁਮਾਨਤ ਖ਼ਰਚਾ 1376 ਕਰੋੜ 47 ਲੱਖ ਰੁਪਏ ਦਾ ਹੋਵੇਗਾ। ਇਸ ਨਾਲ ਸ਼੍ਰੋਮਣੀ ਕਮੇਟੀ ਦਾ ਆਮਦਨ ਨਾਲੋਂ 10 ਕਰੋੜ ਰੁਪਏ ਘੱਟ ਖ਼ਰਚ ਹੋਣ ਦਾ ਅਨੁਮਾਨ ਹੈ।



ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ ਇਥੇ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਅਰਦਾਸ ਮਗਰੋਂ ਆਰੰਭ ਹੋਇਆ।

ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਵਿੱਚ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਯੋਗਤਾ, ਕਾਰਜ ਖੇਤਰ ਅਤੇ ਸੇਵਾ ਮੁਕਤੀ ਆਦਿ ਬਾਰੇ ਨਿਯਮ ਬਣਾਉਣ ਲਈ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸਬੰਧ ਵਿੱਚ ਇੱਕ ਉੱਚ ਪੱਧਰੀ ਕਮੇਟੀ ਗਠਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੀ ਵਿਰੋਧੀ ਧਿਰ ਨਾਲ ਸਬੰਧਿਤ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਜਲਾਸ ਵਿੱਚ ਆਪਣੀ ਕੋਈ ਸੁਣਵਾਈ ਨਾ ਹੋਣ ’ਤੇ ਇਜਲਾਸ ਵਿਚੋਂ ਵਾਕਆਊਟ ਕਰ ਦਿੱਤਾ। ਉਨ੍ਹਾਂ ਨੇ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਆ ਕੇ ਧਰਨਾ ਦਿੱਤਾ।

ਧਰਨਾਕਾਰੀਆਂ ਵਿੱਚ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਭੌਰ, ਭਾਈ ਮਨਜੀਤ ਸਿੰਘ, ਬੀਬੀ ਕਿਰਨਜੋਤ ਕੌਰ ਤੇ ਹੋਰ ਸ਼ਾਮਿਲ ਸਨ। ਉਹਨਾਂ ਆਖਿਆ ਕਿ ਉਹ ਬਜਟ ਇਜਲਾਸ ਦੌਰਾਨ ਜਥੇਦਾਰਾਂ ਦੀ ਬਹਾਲੀ ਦੇ ਸਬੰਧ ਵਿੱਚ ਮਤਾ ਪੇਸ਼ ਕਰਨਾ ਚਾਹੁੰਦੇ ਸਨ, ਪਰ ਉਹਨਾਂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ।ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਇਜਲਾਸ ਦੌਰਾਨ ਜਥੇਦਾਰਾਂ ਦੀ ਬਹਾਲੀ ਸਬੰਧੀ ਮਤਾ ਨਹੀਂ ਲਿਆਂਦਾ ਗਿਆ, ਜਦੋਂ ਕਿ ਉਹਨਾਂ ਨੇ ਇਸ ਮਾਮਲੇ ਵਿੱਚ ਪਹਿਲਾਂ ਹੀ ਮੰਗ ਪੱਤਰ ਦੇ ਕੇ ਅਪੀਲ ਕੀਤੀ ਸੀ ਕਿ ਏਜੰਡੇ ਵਿੱਚ ਜਥੇਦਾਰਾਂ ਦੀ ਬਹਾਲੀ ਦਾ ਮਤਾ ਰੱਖਿਆ ਜਾਵੇ। ਉਹਨਾਂ ਦੋਸ਼ ਲਾਇਆ ਕਿ ਇਜਲਾਸ ਦੌਰਾਨ ਉਹਨਾਂ ਦੀ ਗੱਲ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ। ਉਹਨਾਂ ਚਿਤਾਵਨੀ ਦਿੱਤੀ ਹੈ ਕਿ ਜੇ 15 ਦਿਨਾਂ ਵਿੱਚ ਇਸ ਸਬੰਧੀ ਵਿਸ਼ੇਸ਼ ਇਜਲਾਸ ਨਾ ਸੱਦਿਆ ਗਿਆ ਤਾਂ ਉਹ ਆਪਣੇ ਤੌਰ ’ਤੇ ਵਿਸ਼ੇਸ਼ ਇਜਲਾਸ ਸੱਦਣਗੇ।

## ਬਜਟ ਇਜਲਾਸ ਦੌਰਾਨ ਹੰਗਾਮਾ ਮੰਦਭਾਗਾ: ਧਾਮੀ

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬਜਟ ਇਜਲਾਸ ਦੌਰਾਨ ਕੁਝ ਮੈਂਬਰਾਂ ਵੱਲੋਂ ਕੀਤੇ ਗਏ ਸ਼ੋਰ-ਸ਼ਰਾਬੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਅਜਿਹਾ ਵਰਤਾਰਾ ਠੀਕ ਨਹੀਂ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਤਖ਼ਤਾਂ ਦੇ ਜਥੇਦਾਰਾਂ ਬਾਰੇ ਚੱਲ ਰਹੀ ਚਰਚਾ ਨੂੰ ਉਨ੍ਹਾਂ ਖ਼ੁਦ ਏਜੰਡੇ ’ਤੇ ਲੈ ਕੇ ਗੱਲ ਕਰਨੀ ਚਾਹੀ ਸੀ, ਪਰ ਕੁਝ ਮੈਂਬਰਾਂ ਨੇ ਉਨ੍ਹਾਂ ਦੀ ਗੱਲ ਸੁਣਨੀ ਮੁਨਾਸਿਬ ਨਾ ਸਮਝੀ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ, ਅਧਿਕਾਰ ਖੇਤਰ ਅਤੇ ਸੇਵਾਮੁਕਤੀ ਬਾਰੇ ਨਿਯਮ ਬਣਾਉਣ ਲਈ ਉਹ ਖ਼ੁਦ ਸੰਜੀਦਾ ਹਨ, ਇਸ ਲਈ ਇਜਲਾਸ ’ਚ ਇਸ ਮਾਮਲੇ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਜਲਦ ਹੀ ਇਸ ਬਾਰੇ ਸੁਝਾਅ ਲਏ ਜਾਣਗੇ ਤੇ ਕਾਇਮ ਕੀਤੀ ਜਾਣ ਵਾਲੀ ਕਮੇਟੀ ਰਾਹੀਂ ਇਨ੍ਹਾਂ ਨੂੰ ਵਿਚਾਰ ਕੇ ਇੱਕ ਨੀਤੀ ਬਣਾਈ ਜਾਵੇਗੀ।

# ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾਮੁਕਤੀ ਸਬੰਧੀ ਨਿਯਮ ਨਿਰਧਾਰਤ ਕਰਨ ਨੂੰ ਪ੍ਰਵਾਨਗੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾਮੁਕਤੀ ਸਬੰਧੀ ਨੇਮ ਤੈਅ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਜਲਦੀ ਹੀ ਉਚ ਪੱਧਰੀ ਕਮੇਟੀ ਵੀ ਬਣਾਈ ਜਾਵੇਗੀ। ਇਸ ਸਬੰਧ ’ਚ ਮਤਾ ਸਾਲਾਨਾ ਬਜਟ ਇਜਲਾਸ ਦੌਰਾਨ ਪ੍ਰਵਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੀ ਕਈ ਅਹਿਮ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਅਤੇ ਸੇਵਾਮੁਕਤੀ ਸਬੰਧੀ ਨਿਯਮ ਨਿਰਧਾਰਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧ ’ਚ ਸਿੱਖ ਜਥੇਬੰਦੀਆਂ ਤੋਂ ਵੀ ਰਾਇ ਮੰਗੀ ਜਾਵੇਗੀ, ਜਿਸ ਦੇ ਆਧਾਰ ’ਤੇ ਅਗਲੇਰੀ ਕਾਰਵਾਈ ਹੋਵੇਗੀ। ਇਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਨਵੰਬਰ 2025 ਵਿੱਚ ਮਨਾਈ ਜਾ ਰਹੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਮਤੇ ’ਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਢੁੱਕਵੀਂ ਯਾਦਗਾਰ ਸਥਾਪਤ ਕਰਨ ਦੀ ਅਪੀਲ ਕੀਤੀ ਗਈ। ਮਤੇ ’ਚ ਕੇਂਦਰ ਤੋਂ ਗੁਰੂ ਸਾਹਿਬ ਦੇ ਨਾਂ ’ਤੇ ਕੌਮੀ ਪੱਧਰ ਦੀ ਸਿੱਖਿਆ ਸੰਸਥਾ ਜਾਂ ਖੋਜ ਕੇਂਦਰ ਸਥਾਪਤ ਕਰਨ, ਵਿਸ਼ੇਸ਼ ਡਾਕ ਟਿਕਟ ਤੇ ਯਾਦਗਾਰੀ ਸਿੱਕੇ ਜਾਰੀ ਕਰਨ ਦੀ ਮੰਗ ਵੀ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਲੰਘੇ ਦਿਨੀਂ ਸੰਸਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਬੰਧੀ ਦਿੱਤੇ ਬਿਆਨ ਅਤੇ ਗੁਰਬਾਣੀ ਪੜ੍ਹਨ ’ਤੇ ਤਨਜ਼ ਕੱਸਣ ਦੀ ਨਿਖੇਧੀ ਕੀਤੀ। ਇੱਕ ਹੋਰ ਮਤੇ ’ਚ ਹਿਮਾਚਲ ਪ੍ਰਦੇਸ਼ ਸਿੱਖ ਸ਼ਰਧਾਲੂਆਂ ਨਾਲ ਵਾਪਰ ਰਹੀਆਂ ਘਟਨਾਵਾਂ ਬਾਰੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸੰਜੀਦਾ ਪਹੁੰਚ ਅਪਣਾਉਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਅਪੀਲ ਕੀਤੀ ਗਈ। ਇਸ ਦੌਰਾਨ ਹੋਰ ਮਤਿਆਂ ’ਚ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸਬੰਧਿਤ ਇਤਿਹਾਸਕ ਥਾਵਾਂ ਤੇ ਇਮਾਰਤਾਂ ਦੀ ਤਰਸਯੋਗ ਹਾਲਤ ਵੱਲ ਧਿਆਨ ਤੇ ਸਿੱਖ ਵਿਰਾਸਤਾਂ ਦੀ ਸੰਭਾਲ ਠੋਸ ਨੀਤੀ ਬਣਾ ਜਾਵੇ। ਇਸ ਤੋਂ ਇਲਾਵਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਦਫ਼ਤਰ ਅੰਮ੍ਰਿਤਸਰ ਵਿਖੇ ਖੋਲ੍ਹਣ ਅਤੇ ਕੇਂਦਰ ਨੂੰ ਫੌਜ ’ਚ ਸਿੱਖਾਂ ਲਈ ਵਿਸ਼ੇਸ਼ ਰਾਖਵਾਂ ਕੋਟਾ ਤੈਅ ਕਰਨ ਦੀ ਅਪੀਲ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਸਰਕਾਰਾਂ ਵੱਲੋਂ ਮੌਜੂਦਾ ਕਿਸਾਨ ਸੰਘਰਸ਼ ਵਿਚ ਅਪਣਾਈ ਗਈ ਨਕਾਰਾਤਮਕ ਭੂਮਿਕਾ ਦੀ ਨਿਖੇਧੀ ਕਰਦਿਆਂ ਮਤੇ ’ਚ ਕਿਸਾਨ ਆਗੂਆਂ ’ਤੇ ਦਰਜ ਮੁਕੱਦਮੇ ਵਾਪਸ ਲੈਣ ਤੇ ਕਿਸਾਨਾਂ ਦੇ ਹੱਕ ਵਿੱਚ ਸਹੀ ਫੈਸਲੇ ਕਰਨ ਦੀ ਅਪੀਲ ਵੀ ਕੀਤੀ।



### ਕੇਂਦਰ ਨੂੰ ਸਿੱਖ ਬੰਦੀਆਂ ਦੀ ਰਿਹਾਈ ਦੀ ਅਪੀਲ

ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖ ਬੰਦੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ ਗਈ। ਮਤੇ ’ਚ ਕਿਹਾ ਗਿਆ ਕਿ ਇਨਸਾਫ਼, ਸੱਚਾਈ ਅਤੇ ਹੱਕਾਂ ਦੀ ਰਾਖੀ ਲਈ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਦੇ ਕਈ ਨੌਜੁਆਨ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਹਨ, ਜੋ ਆਪਣੀਆਂ ਕਾਨੂੰਨੀ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਨੂੰ ਰਿਹਾਅ ਨਾ ਕਰਨਾ ਨਿਆਂ ਪ੍ਰਣਾਲੀ ਅਤੇ ਲੋਕਤੰਤਰ ਲਈ ਵੱਡਾ ਸਵਾਲ ਹੈ।

# ਦਮਦਮੀ ਟਕਸਾਲ ਵੱਲੋਂ ਹਟਾਏ ਤਿੰਨ ਜਥੇਦਾਰਾਂ ਨੂੰ 15 ਅਪ੍ਰੈਲ ਤੱਕ ਬਹਾਲ ਕਰਨ ਦੀ ਚਿਤਾਵਨੀ

ਅੰਮ੍ਰਿਤਸਰ/ਏ.ਟੀ.ਨਿਊਜ਼: ਤਿੰਨ ਤਖ਼ਤਾਂ ਦੇ ਜਥੇਦਾਰਾਂ ਦੀ ਬਹਾਲੀ ਦੀ ਮੰਗ ਨੂੰ ਲੈ ਕੇ ਪਿਛਲੇ ਦਿਨੀਂ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਕੰਪਲੈਕਸ ਦੇ ਬਾਹਰ ਧਰਨਾ ਦਿੱਤਾ ਗਿਆ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਧਰਨੇ ’ਚ ਪਹੁੰਚ ਕੇ ਉਨ੍ਹਾਂ ਦਾ ਮੰਗ ਪੱਤਰ ਹਾਸਲ ਕੀਤਾ, ਜਿਸ ਤੋਂ ਬਾਅਦ ਧਰਨਾ ਸਮਾਪਤ ਹੋ ਗਿਆ। ਮੰਗ ਪੱਤਰ ’ਚ ਜਥੇਦਾਰਾਂ ਦੀ ਬਹਾਲੀ ਦੀ ਮੰਗ ਕੀਤੀ ਗਈ ਅਤੇ 15 ਅਪ੍ਰੈਲ ਤੱਕ ਮੰਗਾਂ ਨਾ ਮੰਨੇ ਜਾਣ ’ਤੇ ਅਗਲਾ ਪ੍ਰੋਗਰਾਮ ਉਲੀਕਣ ਦਾ ਐਲਾਨ ਕੀਤਾ ਗਿਆ। ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਸਿੱਖ ਜਥੇਬੰਦੀਆਂ ਦੇ ਇਕੱਠ ਵੱਲੋਂ ਤਿੰਨ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਰਾਹੀਂ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਬਾਬਾ ਟੇਕ ਸਿੰਘ ਧਨੌਲਾ ਦੀ ਤਖ਼ਤਾਂ ਦੇ ਜਥੇਦਾਰਾਂ ਵਜੋਂ ਨਿਯੁਕਤੀ ਰੱਦ ਕਰਨ ਦੀ ਮੰਗ ਕੀਤੀ ਗਈ। ਦੂਜੇ ਮਤੇ ਰਾਹੀਂ ਗਿਆਨੀ ਰਘਬੀਰ ਸਿੰਘ ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ, ਗਿਆਨੀ ਸੁਲਤਾਨ ਸਿੰਘ ਨੂੰ ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਤਖ਼ਤ ਦਮਦਮਾ ਸਾਹਿਬ ਵਜੋਂ ਤੁਰੰਤ ਸੇਵਾ ਸੌਂਪਣ ਲਈ ਕਿਹਾ ਗਿਆ। ਤੀਜੇ ਮਤੇ ਰਾਹੀਂ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾਮੁਕਤ ਕਰਨ ਦਾ ਵਿਧੀ ਵਿਧਾਨ ਸਿੱਖ ਸੰਸਥਾਵਾਂ ਅਤੇ ਸਿੱਖ ਵਿਦਵਾਨਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਬਣਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਹਰਿਆਣਾ ਕਮੇਟੀ ਦੇ ਆਗੂ ਬਲਜੀਤ ਸਿੰਘ ਦਾਦੂਵਾਲ ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ।

### ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਕੰਪਲੈਕਸ ਦੇ ਬਾਹਰ ਧਰਨਾ



## ਨਵੇਂ ਜਥੇਦਾਰਾਂ ਦੀ ਨਿਯੁਕਤੀ ਮਰਿਆਦਾ ਦੇ ਅਨੁਸਾਰ ਨਹੀਂ ਕੀਤੀ ਗਈ: ਬਾਬਾ ਬਲਬੀਰ ਸਿੰਘ

ਕੀਰਤਪੁਰ ਸਾਹਿਬ/ਏ.ਟੀ.ਨਿਊਜ਼:ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਸ੍ਰੀ ਕੀਰਤਪੁਰ ਸਾਹਿਬ ਵਿਖੇ ਪਿੰਡ ਕਲਿਆਣਪੁਰ ਦੇ ਸਾਬਕਾ ਸਰਪੰਚ ਤਲਵਿੰਦਰ ਸਿੰਘ ਬਿੱਟੂ ਦੇ ਘਰ ਪਹੁੰਚੇ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੁਰਾਣੇ ਜਥੇਦਾਰਾਂ ਦੀ ਤੁਰੰਤ ਬਹਾਲੀ ਕਰਨੀ ਚਾਹੀਦੀ ਹੈ।



ਉਨ੍ਹਾਂ ਕਿਹਾ ਕਿ ਜਿਹੜੇ ਨਵੇਂ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਏ ਗਏ ਹਨ ਉਨ੍ਹਾਂ ਦੀ ਨਿਯੁਕਤੀ ਮਰਿਆਦਾ ਦੇ ਅਨੁਸਾਰ ਨਹੀਂ ਕੀਤੀ ਗਈ, ਇਸ ਕਰਕੇ ਉਨ੍ਹਾਂ ਨੂੰ ਕੋਈ ਵੀ ਪ੍ਰਵਾਨ ਨਹੀਂ ਕਰਦਾ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਹਦੇ ’ਤੇ ਜਲਦੀ ਧਿਆਨ ਦੇ ਕੇ, ਸਾਰੀਆਂ ਜਥੇਬੰਦੀਆਂ, ਸਮੁੱਚੇ ਖਾਲਸਾ ਪੰਥ ਦੀ ਮਰਿਆਦਾ ਦੇ ਮੁਤਾਬਿਕ ਹੀ ਸਾਰੇ ਕਾਰਜ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਹਿਲੇ ਜਥੇਦਾਰਾਂ ਨੂੰ ਹਟਾਉਣ ਦਾ ਤਰੀਕਾ ਗਲਤ ਸੀ ਇਸ ਕਰਕੇ ਉਨ੍ਹਾਂ ਨੂੰ ਬਹਾਲ ਕੀਤਾ ਜਾਵੇ ਤੇ ਸਾਰੇ ਪੰਥ ਦੇ ਨਾਲ ਸਲਾਹ ਕਰਕੇ ਅਗਲਾ ਫ਼ੈਸਲਾ ਕਰਨਾ ਚਾਹੀਦਾ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਆਪਣੇ ਫ਼ੈਸਲੇ ’ਤੇ ਕਾਇਮ ਹਨ ਤੇ ਵਿਸਾਖੀ ਮੌਕੇ ਸ੍ਰੀ ਦਮਦਮਾ ਸਾਹਿਬ ਵਿਖੇ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਦੀ ਮੁੜ ਤੋਂ ਇਕੱਤਰਤਾ ਕਰਕੇ ਗੁਰਮਤਾ ਕੀਤਾ ਜਾਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਗੁਰਮਤੇ ਤੋਂ ਪਹਿਲਾਂ ਪਹਿਲਾਂ ਪੁਰਾਣੇ ਜਥੇਦਾਰਾਂ ਦੀ ਬਹਾਲੀ ਕਰ ਦਿੱਤੀ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਵਾਤਾਵਰਣ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਠੋਸ ਉਪਰਾਲੇ ਕਰਨੇ ਜ਼ਰੂਰੀ

ਪਿਛਲੇ ਦਿਨੀਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਵੱਲੋਂ ਨਵੀਂ ਦਿੱਲੀ ਵਿੱਚ ਵਾਤਾਵਰਣ 'ਤੇ ਦੋ ਦਿਨਾਂ ਰਾਸ਼ਟਰੀ ਕਾਨਫ਼ਰੰਸ-2025 ਕਰਵਾਈ ਗਈ। ਇਸ ਕਾਨਫ਼ਰੰਸ ਵਿੱਚ ਕਰਵਾਏ ਗਏ ਚਾਰ ਮੁੱਖ ਤਕਨੀਕੀ ਸੈਸ਼ਨਾਂ ਦੌਰਾਨ ਵਾਤਾਵਰਣ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ, ਜਿਸ ਵਿੱਚ ਜਲਵਾਯੂ ਪਰਿਵਰਤਨ, ਪ੍ਰਦੂਸ਼ਣ ਕੰਟਰੋਲ, ਜੈਵ ਵਿਭਿੰਨਤਾ ਸੰਭਾਲ ਅਤੇ ਟਿਕਾਊ ਵਿਕਾਸ ਸ਼ਾਮਲ ਹਨ, ਬਾਰੇ ਚਰਚਾ ਕੀਤੀ ਗਈ। ਕਾਨਫ਼ਰੰਸ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣਾ ਇੱਕ ਨੈਤਿਕ ਜ਼ਿੰਮੇਵਾਰੀ ਮੰਨਿਆ ਗਿਆ।

ਜਲਵਾਯੂ ਪਰਿਵਰਤਨ ਦੀ ਗੰਭੀਰ ਸਮੱਸਿਆ ਕਿਸੇ ਇੱਕ ਦੇਸ਼ ਤੱਕ ਸੀਮਤ ਨਹੀਂ ਹੈ ਸਗੋਂ ਇਹ ਪੂਰੇ ਵਿਸ਼ਵ ਦੀ ਸਾਂਝੀ ਸਮੱਸਿਆ ਹੈ। ਇਸ ਸਬੰਧੀ ਸਾਡੇ ਦੇਸ਼ ਸਮੇਤ ਵੱਖ- ਵੱਖ ਦੇਸ਼ਾਂ ਵਿੱਚ ਅਕਸਰ ਕਾਨਫ਼ਰੰਸਾਂ ਅਤੇ ਸੈਮੀਨਾਰ ਹੁੰਦੇ ਰਹਿੰਦੇ ਹਨ, ਜਿਨ੍ਹਾਂ ਵਿੱਚ ਵੱਖ- ਵੱਖ ਵਿਦਵਾਨ ਵਾਤਾਵਰਣ ਦੀ ਸੰਭਾਲ ਲਈ ਅਨੇਕਾਂ ਨੁਕਤੇ ਅਤੇ ਤਰੀਕੇ ਦੱਸਦੇ ਹਨ, ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅਕਸਰ ਵਾਤਾਵਰਣ ਦੀ ਸੰਭਾਲ ਲਈ ਮਾਹਿਰਾਂ- ਵਿਦਵਾਨਾਂ ਵੱਲੋਂ ਦਿੱਤੇ ਗਏ ਨੁਕਤੇ ਸਰਕਾਰੀ ਫ਼ਾਇਲਾਂ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦੇ ਹਨ। ਇਹਨਾਂ ਨੁਕਤਿਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਉਚੇਚੇ ਯਤਨ ਨਹੀਂ ਕੀਤੇ ਜਾਂਦੇ ਜਾਂ ਸਹੀ ਤਰੀਕੇ ਨਾਲ ਆਮ ਲੋਕਾਂ ਤੱਕ ਨਹੀਂ ਪਹੁੰਚਾਇਆ ਜਾਂਦਾ, ਜਿਸ ਕਾਰਨ ਆਮ ਲੋਕ ਅਕਸਰ ਵਾਤਾਵਰਣ ਦੀ ਸੰਭਾਲ ਪ੍ਰਤੀ ਅਵੇਸਲੇ ਰਹਿੰਦੇ ਹਨ। ਭਾਵੇਂ ਵੱਖ- ਵੱਖ ਵਿਗਿਆਨੀ ਅਕਸਰ ਹੀ ਵਿਸ਼ਵ ਤਾਪਮਾਨ ਵਿੱਚ ਵਾਧਾ ਹੋਣ ਅਤੇ ਵਾਤਾਵਰਣ ਵਿੱਚ ਆ ਰਹੇ ਵਿਗਾੜ ਦੇ ਖਤਰਨਾਕ ਨਤੀਜਿਆਂ ਸਬੰਧੀ ਦੁਨੀਆਂ ਨੂੰ ਸੁਚੇਤ ਕਰ ਰਹੇ ਹਨ, ਪਰ ਆਮ ਲੋਕ ਇਹਨਾਂ ਗੱਲਾਂ ਵੱਲ ਧਿਆਨ ਦੇਣ ਦੀ ਥਾਂ ਵਾਤਾਵਰਣ ਦੇ ਵਿਗਾੜ ਵਿੱਚ ਆਪੋ ਆਪਣਾ ਯੋਗਦਾਨ ਪਾ ਰਹੇ ਹਨ। ਵਾਤਾਵਰਣ ਵਿਗਾੜ ਵਿੱਚ ਸਿਰਫ਼ ਆਮ ਲੋਕ ਹੀ ਦੋਸ਼ੀ ਨਹੀਂ ਹੁੰਦੇ ਸਗੋਂ ਸਰਕਾਰਾਂ ਵੀ ਜ਼ਿੰਮੇਵਾਰ ਹੁੰਦੀਆਂ ਹਨ, ਕਿਉਂਕਿ ਵਿਕਾਸ ਦੀ ਆੜ ਵਿੱਚ ਅਕਸਰ ਸਰਕਾਰਾਂ ਵੱਲੋਂ ਹੀ ਵਿਨਾਸ਼ ਕੀਤਾ ਜਾਂਦਾ ਹੈ।

ਮਨੁੱਖ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਕੁਦਰਤ ਨਾਲ ਉਸ ਵੱਲੋਂ ਕੀਤੀ ਜਾਂਦੀ ਛੇੜ-ਛਾੜ ਦਾ ਖ਼ਮਿਆਜ਼ਾ ਉਸ ਨੂੰ ਜ਼ਰੂਰ ਭੁਗਤਣਾ ਪੈਂਦਾ ਹੈ। ਇਸ ਦੇ ਬਾਵਜੂਦ ਕਦੇ ਨਵੀਂ ਸੜਕ ਬਣਾਉਣ, ਕਦੇ ਪਹਾੜੀ ਖੇਤਰਾਂ ਵਿੱਚ ਸੁਰੰਗ ਬਣਾਉਣ ਅਤੇ ਕਦੇ ਵਿਕਾਸ ਦੇ ਹੋਰ ਕੰਮ ਕਰਨ ਲਈ ਅਕਸਰ ਮਨੁੱਖ ਵੱਲੋਂ ਗੈਰ ਕੁਦਰਤੀ ਢੰਗ ਅਪਣਾਏ ਜਾਂਦੇ ਹਨ, ਜੋ ਕਿ ਵਾਤਾਵਰਣ ਵਿੱਚ ਵਿਗਾੜ ਦਾ ਕਾਰਨ ਬਣਦੇ ਹਨ। ਵਾਤਾਵਰਣ ਵਿੱਚ ਵਿਗਾੜ ਕਾਰਨ ਹੀ ਜਲਵਾਯੂ ਪਰਿਵਰਤਨ ਹੁੰਦਾ ਹੈ। ਜਿਵੇਂ-ਜਿਵੇਂ ਵਿਸ਼ਵ ਦਾ ਤਾਪਮਾਨ ਵਧ ਰਿਹਾ ਹੈ, ਨਾ ਸਿਰਫ਼ ਗਲੇਸ਼ੀਅਰ ਪਿਘਲ ਰਹੇ ਹਨ, ਸਗੋਂ ਜੰਗਲਾਂ ਦੀ ਅੱਗ ਵੀ ਭਾਰੀ ਤਬਾਹੀ ਦਾ ਕਾਰਨ ਬਣ ਰਹੀ ਹੈ। ਗਲੇਸ਼ੀਅਰਾਂ ਦੇ ਪਿਘਲਣ ਨਾਲ ਵਾਤਾਵਰਣ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਸ ਦਾ ਮਨੁੱਖੀ ਜੀਵਨ ਅਤੇ ਆਰਥਿਕਤਾ 'ਤੇ ਵੀ ਮਾੜਾ ਅਸਰ ਪੈਂਦਾ ਹੈ। ਸਮੁੰਦਰ ਦੇ ਵਧਦੇ ਪੱਧਰ ਕਾਰਨ ਤੱਟਵਰਤੀ ਖੇਤਰਾਂ ਅਤੇ ਟਾਪੂ ਦੇਸ਼ਾਂ ਵਿੱਚ ਹੜ੍ਹਾਂ ਦਾ ਖ਼ਤਰਾ ਵਧ ਜਾਂਦਾ ਹੈ। ਗਲੇਸ਼ੀਅਰਾਂ ਤੋਂ ਪਿਘਲਦਾ ਪਾਣੀ ਨਦੀਆਂ ਦਾ ਮੁੱਖ ਸਰੋਤ ਹੈ, ਖਾਸ ਕਰਕੇ ਗੰਗਾ, ਬ੍ਰਹਮਪੁੱਤਰ ਅਤੇ ਸਿੰਧ ਵਰਗੀਆਂ ਨਦੀਆਂ ਲਈ। ਇਹ ਤਿੰਨੋਂ ਨਦੀਆਂ ਦੇਸ਼ ਨੂੰ ਲਗਭਗ 63 ਪ੍ਰਤੀਸ਼ਤ ਪਾਣੀ ਪ੍ਰਦਾਨ ਕਰਦੀਆਂ ਹਨ, ਜਿਸ ਵਿੱਚੋਂ ਇਕੱਲੇ ਗੰਗਾ ਦਾ ਹਿੱਸਾ ਲਗਭਗ 25 ਪ੍ਰਤੀਸ਼ਤ ਹੈ। ਇਸ ਲਈ, ਜੇਕਰ ਗਲੇਸ਼ੀਅਰ ਗਾਇਬ ਹੋ ਜਾਂਦੇ ਹਨ, ਤਾਂ ਇਨ੍ਹਾਂ ਨਦੀਆਂ ਵਿੱਚ ਪਾਣੀ ਦੀ ਮਾਤਰਾ ਘੱਟ ਜਾਵੇਗੀ, ਜਿਸ ਨਾਲ ਭਵਿੱਖ ਵਿੱਚ ਭਾਰਤ, ਪਾਕਿਸਤਾਨ, ਨੇਪਾਲ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਵਿੱਚ ਪਾਣੀ ਦਾ ਸੰਕਟ ਪੈਦਾ ਹੋ ਸਕਦਾ ਹੈ। ਬਹੁਤ ਸਾਰੇ ਜਾਨਵਰ ਅਤੇ ਪੌਦੇ ਠੰਡੇ ਮੌਸਮ ਵਿੱਚ ਜਿਉਂਦੇ ਰਹਿੰਦੇ ਹਨ। ਗਲੇਸ਼ੀਅਰਾਂ ਦੇ ਪਿਘਲਣ ਨਾਲ ਉਨ੍ਹਾਂ ਦਾ ਨਿਵਾਸ ਸਥਾਨ ਤਬਾਹ ਹੋ ਜਾਂਦਾ ਹੈ, ਜਿਸ ਨਾਲ ਕਈ ਪ੍ਰਜਾਤੀਆਂ ਦੇ ਵਿਨਾਸ਼ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਮਨੁੱਖ ਇਸ ਸਭ ਤੋਂ ਬੇਪਰਵਾਹ ਹੈ ਅਤੇ ਹਰ ਦਿਨ ਵਿਕਾਸ ਦੇ ਨਾਂਅ 'ਤੇ ਮਨੁੱਖ ਵੱਲੋਂ ਕੁਦਰਤੀ ਸਰੋਤਾਂ 'ਤੇ ਕੁਹਾੜਾ ਚਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਆਧੁਨਿਕ ਯੁੱਗ ਵਿੱਚ ਵਿਕਾਸ ਕੰਮ ਕਰਨੇ/ਕਰਵਾਉਣੇ ਹਰ ਸਰਕਾਰ ਲਈ ਜ਼ਰੂਰੀ ਹਨ। ਹਰ ਦੇਸ਼ ਦੀ ਸਰਕਾਰ ਚਾਹੁੰਦੀ ਹੈ ਕਿ ਉਸ ਦੇ ਨਾਗਰਿਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮਿਲਣ। ਦੂਰ ਦੇ ਪਹਾੜੀ ਸਥਾਨਾਂ ਤੱਕ ਆਮ ਲੋਕਾਂ ਦੀ ਪਹੁੰਚ ਆਸਾਨੀ ਨਾਲ ਕਰਨ ਲਈ ਹੀ ਮੈਦਾਨੀ ਖੇਤਰਾਂ ਦੇ ਨਾਲ ਪਹਾੜੀ ਖੇਤਰਾਂ ਵਿੱਚ ਵੀ ਨਵੀਂਆਂ ਸੜਕਾਂ ਦਾ ਜਾਲ ਵਿਛਾਇਆ ਜਾਂਦਾ ਹੈ ਅਤੇ ਪੁਰਾਣੀਆਂ ਸੜਕਾਂ ਨੂੰ ਚੌੜਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਵੱਖ- ਵੱਖ ਪਹਾੜੀ ਖੇਤਰਾਂ ਨੂੰ ਆਪਸ ਵਿੱਚ ਸੜਕ ਮਾਰਗ ਰਾਹੀਂ ਜੋੜਨ ਲਈ ਪਹਾੜਾਂ ਵਿੱਚ ਸੁਰੰਗਾਂ ਬਣਾਉਣੀਆਂ ਵੀ ਜ਼ਰੂਰੀ ਹੁੰਦੀਆਂ ਹਨ। ਇਸ ਕਰਕੇ ਵਿਕਾਸ ਕੰਮ ਕਰਨੇ ਹਰ ਦੇਸ਼ ਦੀ ਸਰਕਾਰ ਲਈ ਮਜਬੂਰੀ ਹੁੰਦੀ ਹੈ।

ਚਾਹੀਦਾ ਤਾਂ ਇਹ ਹੈ ਕਿ ਵਿਕਾਸ ਕੰਮ ਕਰਵਾਉਣ ਲਈ ਕੁਦਰਤੀ ਸਰੋਤਾਂ ਦੀ ਬਲੀ ਨਾ ਲਈ ਜਾਵੇ, ਸਗੋਂ ਹਰੇਕ ਕੰਮ ਕੁਦਰਤ ਦੇ ਅਸੂਲਾਂ ਅਨੁਸਾਰ ਕੀਤਾ ਜਾਵੇ। ਨਵੀਂਆਂ ਸੜਕਾਂ ਤੇ ਸੁਰੰਗਾਂ ਬਣਾਉਣ ਲਈ ਉਹ ਤਰੀਕਾ ਅਪਣਾਇਆ ਜਾਵੇ, ਜਿਸ ਨਾਲ ਕੁਦਰਤੀ ਸਰੋਤਾਂ ਦਾ ਘੱਟ ਨੁਕਸਾਨ ਹੋਵੇ। ਇਸ ਤੋਂ ਇਲਾਵਾ ਜਲਵਾਯੂ ਪਰਿਵਰਤਨ ਰੋਕਣ ਲਈ ਏਅਰ ਕੰਡੀਸ਼ਨਰ, ਵਾਹਨ, ਧੂੰਆਂ ਪੈਦਾ ਕਰਨ ਵਾਲੇ ਕਾਰਕਾਂ ਦੀ ਘੱਟ ਵਰਤੋ ਕੀਤੀ ਜਾਵੇ। ਇਸ ਦੇ ਨਾਲ ਹੀ ਧਰਤੀ ਵਿਚੋਂ ਪਾਣੀ ਕੱਢਣ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇ, ਕਿਉਂਕਿ ਧਰਤੀ ਹੇਠਲਾ ਪਾਣੀ ਧਰਤੀ ਨੂੰ ਗਰਮ ਹੋਣ ਤੋਂ ਬਚਾਉਂਦਾ ਹੈ। ਅਸਲ ਵਿੱਚ ਵਾਤਾਵਰਣ ਦੀ ਸੰਭਾਲ ਸਾਰਿਆਂ ਦੇ ਸਮੂਹਿਕ ਯਤਨਾਂ ਨਾਲ ਹੀ ਸੰਭਵ ਹੈ, ਇਸ ਲਈ ਵਾਤਾਵਰਣ ਦੀ ਸੰਭਾਲ ਲਈ ਸਾਰਿਆਂ ਨੂੰ ਰਲ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਵਾਤਾਵਰਣ ਦੀ ਸੰਭਾਲ ਅਤੇ ਜਲਵਾਯੂ ਪਰਿਵਰਤਨ ਸਬੰਧੀ ਸਿਰਫ਼ ਸੈਮੀਨਾਰ ਕਰਵਾਉਣ ਤੱਕ ਹੀ ਸੀਮਿਤ ਨਾ ਰਹੇ ਸਗੋਂ ਇਸ ਸਬੰਧੀ ਠੋਸ ਉਪਰਾਲੇ ਵੀ ਕਰੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਾਦੀ ਲਈ ਪੰਥਕ ਪ੍ਰਬੰਧ ਦੀ ਰੂਪ ਰੇਖਾ ਘੜੀ ਜਾਵੇ



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
9592093472



ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਿਆਨ ਆਇਆ ਹੈ ਕਿ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਸੇਵਾ- ਮੁਕਤੀ ਤੇ ਅਧਿਕਾਰ ਸਬੰਧੀ ਵਿਧੀ- ਵਿਧਾਨ ਬਣਾਉਣ ਲਈ ਤਿਆਰ ਹੋ ਗਈ ਹੈ। ਇਸ ਉੱਦਮ ਨੂੰ ਜੀ ਆਇਆਂ ਨੂੰ ਆਖਣਾ ਬਣਦਾ ਹੈ। ਯਾ ਖੁਦਾ ਪੰਝੀ ਸਾਲ ਪਹਿਲਾਂ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦਾ ਪਾਲਣ ਕੀਤਾ ਹੁੰਦਾ ਤਾਂ ਜੋ ਪੰਥਕ ਸੱਥਾਂ ਵਿੱਚ ਪੀੜਾ ਆਈ ਹੈ ਤੇ ਜਥੇਬੰਦਕ ਦੂਰੀਆਂ ਵਧੀਆਂ ਤੇ ਦਰਾਰਾਂ ਪਈਆਂ ਇਨ੍ਹਾਂ ਸਭ ਤੋਂ ਬਚਿਆ ਜਾ ਸਕਦਾ ਸੀ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਹਨ ਸਾਡੇ ਲਈ ਜੋ ਵਧੇਰੇ ਕਰਕੇ ਸਾਡੀ ਸਮਝੋਂ ਬਾਹਰ ਹਨ।

'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥'

ਅਸੀਂ ਧੜਿਆਂ ਦੇ ਪ੍ਰਭਾਵ ਨੂੰ ਪਹਿਲ ਦੇ ਪੰਥਕ ਮਾਣ ਮਰਯਾਦਾ ਦੇ ਘਾਣ ਕਰਨ ਨੂੰ ਕਈ ਵਾਰ ਪਹਿਲ ਕਰਦੇ ਆ ਰਹੇ ਹਾਂ। ਸਾਡੀਆਂ ਸੰਸਥਾਵਾਂ, ਜਿਨ੍ਹਾਂ 'ਤੇ ਸਮੂਹ ਪੰਥ ਰੱਜ ਕੇ ਮਾਣ ਕਰਦਾ ਸੀ ਧੜਿਆਂ ਦੀ ਬਿਮਾਰੀ ਕਰਕੇ ਕੱਖੋਂ ਹੌਲੀਆਂ ਕਰ ਲਈਆਂ ਹਨ। ਅੱਜ ਸੁਹਿਰਦ ਸਿੱਖ ਨਾਮ ਲੈਣ ਲੱਗਿਆਂ ਸੋਚਣ ਲੱਗੇ ਹਨ ਕਿ ਮੈਂ ਕੋਈ ਅਪਰਾਧ ਤੇ ਨਹੀਂ ਕਰ ਰਿਹਾ ਨਾਮ ਲੈ ਕੇ। ਇਹ ਤੇ ਹੁਣ ਪੰਥ ਦੀ ਵਫ਼ਾ ਵਿਚ ਖੜੀਆਂ ਹੀ ਨਹੀਂ ਹਨ। ਇਨ੍ਹਾਂ ਦੇ ਵਰਤਮਾਨ ਆਗੂਆਂ ਨੇ ਇਨ੍ਹਾਂ ਸੰਸਥਾਵਾਂ ਦੀਆ ਬੀਤੇ ਵਿੱਚ ਪੰਥ ਪ੍ਰਸਤ ਸੇਵਕਾਂ ਰਾਹੀਂ ਕੀਤੀਆਂ ਪ੍ਰਾਪਤੀਆਂ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਵਾਲਿਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸੇਵਕ ਕਹਿਣਾ ਖ਼ੁਦ ਨੂੰ ਜ਼ਲੀਲ ਕਰਨਾ ਹੈ।

ਜੋ ਸਾਡੀ ਪ੍ਰਬੰਧਕੀ ਦੁਰਦਸ਼ਾ ਹੁਣ ਬਣਾ ਦਿੱਤੀ ਗਈ ਹੈ ਇਸ ਨਾਲ ਪੀੜ੍ਹੀਆਂ ਦਾ ਪੰਥ ਤੇ ਪੰਥਕ ਫਰਜ਼ ਪ੍ਰਤੀ ਲਗਾਓ ਪੈਦਾ ਹੋਣਾ ਬੰਦ ਹੋ ਗਿਆ ਹੈ। ਇਸ ਨਾਲੋਂ ਘਾਤਕ ਪੱਖ ਹੋਰ ਕਿਹੜਾ ਹੋ ਸਕਦਾ ਹੈ? ਜਿਨ੍ਹਾਂ ਸੰਸਥਾਵਾਂ ਦੀ ਵਰਤਮਾਨ ਸਮੇਂ ਦੀ ਪੰਥਕ ਭਾਵਨਾ ਭਰੀ ਕਾਰਗੁਜ਼ਾਰੀ ਵੇਖ ਕੇ ਖ਼ੁਦ ਨੂੰ ਇਨ੍ਹਾਂ ਸੰਸਥਾਵਾਂ ਦੇ ਵਾਰਸ ਬਣਾਉਣ ਲਈ ਹਿਰਦੈ ਵਿੱਚ ਮਾਣ ਸਨਮਾਨ ਮਹਿਸੂਸ ਕਰਦਿਆਂ ਫੁੱਲੇ ਨਹੀਂ ਸੀ ਸਮਾਉਣਾ ਉਹ ਸਿੱਖੀ ਵਿਸ਼ਵਾਸ ਤੋਂ ਮੂੰਹ ਫੇਰਦੇ ਤੇ ਹੋਰ ਹੋਰ ਪਾਸੇ ਭਟਕਦੇ ਹੋਏ ਵੇਖੇ ਜਾ ਸਕਦੇ ਹਨ। ਦੁੱਖ ਇਸ ਗੱਲ ਦਾ ਇਨ੍ਹਾਂ ਸੰਸਥਾਵਾਂ ਦੇ ਨਾਮ ਧਰੀਕ ਗੈਰ ਜ਼ਿੰਮੇਵਾਰ ਆਗੂਆਂ ਨੂੰ ਇਸ ਗੱਲ ਦੀ ਕੋਈ ਲੱਥੀ ਚੜ੍ਹੀ ਨਹੀਂ ਕਿ ਸਾਡੀ ਨੌਜਵਾਨ ਪੀੜ੍ਹੀ ਕਿਹੜੀ ਕਿਹੜੀ ਮਾਨਸਿਕ ਪੀੜਾ ਥਾਣੀ ਗੁਜ਼ਰ ਰਹੀ ਹੈ। ਸਾਡੀ ਹਉਮੈ ਭਰੀ ਤੇ ਧੜਾਗ੍ਰਸਤ ਸੋਚ ਨੇ ਉਸ ਨੂੰ ਕਿਵੇਂ ਨਿਰਾਸਤਾ ਵੱਲ ਧੱਕ ਦਿੱਤਾ ਹੈ। ਕਿਉਂ ਨਹੀਂ ਅਸੀਂ ਆਪਣੇ ਪੰਥਕ ਜ਼ਾਬਤੇ ਵਿਹੂਣੇ ਕਦਮ ਰੋਕ ਲੈਂਦੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਵੱਲੋਂ ਆਏ ਬਿਆਨ ਨਾਲ ਵਕਤੀ ਵਿਰੋਧ ਰੋਕਣ ਦੀ ਕਿਧਰੇ ਖ਼ਾਨਾਪੂਰਤੀ ਤੇ ਨਹੀਂ ਹੈ? ਕਿ ਕਾਰਜਕਾਰਣੀ ਦੀ ਗ਼ੈਰ ਪ੍ਰਬੰਧਕੀ ਕਾਰਗੁਜ਼ਾਰੀ ਤੋਂ ਧਿਆਨ ਪਾਸੇ ਕਰਨ ਦੀ ਵਕਤੀ ਭਾਵਕ ਕਾਰਵਾਈ ਦਾ ਪ੍ਰਗਟਾਵਾ ਬਣ ਕੇ ਨ ਰਹਿ ਜਾਵੇ ਇਹ ਬਿਆਨ! ਕਿਉਂਕਿ ਪੰਥਕ ਸੁਹਿਰਦਤਾ ਵਾਲਾ ਇਤਬਾਰ ਇਸ ਮੌਕੇ ਕਿਸੇ ਤੇ ਕਰਣਾ ਬਹੁਤ ਔਖਾ ਹੈ।

ਅੱਜ ਜੋ ਹਸ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ 2 ਦਸੰਬਰ 2024 ਦੇ ਆਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਨੇ ਕੀਤਾ ਤੇ ਕਰਨ ਵਾਲਿਆਂ ਦਾ ਧੜਾ ਪਾਲਿਆ ਹੈ ਇਹ ਅੱਜ ਦੇ ਇਤਿਹਾਸ ਦਾ ਵੱਡਾ ਦੁਖਾਂਤ ਹੈ ਜਿਸ ਦੀ ਕਾਲਖ਼ ਨੂੰ ਛੇਤੀ ਮੇਟਿਆ ਹੀ ਨਹੀਂ ਜਾ ਸਕਦਾ। ਕੀ ਕਸੂਰ ਸੀ ਜਥੇਦਾਰਾਂ ਗਿਆਨੀ ਰਘਬੀਰ ਸਿੰਘ ਜੀ ਤੇ ਗਿਆਨੀ ਸੁਲਤਾਨ ਸਿੰਘ ਜੀ ਦਾ? ਉਨ੍ਹਾਂ ਨੂੰ ਵੀ ਉਨ੍ਹਾਂ ਦੀ ਆਪਣੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਪ੍ਰਤੀ ਬਣਦੀ ਵੱਡੇ ਪਹਿਰੇਦਾਰੀ ਤੋਂ ਇਸ ਨਖਾਸ ਧੜਾ ਗ੍ਰਸਤ ਆਗੂਆਂ ਨੇ ਕਮਜ਼ੋਰ ਕਰਨ ਦਾ ਅਪਰਾਧ ਵੀ ਕੀਤਾ ਹੈ। ਜੇਕਰ ਉਹ ਆਦੇਸ਼ਾਂ ਪ੍ਰਤੀ ਪੂਰੀ ਤਰ੍ਹਾਂ ਪਹਿਰੇਦਾਰੀ ਵਿੱਚ ਕਮਜ਼ੋਰ ਹੋਏ ਹਨ ਰਲਗੱਡ ਬਿਆਨ ਦੇਂਦੇ ਰਹੇ ਹਨ ਤਾਂ ਇਹ ਉਨ੍ਹਾਂ ਦਾ ਜਾਤੀ ਕਸੂਰ ਨਹੀਂ ਸੀ। ਉਨ੍ਹਾਂ 'ਤੇ ਦਬਾਅ ਬਣਾ ਕੇ ਕਈ ਤਰ੍ਹਾਂ ਦੀਆਂ ਅੜਚਨਾ ਖੜ੍ਹੀਆਂ ਕਰਕੇ ਉਨ੍ਹਾਂ ਦੀ ਪੰਥਕ ਛਵੀ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣ ਦਾ ਅਪਰਾਧ ਕੂੜੀ ਸਿਆਸਤ ਦੇ ਧੜੇਬਾਜਾਂ ਨੇ ਕੀਤਾ ਹੈ। ਹਾਲਾਂ ਕਿ ਇਸ ਸੱਚ ਤਥਾ ਹਕੀਕਤ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ ਉਨ੍ਹਾਂ ਨੂੰ ਤਖ਼ਤ ਸਾਹਿਬ ਦੇ ਸੇਵਕ ਹੁੰਦਿਆਂ ਅਡਿੱਗ ਰਹਿਣਾ ਚਾਹੀਦਾ ਸੀ ਭਾਵੇਂ ਇਹ ਧੜੇਬਾਜ਼ ਕਿਸੇ ਵੀ ਤਰ੍ਹਾਂ ਦਾ ਦਬਾਅ ਬਣਾਓਣ ਲਈ ਬਜ਼ਿਦ ਸਨ। ਦਲੇਰੀ ਤੇ ਇਹ ਚਾਹੀਦੀ ਸੀ ਉਨ੍ਹਾਂ ਦੀਆਂ ਦਬਾਅ ਭਰੀਆਂ ਕਰੂਰ ਕਾਰਵਾਈਆਂ ਨੂੰ ਪੰਥ ਦੇ ਸਨਮੁਖ ਰੱਖ ਕੇ ਨਸ਼ਰ ਕਰਦੇ।

ਪੰਥਕ ਤਾਲਮੇਲ ਸੰਗਠਨ ਇਕੋ ਇੱਕ ਗੁਰੂ ਪੰਥ ਦੀਆਂ ਸੁਹਿਰਦ ਸੰਸਥਾਵਾਂ ਦਾ ਸਮੂਹ ਹੀ ਹੈ ਜੋ ਪੰਥਕ ਮਾਣ ਮਰਯਾਦਾ ਦਾ ਜਾਤੀ ਪਹਿਰੇਦਾਰ ਵੀ ਹੈ ਤੇ ਪ੍ਰਚਾਰਕ ਵੀ ਹੈ। ਇਸ ਦੇ ਸਾਰੇ ਸਹਿਯੋਗੀ ਦਹਾਕਿਆਂ ਤੋਂ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਨੂੰ ਪੜ੍ਹਦੇ ਵਿਚਾਰਦੇ, ਅਮਲਾਉਂਦੇ ਹਨ।

ਬਿਆਨ ਵਿੱਚ ਹਾਲੀ ਵੀ ਪ੍ਰਧਾਨ ਜੀ ਸੰਪਰਦਾਵਾਂ ਦਾ ਧਿਆਨ ਰੱਖਣ ਦੀ ਗੱਲ ਕਰ ਰਹੇ ਹਨ! ਇਹ ਕੀ ਹੈ? ਪੰਥ ਵਿੱਚ ਕੋਈ ਵੀ ਸੰਪਰਦਾ ਨਹੀਂ ਹੈ ਕੇਵਲ ਪੰਥ ਹੀ ਪੰਥ ਹੈ। ਸੰਪਰਦਾਵਾਂ ਅਨਮੱਤ ਮਨਮੱਤ ਦੀਆਂ ਪਿੱਛਲੱਗ ਹਨ ਸਖਸ਼ੀ ਪ੍ਰਭਾਵ ਹੇਠ ਹਨ। ਜਦੋਂ ਕਿ ਗੁਰੂ ਜੀ ਨੇ ਸ਼ਬਦ ਗੁਰੂ ਜੀ ਦੀ ਤਾਬਿਆ ਕੀਤਾ ਹੈ। ਉਨ੍ਹਾਂ ਨੇ ਕੋਈ ਵੱਖਰੀ ਸੰਪਰਦਾ 1469 ਤੋਂ 1708 ਤੱਕ ਨਹੀਂ ਬਣਾਈ ਨ ਹੀ ਮਾਨਤਾ ਦਿੱਤੀ। ਪੰਥ ਇੱਕ ਹੀ ਇੱਕ ਹੈ। ਇਕ ਹੀ ਰਹੇਗਾ। ਪੰਥ ਵਿੱਚ ਕਿਸੇ ਸੰਪਰਦਾ ਨੂੰ ਮਾਨਤਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਜੋ ਸੰਪਰਦਾਵਾਂ ਆਪੂ ਬਣ ਕੇ ਵਿਚਰ ਰਹੀਆਂ ਹਨ ਇਹ ਪੰਥਕ ਇਕਸੁਰਤਾ ਇਕਸਾਰਤਾ ਦੇ ਰਾਹ ਦਾ ਰੋੜਾ ਬਣ ਗਈਆਂ ਹਨ ਤੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਢਾਹ ਲਾਉਣ ਦਾ ਅਭਾਗ ਹਨ। ਤਖ਼ਤਾਂ ਦੇ ਜਥੇਦਾਰਾਂ ਲਈ ਬਣਨ ਵਾਲਾ ਵਿਧੀ- ਵਿਧਾਨ ਪੰਥਕ ਸਿਧਾਂਤ ਦੀ ਕਸੌਟੀ 'ਤੇ ਖਰਾ ਉਤਰਨ ਵਾਲਾ ਚਾਹੀਦਾ ਹੈ। ਉਸ 'ਤੇ ਕਿਸੇ ਵੀ ਪ੍ਰਕਾਰ ਸੰਪਰਦਾਈ ਪ੍ਰਭਾਵ ਨਹੀਂ ਚਾਹੀਦਾ। ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਹੀ ਇਕੋ ਇੱਕ ਪੰਥ ਦੀ ਜੀਵਨ ਜਾਚ ਦਾ ਆਧਾਰ ਹੈ।

ਦਾਸ ਵੱਲੋਂ ਹੀ ਪਹਿਲਾ ਲੇਖ ਸੀ 'ਜਥੇਦਾਰਾਂ ਦੀ ਯੋਗਤਾ, ਨਿਯੁਕਤੀ ਅਧਿਕਾਰ ਤੇ ਸੇਵਾ ਮੁਕਤੀ ਬਾਰੇ ਅਜੀਤ ਰੋਜ਼ਾਨਾ ਜਲੰਧਰ ਵਿੱਚ ਸੰਨ 1998 ਨੂੰ। ਜਦੋਂ ਭਾਈ ਰਣਜੀਤ ਸਿੰਘ ਜੀ ਨੂੰ ਗ਼ੈਰ ਪ੍ਰਬੰਧਕੀ ਤਰੀਕੇ ਨਾਲ ਉਤਾਰਿਆ ਗਿਆ ਸੀ। ਭਾਵੇਂ ਉਨ੍ਹਾਂ ਦੀਆਂ ਕਈਆਂ ਗੱਲਾਂ ਨਾਲ ਜਾਤੀ ਅਸਹਿਮਤੀ ਵੀ ਰਹੀ। ਉਹ ਪੰਥਕ ਮਾਣ ਮਰਯਾਦਾ ਨਾਲੋਂ ਆਪਣੇ ਜਾਤੀ ਵਿਕਾਰ ਤੇ ਸਮਝ ਨੂੰ ਅੱਗੇ ਰੱਖ ਕੇ ਫੈਸਲੇ ਲੈਣ ਵਿੱਚ ਯਕੀਨ ਕਰਦੇ ਸਨ। ਸਾਥੀਆਂ ਨੂੰ ਵੀ ਨਾਲ ਰੱਖਣ ਤੋਂ ਪਾਸਾ ਵਟ ਗਏ ਸਨ। ਪੰਥ ਤਾਂ ਪੰਥ ਹੈ। ਪੰਥਕ ਮਾਣ ਮਰਯਾਦਾ ਤੋਂ ਉੱਪਰ ਕੋਈ ਵਿਅਕਤੀ ਜਾਂ ਸੰਸਥਾ ਨਹੀਂ ਹੋ ਸਕਦੀ। ਉਸ ਵਕਤ ਕਿਧਰੇ ਜਥੇਦਾਰਾਂ ਲਈ ਪੰਥਕ ਵਿਧੀ ਵਿਧਾਨ ਹੁੰਦਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਵਿੱਚ ਧੜੇਬੰਦੀ ਕਰਕੇ ਸਿਆਸੀ ਪ੍ਰਭਾਵ ਵਾਲੇ ਪਾਪ ਕਰਮ ਤੋਂ ਵੀ ਬਚਿਆ ਜਾ ਸਕਦਾ ਸੀ। ਪ੍ਰਬੰਧ ਦੀ ਕਮਜ਼ੋਰੀ ਇਹ ਲੰਮੇ ਸਮੇਂ ਤੋਂ ਹੈ ਪ੍ਰਬੰਧਕਾਂ ਵਿੱਚ ਪੰਥਕ ਮਾਣ ਮਰਯਾਦਾ ਦੀ ਥਾਂ, ਆਪਣੀ ਪ੍ਰਭਤਾ ਵਧੇਰੇ ਮਹੱਤਵਪੂਰਣ ਜਾਪਦੀ ਰਹਿੰਦੀ ਹੈ। ਜਦੋਂ ਕਿਧਰੇ ਇਨ੍ਹਾਂ ਦੀ ਪ੍ਰਭਤਾ ਲਈ ਥੋੜ੍ਹਾ ਜਿਹਾ ਵੀ ਖ਼ਤਰਾ ਜਾਪਦਾ ਹੈ ਤਾਂ ਫਿਰ ਤਖ਼ਤਾਂ ਸੇਵਾਦਾਰਾਂ ਦੇ ਮਾਣ ਸਨਮਾਨ ਨੂੰ ਪ੍ਰਬੰਧਕੀ ਹਉਮੈਂ ਦੇ ਪੈਰਾਂ ਹੇਠ ਮਸਲਣ ਤੋਂ ਰਤਾ ਵੀ ਲਿਹਾਜ ਤਥਾ ਗੁਰੇਜ ਨਹੀਂ ਕੀਤਾ ਜਾਦਾ।

ਅੱਜ ਬਿਆਨ ਵਿੱਚ ਇਹ ਵੀ ਹੈ ਸੇਵਾ ਮੁਕਤੀ ਵੀ ਸਤਿਕਾਰ ਸਹਿਤ ਕਰਨ ਦੀ ਮਰਯਾਦਾ ਬਣੇਗੀ। ਇਹ ਕਿਹਾ ਗਿਆ ਜਿਨ੍ਹਾਂ ਨੂੰ ਧੱਕੇ ਨਾਲ ਉਤਾਰਿਆ ਹੈ ਉਨ੍ਹਾ ਦਾ ਵੀ ਸਨਮਾਨ ਕੀਤਾ ਜਾਵੇਗਾ। ਇਨ੍ਹਾਂ ਗੱਲਾਂ ਵਿੱਚ ਪੰਥਕ ਅਦਬ ਦੀ ਥਾਂ ਆਪਣੀ ਚਮੜੀ ਬਚਾਉਣ ਵਾਲੀ ਕਲਾਬਾਜ਼ੀ ਵਧੇਰੇ ਹੈ। ਜੋ ਅਪਮਾਨ ਤੁਸੀਂ ਗਲਤ ਢੰਗ ਨਾਲ ਉਤਾਰਦਿਆਂ ਕਰ ਦਿੱਤਾ ਹੈ, ਦੱਸੋ ਉਹ, ਉਸ ਸੱਜਣਾਂ ਨੂੰ ਕਿਥੋਂ ਵਾਪਸ ਮੋੜੋਗੇ? ਲੱਖ ਸਿਰੋਪਾਓ ਵੀ ਉਨ੍ਹਾਂ ਦਾ ਸਨਮਾਨ ਵਾਪਸ ਨਹੀਂ ਕਰ ਸਕਦੇ। ਇਹੋਂ ਜਿਹੀਆਂ ਮੂੰਹ ਲੁਕਵੀਆਂ ਗੱਲਾਂ ਦੇ ਕੋਈ ਅਰਥ ਨਹੀਂ। ਹੁਣ ਤੇ ਕੀਤੇ ਤੋਂ ਸਿੱਖਣ ਦੀ ਲੋੜ ਹੈ।

ਆਗੈ ਸਮਝ ਚਲੋ ਨੰਦ ਲਾਲਾ। ਪਾਛੈ ਜੋ ਬੀਤੀ ਸੋ ਬੀਤੀ।

ਇਹ ਮੌਕਾ ਹੈ ਪੰਥ ਪ੍ਰਸਤ ਸੰਸਥਾਵਾਂ ਦੇ ਸੇਵਕਾਂ ਲਈ ਉਹ ਅੱਗੇ ਆਉਣ। ਵਿਧੀ-ਵਿਧਾਨ ਬਣਾਉਣ ਵਿੱਚ ਵੱਡੇ ਪੰਥਕ ਸੰਦਰਭ ਵਿੱਚ ਲਿਖਤੀ ਸੁਝਾਅ ਪੇਸ਼ ਕਰਨ। ਜੋ ਵੀ ਸਰੂਪ ਇਸ ਨੂੰ ਤਿਆਰ ਕਰਨ ਲਈ ਨਿਯਤ ਹੋਵੇ ਉਸ ਨਾਲ ਮਿਲ ਬੈਠ ਕੇ ਪੂਰੇ ਸੰਸਾਰ ਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਸ਼ਮੂਲੀਅਤ ਕਰਵਾਉਣ।

ਹਾਲੀ ਵੱਡਾ ਮੁੱਦਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂ ਸੱਤਾ ਦੀ ਸੰਭਾਲ ਲਈ ਪੰਥਕ ਪ੍ਰਬੰਧ ਦੀ ਰੂਪ ਰੇਖਾ ਘੜਨ ਦਾ। ਇਸ ਦੇ ਪ੍ਰਬੰਧ ਲਈ ਸੰਸਾਰ ਭਰ ਦੇ ਸਿੱਖਾਂ ਦੀ ਭਾਈਵਾਲੀ ਵਾਲਾ ਪ੍ਰਬੰਧ ਅਤਿ ਜ਼ਰੂਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਪੰਥ ਦੀ ਨੁਮਾਇੰਦਗੀ ਨਹੀਂ ਕਰਦੀ, ਕਦੇ ਕਰਦੀ ਸੀ ਮਗਰ ਅੱਜ ਨਹੀਂ।

ਅਸੀਂ ਧੜਿਆਂ ਦੇ ਪ੍ਰਭਾਵ ਨੂੰ ਪਹਿਲ ਦੇ ਪੰਥਕ ਮਾਣ ਮਰਯਾਦਾ ਦੇ ਘਾਣ ਕਰਨ ਨੂੰ ਕਈ ਵਾਰ ਪਹਿਲ ਕਰਦੇ ਆ ਰਹੇ ਹਾਂ। ਸਾਡੀਆਂ ਸੰਸਥਾਵਾਂ, ਜਿਨ੍ਹਾਂ 'ਤੇ ਸਮੂਹ ਪੰਥ ਰੱਜ ਕੇ ਮਾਣ ਕਰਦਾ ਸੀ ਧੜਿਆਂ ਦੀ ਬਿਮਾਰੀ ਕਰਕੇ ਕੱਖੋਂ ਹੌਲੀਆਂ ਕਰ ਲਈਆਂ ਹਨ। ਅੱਜ ਸੁਹਿਰਦ ਸਿੱਖ ਨਾਮ ਲੈਣ ਲੱਗਿਆਂ ਸੋਚਣ ਲੱਗੇ ਹਨ ਕਿ ਮੈਂ ਕੋਈ ਅਪਰਾਧ ਤੇ ਨਹੀਂ ਕਰ ਰਿਹਾ ਨਾਮ ਲੈ ਕੇ। ਇਹ ਤੇ ਹੁਣ ਪੰਥ ਦੀ ਵਫ਼ਾ ਵਿਚ ਖੜੀਆਂ ਹੀ ਨਹੀਂ ਹਨ। ਇਨ੍ਹਾਂ ਦੇ ਵਰਤਮਾਨ ਆਗੂਆਂ ਨੇ ਇਨ੍ਹਾਂ ਸੰਸਥਾਵਾਂ ਦੀਆ ਬੀਤੇ ਵਿੱਚ ਪੰਥ ਪ੍ਰਸਤ ਸੇਵਕਾਂ ਰਾਹੀਂ ਕੀਤੀਆਂ ਪ੍ਰਾਪਤੀਆਂ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਵਾਲਿਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸੇਵਕ ਕਹਿਣਾ ਖ਼ੁਦ ਨੂੰ ਜ਼ਲੀਲ ਕਰਨਾ ਹੈ।

# ਕਾਨੂੰਨੀ ਢੰਗ ਨਾਲ ਹੀ ਅਮਰੀਕਾ ਆਓ, ਆਪਣੇ ਭਵਿੱਖ ਨੂੰ ਖ਼ਤਰੇ ਵਿੱਚ ਨਾ ਪਾਓ



ਜਾਰਗਨ ਐਂਡਰਿਊਜ
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ




ਰਾਸ਼ਟਰਪਤੀ ਟਰੰਪ ਚਾਹੁੰਦੇ ਹਨ ਕਿ ਅਮਰੀਕਾ ਨੂੰ ਸੁਰੱਖਿਅਤ, ਮਜ਼ਬੂਤ ਤੇ ਖੁਸ਼ਹਾਲ ਰੱਖਣ ਨੂੰ ਯਕੀਨੀ ਬਣਾਉਣ ਲਈ ਅਮਰੀਕੀ ਇੰਮੀਗ੍ਰੇਸ਼ਨ (ਆਵਾਸ) ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਜੇਕਰ ਤੁਸੀਂ ਗ਼ੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋ, ਵੀਜ਼ਾ ਪ੍ਰਾਪਤ ਕਰਨ ਲਈ ਝੂਠ ਬੋਲਦੇ ਹੋ, ਕਾਨੂੰਨੀ ਇਜਾਜ਼ਤ ਬਗੈਰ ਇਥੇ ਕੰਮ ਕਰਦੇ ਹੋ, ਆਪਣੇ ਵੀਜ਼ਾ ਜਾਂ ਵੀਜ਼ਾ ਛੋਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿੰਦੇ ਹੋ ਤਾਂ ਤੁਹਾਨੂੰ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਵੇਗਾ। ਇਨ੍ਹਾਂ ਸਜ਼ਾਵਾਂ ਵਿੱਚ ਜੇਲ੍ਹ ਦੀ ਸਜ਼ਾ, ਦੇਸ਼ ਨਿਕਾਲਾ ਅਤੇ ਭਵਿੱਖ ਵਿੱਚ ਅਮਰੀਕੀ ਵੀਜ਼ਾ ਪ੍ਰਾਪਤ ਕਰਨ ’ਤੇ ਸਥਾਈ ਪਾਬੰਦੀ ਆਦਿ ਸ਼ਾਮਿਲ ਹਨ। ਜੇਕਰ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਜਾਂ ਦੋਸਤ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਰਹਿ ਰਿਹਾ ਹੈ ਤਾਂ ਉਸ ਨੂੰ ਘਰ ਵਾਪਸ ਆਉਣ ਲਈ ਕਹਿਣ ਦਾ ਇਹ ਬਿਲਕੁੱਲ ਸਹੀ ਸਮਾਂ ਹੈ।

**ਗ਼ੈਰ-ਕਾਨੂੰਨੀ ਆਉਣ ਵਾਲੇ ਫੜੇ ਜਾਣਗੇ**

ਕੁਝ ਲੋਕਾਂ ਨੂੰ ਲਗਦਾ ਹੈ ਕਿ ਉਹ ਅਮਰੀਕਾ ਵਿੱਚ ਘੁਸਪੈਠ ਕਰ ਸਕਦੇ ਹਨ ਅਤੇ ਫੜੇ ਜਾਣ ਤੋਂ ਵੀ ਬਚ ਸਕਦੇ ਹਨ, ਪਰ ਇਹ ਸੱਚ ਨਹੀਂ ਹੈ। ਟਰੰਪ ਪ੍ਰਸ਼ਾਸਨ ਨੇ ਸਰਹੱਦੀ ਸੁਰੱਖਿਆ ਵਧਾ ਦਿੱਤੀ ਹੈ, ਜਿਸ ਦੇ ਚਲਦਿਆਂ ਗ੍ਰਿਫ਼ਤਾਰ ਹੋਣ ਵਾਲੇ ਅਤੇ ਦੇਸ਼ ਨਿਕਾਲਾ ਦਿੱਤੇ ਗਏ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ। ਫਰਵਰੀ 2025 ਵਿੱਚ ਫਰਵਰੀ 2024 ਦੇ ਮੁਕਾਬਲੇ ਗ਼ੈਰ-ਕਾਨੂੰਨੀ ਤੌਰ ’ਤੇ ਸਰਹੱਦ ਪਾਰ ਕਰਨ ਵਾਲਿਆਂ ਦੀ ਗਿਣਤੀ ਵਿੱਚ 94 ਫ਼ੀਸਦੀ ਦੀ ਕਮੀ ਆਈ ਹੈ, ਜਦਕਿ ਅਮਰੀਕਾ ਅੰਦਰ ਗੈਰ-ਕਾਨੂੰਨੀ ਤੌਰ ’ਤੇ ਸਰਹੱਦ ਪਾਰ ਕਰਨ ਵਾਲਿਆਂ ਦੀਆਂ ਗ੍ਰਿਫ਼ਤਾਰੀਆਂ ਵਿੱਚ 627 ਫ਼ੀਸਦੀ ਦਾ ਵਾਧਾ ਹੋਇਆ ਹੈ। ਜੇਕਰ ਤੁਸੀਂ ਅਮਰੀਕੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋ ਜਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਰਹਿੰਦੇ ਹੋ ਤਾਂ ਤੁਸੀਂ ਫੜੇ ਜਾਵੋਗੇ ਅਤੇ ਤੁਹਾਨੂੰ ਹਿਰਾਸਤ ਵਿੱਚ ਲੈਣ ਬਾਅਦ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਤੁਹਾਨੂੰ ਦੁਬਾਰਾ ਕਦੇ ਵੀ ਅਮਰੀਕਾ ਆਉਣ ਤੋਂ ਰੋਕਿਆ ਜਾ ਸਕਦਾ ਹੈ ਜਾਂ ਜੁਰਮਾਨੇ ਅਤੇ ਅਪਰਾਧਿਕ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਵੀਜ਼ਾ ਧੋਖਾਧੜੀ**

ਅਮਰੀਕੀ ਵੀਜ਼ਾ ਪ੍ਰਕਿਰਿਆ ਦੁਨੀਆਂ ਦੀਆਂ ਸਭ ਤੋਂ ਸੁਰੱਖਿਅਤ ਪ੍ਰਕਿਰਿਆਵਾਂ ਵਿਚੋਂ ਇੱਕ ਹੈ। ਫਿਰ ਵੀ ਕਈ ਲੋਕ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਝੂਠੀਆਂ ਅਰਜ਼ੀਆਂ ਲਿਖ ਕੇ ਜਾਂ ਵੀਜ਼ਾ ਮਿਆਦ ਖਤਮ ਹੋਣ ਦੇ ਬਾਵਜੂਦ ਵੀ ਅਮਰੀਕਾ ਵਿੱਚ ਰਹਿ ਕੇ ਵਿਵਸਥਾ (ਸਿਸਟਮ) ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਹ ਸਭ ਵੀਜ਼ਾ ਧੋਖਾਧੜੀ ਦੀਆਂ ਉਦਾਹਰਨਾਂ ਹਨ ਅਤੇ ਗੰਭੀਰ ਅਪਰਾਧ ਮੰਨੇ ਜਾਂਦੇ ਹਨ। ਇਸ ਤਰ੍ਹਾਂ ਦੀ ਕੋਈ ਵੀ ਧੋਖਾਧੜੀ ਕਰਕੇ ਅਮਰੀਕੀ ਕਾਨੂੰਨਾਂ ਨੂੰ ਤੋੜਨ ’ਤੇ ਤੁਹਾਨੂੰ ਸਜ਼ਾ ਮਿਲੇਗੀ ਅਤੇ ਤੁਹਾਨੂੰ ਦੁਬਾਰਾ ਕਦੇ ਵੀ ਅਮਰੀਕਾ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

**ਅਮਰੀਕੀ ਸਰਹੱਦਾਂ ਦੀ ਸੁਰੱਖਿਆ**

ਜੋ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਲਈ ਖ਼ਤਰਨਾਕ ਯਾਤਰਾ (ਡੌਂਕੀ) ਦੇ ਤਰੀਕੇ ਅਪਣਾਉਣ ਬਾਰੇ ਸੋਚ ਰਹੇ ਹਨ ਤਾਂ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਜਿਹਾ ਕਰਨਾ ਉਨ੍ਹਾਂ ਲਈ ਸੁਰੱਖਿਅਤ ਨਹੀਂ, ਇਥੋਂ ਤੱਕ ਕਿ ਉਨ੍ਹਾਂ ਦੀ ਜਾਨ ਵੀ ਖਤਰੇ ਵਿੱਚ ਪੈ ਸਕਦੀ ਹੈ। ਮਨੁੱਖੀ ਤਸਕਰੀ ਕਰਨ ਵਾਲੇ ਕਾਰਟੈਲ ਤੇ ਅਪਰਾਧਿਕ ਗਰੋਹ ਅਕਸਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਕੋਲੋਂ ਜਬਰੀ ਵਸੂਲੀ ਕਰਨ ਲਈ ਹਿੰਸਾ ਕਰਦੇ ਹਨ। ਇਸ ਰਸਤੇ ’ਤੇ ਚੱਲਣ ਵਾਲੇ ਬਹੁਤੇ ਲੋਕ ਕਦੇ ਵੀ ਆਪਣੀ ਮੰਜ਼ਿਲ ਭਾਵ ਅਮਰੀਕਾ ਤੱਕ ਨਹੀਂ ਪਹੁੰਚ ਪਾਉਂਦੇ। ਅਮਰੀਕਾ ਗੈਰ-ਕਾਨੂੰਨੀ ਤੌਰ ’ਤੇ ਆਪਣੇ ਦੇਸ਼ ਦੀ ਸਰਹੱਦ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਰੋਕਣ ਲਈ ਪੱਛਮੀ ਦੇਸ਼ਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਅਮਰੀਕਾ ਦਾ ਮੰਨਣਾ ਹੈ ਕਿ ਉਹ ਆਪਣੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਕੇ ਨਾ ਸਿਰਫ਼ ਅਮਰੀਕੀ ਨਾਗਰਿਕਾਂ ਦੀ ਰੱਖਿਆ ਕਰ ਰਿਹਾ ਹੈ, ਸਗੋਂ ਆਪਣੇ ਲੋਕਾਂ ਨੂੰ ਗੈਰ-ਕਾਨੂੰਨੀ ਇੰਮੀਗ੍ਰੇਸ਼ਨ ਕਾਰਨ ਹੋਣ ਵਾਲੇ ਖ਼ਤਰਿਆਂ ਤੋਂ ਵੀ ਬਚਾਅ ਰਿਹਾ ਹੈ।

**ਸਭ ਦੀ ਜਵਾਬਦੇਹੀ**

ਅਮਰੀਕਾ ਸਰਕਾਰ ਉਨ੍ਹਾਂ ਸਭ ਲੋਕਾਂ ਵਿਰੁੱਧ ਵੀ ਕਾਰਵਾਈ ਕਰ ਰਹੀ ਹੈ, ਜੋ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣ ਵਾਲਿਆਂ ਦੀ ਮਦਦ ਕਰਦੇ ਹਨ। ਇਨ੍ਹਾਂ ਵਿੱਚ ਮਨੁੱਖੀ ਤਸਕਰੀ ਕਰਨ ਵਾਲਿਆਂ ਤੋਂ ਇਲਾਵਾ ਉਹ ਵਿਦੇਸ਼ੀ ਸਰਕਾਰੀ ਅਧਿਕਾਰੀ ਵੀ ਸ਼ਾਮਿਲ ਹਨ, ਜੋ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਜਾਰੀ ਰੱਖਣ ਦੀ ਇਜਾਜ਼ਤ ਦਿੰਦੇ ਹਨ। ਹਾਲ ਹੀ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਵਿਦੇਸ਼ੀ ਅਧਿਕਾਰੀਆਂ-ਜਿਨ੍ਹਾਂ ਵਿੱਚ ਇਮੀਗ੍ਰੇਸ਼ਨ, ਕਸਟਮ ਅਤੇ ਬੰਦਰਗਾਹਾਂ ਦੇ ਕਰਮਚਾਰੀ ਸ਼ਾਮਿਲ ਹਨ, ਉਨ੍ਹਾਂ ਸਭ ਲਈ ਇੱਕ ਨਵੀਂ ਵੀਜ਼ਾ ਪਾਬੰਦੀ ਨੀਤੀ ਦਾ ਐਲਾਨ ਉਨ੍ਹਾਂ ਲਈ ਕੀਤਾ ਹੈ ਜੋ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਵਿੱਚ ਅਸਫਲ ਰਹਿੰਦੇ ਹਨ। ਇਹ ਨੀਤੀ ਟਰਾਂਸਪੋਰਟ ਅਤੇ ਸੈਰ-ਸਪਾਟਾ ਉਦਯੋਗ ਵਿੱਚ ਕੰਮ ਕਰਨ ਵਾਲੇ ਲੋਕਾਂ ਲਈ ਪਹਿਲਾਂ ਤੋਂ ਹੀ ਲਾਗੂ ਪਾਬੰਦੀਆਂ ਦੀ ਪਾਲਣਾ ਕਰਦੀ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਜਿਹੜੇ ਲੋਕ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਵਿਚ ਮਦਦ ਕਰਕੇ ਅਮਰੀਕੀ ਸੁਰੱਖਿਆ ਨੂੰ ਖ਼ਤਰਾ ਪੈਦਾ ਕਰਦੇ ਹਨ, ਉਨ੍ਹਾਂ ਦਾ ਸਾਡੇ ਦੇਸ਼ ਵਿੱਚ ਸਵਾਗਤ ਨਹੀਂ ਹੈ।

**ਬਦਲ ਸਪੱਸ਼ਟ ਹੈ-ਕਾਨੂੰਨ ਦੀ ਪਾਲਣਾ ਕਰੋ**

ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣ ਦੀ ਕੋਸ਼ਿਸ਼ ਕਰਨ ਦੇ ਜੋਖਮ ਕਿਸੇ ਵੀ ਸੰਭਾਵੀ ਲਾਭਾਂ ਤੋਂ ਕਿਤੇ ਵੱਧ ਹਨ। ਅਜਿਹਾ ਕਰਕੇ ਤੁਸੀਂ ਆਪਣੀ ਜਾਨ ਗੁਆ ਸਕਦੇ ਹੋ, ਅਪਰਾਧੀਆਂ ਦਾ ਸ਼ਿਕਾਰ ਬਣ ਸਕਦੇ ਹੋ ਜਾਂ ਕਿਸੇ ਕਾਨੂੰਨੀ ਕਾਰਵਾਈ ਵਿੱਚ ਫਸ ਕੇ ਆਪਣੇ ਅਤੇ ਆਪਣੇ ਪਰਿਵਾਰ ਦੇ ਭਵਿੱਖ ਨੂੰ ਨੁਕਸਾਨ ਪਹੁੰਚਾ ਸਕਦੇ ਹੋ। ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ ’ਤੇ ਦਾਖਲ ਹੋਣਾ ਨਾ ਸਿਰਫ਼ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਹੈ, ਸਗੋਂ ਇਹ ਤੁਹਾਡੀ ਆਪਣੀ ਸਲਾਮਤੀ ਤੇ ਸੁਰੱਖਿਆ ਨੂੰ ਵੀ ਖ਼ਤਰੇ ਵਿੱਚ ਪਾਉਂਦਾ ਹੈ। ਇਸ ਲਈ ਸਜ਼ਾਵਾਂ ਬਹੁਤ ਸਖ਼ਤ ਹਨ-ਜਿਨ੍ਹਾਂ ਵਿੱਚ ਜੇਲ੍ਹ ਦੀ ਸਜ਼ਾ, ਆਪਣੇ ਪਰਿਵਾਰ ਤੋਂ ਅਲਹਿਦਗੀ ਅਤੇ ਅਮਰੀਕਾ ਵਿੱਚ ਦੁਬਾਰਾ ਕਦੇ ਵੀ ਦਾਖਲ ਹੋਣ ’ਤੇ ਸਥਾਈ ਪਾਬੰਦੀ ਆਦਿ ਸ਼ਾਮਿਲ ਹਨ। ਸਾਰਿਆਂ ਲਈ ਸਰਲ ਤੇ ਸਪੱਸ਼ਟ ਸੁਨੇਹਾ ਇਹੀ ਹੈ ਕਿ ਸਹੀ ਬਦਲ ਦੀ ਚੋਣ ਕਰਕੇ ਕਾਨੂੰਨ ਦੀ ਪਾਲਣਾ ਕਰੋ, ਆਪਣੀ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਤੇ ਭਵਿੱਖ ਨੂੰ ਜੋਖਮ ਵਿੱਚ ਨਾ ਪਾਓ।

**-ਚਾਰਜ ਡੀ ਅਫੈਅਰਜ਼, ਅਮਰੀਕੀ ਅੰਬੈਸੀ, ਨਵੀਂ ਦਿੱਲੀ।**

# ਕਿਸਾਨੀ ਧਰਨੇ ’ਤੇ ਸੂਬਾ ਸਰਕਾਰ ਦੀ ਵੱਡੀ ਕਾਰਵਾਈ ਅਤੇ ਭਵਿੱਖ ਦੀਆਂ ਚੁਣੌਤੀਆਂ



ਬਘੇਲ ਸਿੰਘ ਧਾਲੀਵਾਲ



ਬੀਤੇ ਦਿਨੀਂ ਖਨੌਰੀ ਅਤੇ ਸ਼ੰਭੂ ਬਾਰਡਰ ’ਤੇ ਪਿਛਲੇ 13 ਮਹੀਨਿਆਂ ਤੋ ਐਮ. ਐਸ. ਪੀ. ਸਮੇਤ ਕੱਝ ਹੋਰ ਮੰਗਾਂ ਲਈ ਕੇਂਦਰ ਦੀ ਸਰਕਾਰ ਖ਼ਿਲਾਫ਼ ਲੱਗੇ ਧਰਨੇ ਨੂੰ ਪੰਜਾਬ ਸਰਕਾਰ ਦੇ ਸਖ਼ਤ ਹੁਕਮਾਂ ’ਤੇ ਪੰਜਾਬ ਪੁਲਿਸ ਵੱਲੋਂ ਹਟਾ ਦਿੱਤਾ ਗਿਆ ਹੈ। ਇਹ ਧਰਨਾ ਚੁਕਵਾਉਣ ਲਈ ਪੰਜਾਬ ਪੁਲਿਸ ਵੱਲੋਂ ਜਿਸ ਤਰ੍ਹਾਂ ਦੀ ਪਹੁੰਚ ਅਪਣਾਈ ਗਈ, ਉਹਦੇ ’ਤੇ ਵੀ ਰਲਵੇਂ ਮਿਲਵੇਂ ਪ੍ਰਤੀਕਰਮ ਸੁਣਨ ਨੂੰ ਮਿਲ ਰਹੇ ਹਨ,ਪਰ ਜਿਸ ਤਰ੍ਹਾਂ ਕਿਸਾਨਾਂ ਨੂੰ ਖਦੇੜਨ ਸਮੇਂ ਉਹਨਾਂ ਨੂੰ ਸਮਾਨ ਸਾਂਭਣ ਦਾ ਵੀ ਸਮਾਂ ਨਹੀਂ ਦਿੱਤਾ ਗਿਆ, ਬਲਕਿ ਕਿਸਾਨਾਂ ਦੇ ਸਮਾਨ ਨੂੰ ਇਸ ਤਰ੍ਹਾਂ ਲੁੱਟਿਆ ਪੁੱਟਿਆ ਗਿਆ, ਜਿਵੇਂ ਪੁਰਾਤਨ ਇਤਿਹਾਸ ਵਿੱਚ ਰਾਜੇ ਆਪਣੇ ਵਿਰੋਧੀਆਂ ’ਤੇ ਹਮਲਾ ਕਰਨ ਤੋ ਬਾਅਦ ਵਿਰੋਧੀ ਰਾਜੇ ਦੀ ਪਰਜਾ ਨੂੰ ਲੁੱਟ ਪੁੱਟ ਲਿਆ ਕਰਦੇ ਸਨ। ਭਾਵੇਂ ਇਹ ਹੁਕਮ ਕੇਂਦਰ ਸਰਕਾਰ ਦੇ ਇਸ਼ਾਰੇ ’ਤੇ ਸੂਬਾ ਸਰਕਾਰ ਨੇ ਪੁਲਿਸ ਨੂੰ ਦਿੱਤੇ ਹਨ, ਪਰੰਤੂ ਇਹ ਵਰਤਾਰਾ ਪੰਜਾਬ ਪੁਲਿਸ ਦੇ ਪਹਿਲਾਂ ਤੋਂ ਹੀ ਬਣੇ ਲੋਕ ਵਿਰੋਧੀ ਅਕਸ ਨੂੰ ਹੋਰ ਉੱਘੜਵੇਂ ਰੂਪ ਵਿੱਚ ਪੇਸ਼ ਕਰਨ ਵਾਲਾ ਹੈ। ਕਿਸਾਨਾਂ ਦੇ ਖਾਣ ਪੀਣ ਦਾ ਸਮਾਨ, ਕੱਪੜਾ ਲੱਤਾ,ਬਿਜਲੀ ਦਾ ਸਮਾਨ ਜਿਸ ਵਿੱਚ ਪੱਖੇ, ਕੂਲਰ, ਵਾਸ਼ਿੰਗ ਮਸ਼ੀਨਾਂ ਅਤੇ ਏ. ਸੀ. ਆਦਿ ਸ਼ਾਮਿਲ ਹਨ, ਸਭ ਚੁੱਕ ਲਏ ਗਏ ਹਨ। ਚਸ਼ਮਦੀਦ ਪੱਤਰਕਾਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਕਿਸਾਨਾਂ ਦੇ ਸਮਾਨ ਨੂੰ ਮੂੰਹ ਢਕੇ ਵਾਲੇ ਵਿਅਕਤੀਆਂ ਵੱਲੋਂ ਚੁੱਕਿਆ ਗਿਆ। ਇੱਕ ਗੈਸ ਸਿਲੰਡਰ ਚੁੱਕਦੇ ਪੁਲਿਸ ਮੁਲਾਜ਼ਮ ਬਾਰੇ ਵੀ ਉਹਨਾਂ ਪੱਤਰਕਾਰਾਂ ਵੱਲੋਂ ਦੱਸਿਆ ਗਿਆ ਹੈ ਕਿ ਪੁਲਿਸ ਮੁਲਾਜ਼ਮ ਨੇ ਸਿਲੰਡਰ ਨੂੰ ਕੱਪੜੇ ਨਾਲ ਢੱਕਦਿਆਂ ਚੁੱਕਣ ਸਮੇਂ ਕਿਹਾ ਕਿ ਚਲੋ ਥਾਣੇ ਵਿੱਚ ਕੰਮ ਆਵੇਗਾ। ਦੱਸਿਆ ਜਾ ਰਿਹਾ ਸੀ ਕਿ ਮੂੰਹ ਢਕੇ ਵਾਲੇ ਕੁੱਝ ਵਿਅਕਤੀ ਟਰਾਲੀਆਂ ਵੀ ਉੱਥੋ ਖਿੱਚ ਕੇ ਲਿਜਾ ਰਹੇ ਸਨ,ਜਿੰਨਾਂ ਵਿਚੋਂ ਕੁੱਝ ਟਰਾਲੀਆਂ ਖੇਤਾਂ ਵਿੱਚ, ਕੁੱਝ ਖਤਾਨਾਂ ਵਿੱਚ ਸੁੱਟ ਦਿੱਤੀਆਂ ਗਈਆਂ ਅਤੇ ਕਿਸਾਨਾਂ ਦੇ ਤੰਬੂਆਂ ਨੂੰ ਸਮੇਤ ਸਮਾਨ ਜੇ ਬੀ ਸੀ ਮਸ਼ੀਨਾਂ ਲਾ ਕੇ ਨਸ਼ਟ ਕੀਤਾ ਗਿਆ। ਸੋ ਇਹ ਕੁਰੱਖਤ ਵਰਤਾਰਾ ਆਉਣ ਵਾਲੇ ਬੇਹੱਦ ਖਤਰਨਾਕ ਸਮੇਂ ਵੱਲ ਇਸ਼ਾਰਾ ਕਰਦਾ ਹੈ। ਪੰਜ ਸੱਤ ਸੌ ਕਿਸਾਨਾਂ ਨੂੰ ਖਦੇੜਨ ਖਾਤਰ ਤਿੰਨ ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ, ਤਾਂ ਕਿ ਇਸ ਕਾਰਵਾਈ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੋਈ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਏਥੇ ਸੋਚਣ ਸਮਝਣ ਵਾਲੀ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਪੁਰ ਅਮਨ ਕੇਂਦਰ ਸਰਕਾਰ ਦੇ ਖ਼ਿਲਾਫ਼ ਪੱਕਾ ਧਰਨਾ ਲਾਈ ਬੈਠੇ ਕਿਸਾਨਾਂ ਤੋਂ ਇੱਕਦਮ ਪੰਜਾਬ ਸਰਕਾਰ ਨੂੰ ਕੀ ਪਰੇਸ਼ਾਨੀ ਹੋ ਗਈ ਕਿ ਕਿਸਾਨਾਂ ਨੂੰ ਬਗੈਰ ਸੂਚਿਤ ਕੀਤਿਆਂ ਹੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਭਾਵੇਂ ਕਿ ਪੁਲਿਸ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਕਿਸਾਨ ਨਾਲ ਕੋਈ ਵਧੀਕੀ ਨਹੀ ਕੀਤੀ ਗਈ ਨਾ ਹੀ ਕਿਸਾਨਾਂ ਵਿਰੁੱਧ ਤਾਕਤ ਦੀ ਵਰਤੋਂ ਕੀਤੀ ਗਈ ਹੈ,ਬਲਕਿ ਉਹਨਾਂ ਨੂੰ ਉਹਨਾਂ ਦੀ ਮਰਜ਼ੀ ਅਨੁਸਾਰ ਸੁਰਖਿਆ ਥਾਵਾਂ ’ਤੇ ਪਹੁੰਚਾ ਦਿੱਤਾ ਗਿਆ ਹੈ, ਜਦੋਂਕਿ ਦੂਜੇ ਪਾਸੇ ਓਥੇ ਮੌਕੇ ’ਤੇ ਮੌਜੂਦ ਪੱਤਰਕਾਰਾਂ ਨੇ ਉਪਰੋਕਤ ਮੰਜਰ ਨੂੰ ਕਵਰ ਕਰਦਿਆਂ ਮੌਕੇ ਦੀਆਂ ਉਹ ਤਸਵੀਰਾਂ ਜਾਰੀ ਕੀਤੀਆਂ ਹਨ,ਜਿੰਨਾਂ ਵਿੱਚ ਬਜੁਰਗ ਕਿਸਾਨਾਂ ਨੂੰ ਸਿਰਾਂ ਉੱਪਰ ਕੱਪੜਿਆਂ ਦੀਆਂ ਗੰਢੜੀਆਂ ਚੁੱਕੀ ਅੱਧੀ ਰਾਤ ਦੇ ਹਨੇਰਿਆਂ ਵਿੱਚ ਪੈਦਲ ਠੇਡੇ ਖਾਂਦਿਆਂ ਦੇਖਿਆ ਜਾ ਸਕਦਾ ਹੈ। ਕੀ ਕਿਸਾਨਾਂ ਵਿਰੁੱਧ ਇਸ ਤਰ੍ਹਾਂ ਦਾ ਵਰਤਾਰਾ ਪੰਜਾਬ ਸਰਕਾਰ ਦੀ ਸਾਖ ਨੂੰ ਹਾਸ਼ੀਏ ’ਤੇ ਧੱਕਣ ਲਈ ਜ਼ਿੰਮੇਵਾਰ ਨਹੀ ਬਣੇਗਾ ? ਇਹ ਸਵਾਲ ਅੱਜ ਹਰ ਸੂਝਵਾਨ ਪੰਜਾਬੀ ਦੀ ਜ਼ਬਾਨ ’ਤੇ ਹੋਵੇਗਾ। ਇਹ ਵੀ ਸੱਚ ਹੈ ਕਿ ਆਮ ਆਦਮੀ ਪਾਰਟੀ ਦੀ ਮੌਜੂਦਾ ਸੂਬਾ ਸਰਕਾਰ ਤੋਂ ਪਹਿਲਾਂ ਹੀ ਪੰਜਾਬ ਦਾ ਹਰ ਵਰਗ ਬੁਰੀ ਤਰ੍ਹਾਂ ਖ਼ਫ਼ਾ ਹੈ। ਕੀ ਸੂਬਾ ਸਰਕਾਰ ਇਸ ਗੱਲ ਤੋਂ ਅਣਜਾਣ ਹੈ ਕਿ ਇਸ ਕਾਰਵਾਈ ਨਾਲ ਸਰਕਾਰ ਨੂੰ ਕਿਸਾਨਾਂ ਦੇ ਹੋਰ ਪਰਚੰਡ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਜਾਂ ਫਿਰ ਸਰਕਾਰ ਐਨੇ ਹੰਕਾਰ ਵਿੱਚ ਆ ਗਈ ਹੈ ਕਿ ਉਹ ਹੁਣ ਪੰਜਾਬ ਦੀ ਧਰਤੀ ’ਤੇ ਕਿਸਾਨੀ ਅੰਦੋਲਨ ਨੂੰ ਕਿਸੇ ਵੀ ਤਰ੍ਹਾਂ ਕਾਮਯਾਬ ਹੀ ਨਹੀਂ ਹੋਣ ਦੇਵੇਗੀ, ਬਲਕਿ ਕਿਸਾਨਾਂ ਨੂੰ ਸਿਰ ਹੀ ਚੁੱਕਣ ਨਹੀ ਦੇਵੇਗੀ। ਭਾਵ ਕਿ ਸ਼ੁਰੂਆਤੀ ਦੌਰ ਵਿੱਚ ਹੀ ਕੁਚਲਣ ਦਾ ਮਨ ਬਣਾ ਬੈਠੀ ਹੈ,ਜਿਹੜਾ ਸ਼ਾਇਦ ਸੰਭਵ ਨਹੀ ਹੋ ਸਕੇਗਾ। ਜੇਕਰ ਸਰਕਾਰ ਉਪਰੋਕਤ ਬਾਰੇ ਸਪੱਸ਼ਟ ਹੈ ਤਾਂ ਵੀ ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਲਈ ਕੰਡਿਆਲੇ ਰਾਹਾਂ ’ਤੇ ਨੰਗੇ ਪੈਰੀਂ ਚੱਲਣ ਵਰਗਾ ਹੋਵੇਗਾ। 2027 ਦਾ ਵਰ੍ਹਾ ਛੜੱਪੇ ਮਾਰਦਾ ਨੇੜੇ ਆਉਂਦਾ ਪ੍ਰਤੀਤ ਹੋ ਰਿਹਾ ਹੈ,ਪਰ ਅਜਿਹੇ ਸਮੇਂ ਸਰਕਾਰ ਦਾ ਕਿਸਾਨਾਂ ਨਾਲ ਵੈਰ ਆਮ ਆਦਮੀ ਪਾਰਟੀ ਦੇ ਗਲੇ ਦੀ ਹੱਡੀ ਬਣ ਸਕਦਾ ਹੈ। ਜੋਖਮ ਭਰਿਆ ਕਾਰਜ ਹੈ। ਪਹਿਲਾਂ ਹੀ ਦਿੱਲੀ ਵਿੱਚੋਂ ਸੱਤਾ ਗੁਆ ਚੁੱਕੀ ਆਮ ਆਦਮੀ ਪਾਰਟੀ ਕੋਲ ਲੈ ਦੇ ਕੇ ਪੰਜਾਬ ਦੀ ਸੱਤਾ ਤੋਂ ਬਗੈਰ ਹੋਰ ਕੁੱਝ ਵੀ ਨਹੀਂ ਹੈ। ਬਾਕੀ ਮੁਲਕ ਵਿੱਚ ਪਹਿਲਾਂ ਹੀ ਇਸ ਪਾਰਟੀ ਦਾ ਕੋਈ ਅਧਾਰ ਨਹੀ ਸੀ। ਇਹ ਵੀ ਸੱਚ ਹੀ ਕਿ ਆਮ ਆਦਮੀ ਪਾਰਟੀ ਦੀ ਹੋਂਦ ਪੰਜਾਬ ਕਰਕੇ ਹੀ ਹੈ, ਜੇਕਰ ਪੰਜਾਬ ਵੀ ਹੱਥੋਂ ਨਿਕਲ ਜਾਂਦਾ ਹੈ ਤਾਂ ਇਹ ਪਾਰਟੀ ਦਾ ਬਚਪਣ ਵਿੱਚ ਹੀ ਪਤਨ ਹੋਣਾ ਤਹਿ ਹੈ, ਜਿਸਨੂੰ ਕੋਈ ਰੋਕ ਨਹੀਂ ਸਕੇਗਾ। ਅਜਿਹੇ ਨਾਜ਼ਕ ਦੌਰ ਵਿੱਚ ਪੰਜਾਬ ਦੇ ਪ੍ਰਮੁੱਖ ਵਰਗ ਕਿਸਾਨਾਂ ਅਤੇ ਮਜਦੂਰਾਂ ਦੀ ਬਗੈਰ ਮਤਲਬ ਤੋਂ ਨਰਾਜਗੀ ਗਲ਼ ਪਾਉਣੀ ਚੰਗੇ ਸ਼ਾਸਕ ਦੀ ਨਿਸ਼ਾਨੀ ਨਹੀ ਹੈ, ਬਲਕਿ ਇਹ ਕਾਰਵਾਈ ਭਗਵੰਤ ਮਾਨ ਸਰਕਾਰ ਦੇ ਅਨਾੜੀਪੁਣੇ ਨੂੰ ਹੋਰ ਸਪੱਸ਼ਟ ਰੂਪ ਪਰਦਾਨ ਕਰਦੀ ਹੈ। ਇਸ ਵਰਤਾਰੇ ਤੋ ਇੰਝ ਜਾਪਦਾ ਹੈ ਜਿਵੇਂ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਅਜਿਹੀ ਪਹਿਲੀ ਸਰਕਾਰ ਬਣਨ ਦਾ ਰਿਕਾਰਡ ਆਪਣੇ ਨਾਮ ਕਰਨ ਲਈ ਕੰਮ ਕਰ ਰਹੀ ਹੈ,ਜਿਹੜਾ ਪਿਛਲੇ 77 ਸਾਲਾਂ ਵਿੱਚ ਕੋਈ ਹੋਰ ਪੰਜਾਬ ਦੀ ਸਰਕਾਰ ਨਹੀ ਕਰ ਸਕੀ। ਇਹ ਵੀ ਸੱਚ ਹੈ ਕਿ ਅਜ਼ਾਦੀ ਤੋਂ ਬਾਅਦ ਪੰਜਾਬ ਅੰਦਰ ਬਨਣ ਵਾਲੀਆਂ ਸਰਕਾਰਾਂ ਪੰਜਾਬ ਪੱਖੀ ਭੂਮਿਕਾ ਨਹੀਂ ਨਿਭਾਅ ਸਕੀਆਂ, ਬਲਕਿ ਉਹਨਾਂ ਨੇ ਆਪਣੇ ਪਰਿਵਾਰਾਂ ਦੇ ਹਿਤ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਕੇਂਦਰ ਦਾ ਹਰ ਉਹ ਹੁਕਮ ਸਿਰ ਮੱਥੇ ਪ੍ਰਵਾਨ ਕੀਤਾ, ਜਿਹੜਾ ਪੰਜਾਬ ਦੀ ਬਰਬਾਦੀ ਲਈ ਸਮੇਂ ਸਮੇਂ ਕੇਂਦਰ ਵੱਲੋਂ ਜਾਰੀ ਕੀਤਾ ਜਾਂਦਾ ਰਿਹਾ, ਭਾਵੇਂ ਉਹ ਬਿਜਲੀ,ਪਾਣੀਆਂ,ਡੈਮਾਂ ਦੇ ਪ੍ਰਬੰਧ ਨੂੰ ਛੱਡਣ ਦੇ ਹੁਕਮ ਹੋਣ ਜਾ ਸਿੱਖੀ ਸਿਧਾਂਤਾਂ ਨਾਲ ਛੇੜ ਛਾੜ ਦੇ ਉਹਨਾਂ ਸਭਨਾਂ ਲਈ ਕਾਂਗਰਸੀ ਅਤੇ ਅਕਾਲੀ ਦਲ ਦੇ ਤਤਕਾਲੀ ਆਗੂ ਪੂਰੀ ਤਰਾਂ ਜ਼ਿੰਮੇਵਾਰ ਰਹੇ ਹਨ, ਜਿਹੜੇ ਪੰਜਾਬ ਦੇ ਸ਼ਾਸਕ ਹੁੰਦਿਆਂ ਕੇਂਦਰ ਨਾਲ ਸੌਦੇਬਾਜੀਆਂ ਵਿੱਚ ਪੰਜਾਬ ਦੇ ਹਿਤਾਂ ਨੂੰ ਅਸਲੋਂ ਹੀ ਕੌਡੀਆਂ ਦੇ ਭਾਅ ਵੇਚ ਵੱਟ ਕੇ ਡਕਾਰ ਮਾਰਦੇ ਰਹੇ ਹਨ। ਇਹ ਵੀ ਸੱਚ ਹੋਵੇਗਾ ਕਿ ਮੌਜੂਦਾ ਸਰਕਾਰ ਉਪਰੋਕਤ ਸਾਰੀਆਂ ਹੀ ਸੂਬਾ ਸਰਕਾਰਾਂ ਦੇ ਘਿਨਾਉਣੇ ਕਾਰਨਾਮਿਆਂ ਨੂੰ ਬੌਨਿਆਂ ਕਰਨ ਲਈ ਕਾਹਲ ਨਾਲ ਅੱਗੇ ਵਧਦੀ ਦਿਖਾਈ ਦਿੰਦੀ ਹੈ।ਲੰਮਾ ਸਮਾਂ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਬੁਰੇ ਕਾਰਜ-ਕਾਲ ਨੂੰ ਬੇਹੱਦ ਨਖਿੱਧ ਸਮੇਂ ਦੇ ਤੌਰ ’ਤੇ ਯਾਦ ਰੱਖਣਗੇ।

# ਪਰਵਾਸੀਆਂ ਅਤੇ ਮੂਲ ਵਸਨੀਕਾਂ ਲਈ ਕੈਨੇਡਾ ਦਾ ਖ਼ੁਸ਼ਹਾਲ ਹੋਣਾ ਜ਼ਰੂਰੀ





ਪ੍ਰਿੰਸੀਪਲ ਵਿਜੈ ਕੁਮਾਰ

ਉਂਝ ਤਾਂ ਅਜੋਕੇ ਸਮੇਂ 'ਚ ਲਗਭਗ ਸਾਰੇ ਪੱਛਮੀ ਦੇਸ਼ ਬੇਰੁਜ਼ਗਾਰੀ, ਆਰਥਿਕ ਮੰਦਹਾਲੀ, ਅਤਿਵਾਦ ਤੇ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ, ਪਰ ਉਨ੍ਹਾਂ ਸਾਰੇ ਦੇਸ਼ਾਂ 'ਚੋਂ ਕੈਨੇਡਾ ਸਭ ਤੋਂ ਵੱਧ ਆਰਥਿਕ ਮੰਦਹਾਲੀ, ਬੇਰੁਜ਼ਗਾਰੀ ਤੇ ਹੋਰ ਕਈ ਸਮੱਸਿਆਵਾਂ ਦੇ ਦੌਰ ਵਿੱਚੋਂ ਲੰਘ ਰਿਹਾ ਹੈ।

ਕੈਨੇਡਾ ਦੇ ਇਸ ਮਾੜੇ ਸਮੇਂ ਦਾ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲਾਭ ਉਠਾਉਂਦੇ ਹੋਏ ਕੈਨੇਡਾ ਨੂੰ 51ਵਾਂ ਰਾਜ ਬਣਾ ਕੇ ਇਸ ਨੂੰ ਆਪਣੇ ਦੇਸ਼ 'ਚ ਮਿਲਾਉਣ ਦਾ ਪ੍ਰਸਤਾਵ ਵੀ ਪੇਸ਼ ਕਰ ਦਿੱਤਾ ਹੈ ਕਿਉਂਕਿ ਉਸ ਨੂੰ ਕੈਨੇਡਾ ਦੇ ਕੁਦਰਤੀ ਸੋਮਿਆਂ ਦਾ ਸਰਮਾਇਆ ਨਜ਼ਰ ਆ ਰਿਹਾ ਹੈ ਜੋ ਉਸ ਦੇ ਦੇਸ਼ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਲਾਹੇਵੰਦ ਹੋ ਸਕਦੇ ਹਨ। ਉਹ ਕੈਨੇਡਾ ਨੂੰ ਆਰਥਿਕ ਤੌਰ 'ਤੇ ਹੋਰ ਕਮਜ਼ੋਰ ਕਰਨ ਲਈ ਕੈਨੇਡਾ ਤੋਂ ਅਮਰੀਕਾ 'ਚ ਆਉਣ ਵਾਲੀਆਂ ਚੀਜ਼ਾਂ ਉੱਤੇ ਹੋਰ ਟੈਰਿਫ਼ (ਟੈਕਸ) ਵਧਾ ਰਿਹਾ ਹੈ। ਕੈਨੇਡਾ ਤੋਂ ਅਮਰੀਕਾ ਵਿੱਚ ਆਉਣ ਵਾਲੀਆਂ ਚੀਜ਼ਾਂ ਉੱਤੇ ਟਰੰਪ ਦਾ ਟੈਰਿਫ਼ ਵਧਾਉਣ ਦਾ ਮਕਸਦ ਇਹ ਹੈ ਕਿ ਅਮਰੀਕਾ ਦੇ ਲੋਕ ਕੈਨੇਡਾ ਤੋਂ ਆਉਣ ਵਾਲੀਆਂ ਮਹਿੰਗੀਆਂ ਚੀਜ਼ਾਂ ਖ਼ਰੀਦਣੀਆਂ ਬੰਦ ਕਰ ਦੇਣਗੇ ਤੇ ਅਮਰੀਕਾ ਦੀਆਂ ਬਣੀਆਂ ਚੀਜ਼ਾਂ ਖ਼ਰੀਦਣਗੇ।

ਇਸ ਨਾਲ ਕੈਨੇਡਾ ਦੇ ਕਾਰਖ਼ਾਨਿਆਂ ਉੱਤੇ ਮਾੜਾ ਪ੍ਰਭਾਵ ਪਏਗਾ ਤੇ ਕੈਨੇਡਾ ਹੋਰ ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਵੱਲ ਵਧੇਗਾ। ਕੈਨੇਡਾ ਦੀ ਸਰਕਾਰ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅਮਰੀਕਾ ਦੀ ਕੈਨੇਡਾ ਪ੍ਰਤੀ ਇਹ ਨੀਤੀ ਕੇਵਲ ਬਿਆਨਬਾਜ਼ੀ ਤੱਕ ਮਹਿਦੂਦ ਨਹੀਂ ਸਗੋਂ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਜੇਕਰ ਕੈਨੇਡਾ ਦੇ ਪਰਵਾਸੀਆਂ ਅਤੇ ਇਸ ਦੇਸ਼ ਦੀਆਂ ਸਰਕਾਰਾਂ ਨੇ ਆਪਣੇ ਆਪ ਨੂੰ ਨਾ ਸੁਧਾਰਿਆ ਤਾਂ ਇਸ ਮੁਲਕ ਦੇ ਪਰਵਾਸੀਆਂ ਤੇ ਇਸ ਮੁਲਕ ਲਈ ਆਉਣ ਵਾਲਾ ਸਮਾਂ ਬਹੁਤ ਮਾੜਾ ਹੋਵੇਗਾ।

ਸਭ ਤੋਂ ਪਹਿਲਾਂ ਕੈਨੇਡਾ ਵਿੱਚ ਵਸਦੇ 162 ਦੇਸ਼ਾਂ ਦੇ 5 ਕਰੋੜ ਪਰਵਾਸੀਆਂ ਦੀ ਹੀ ਗੱਲ ਕਰ ਲੈਂਦੇ ਹਾਂ। ਕੈਨੇਡਾ ਦੀਆਂ ਮੌਜੂਦਾ ਸਮੱਸਿਆਵਾਂ ਟਰੰਪ ਨੂੰ ਮੰਦਾ ਚੰਗਾ ਬੋਲ ਕੇ ਹੱਲ ਨਹੀਂ ਹੋਣਗੀਆਂ ਸਗੋਂ ਇਸ ਮੁਲਕ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਦਿਵਾਉਣ ਲਈ ਪਰਵਾਸੀਆਂ ਨੂੰ ਆਪਣੇ ਸੱਚੇ ਦਿਲੋਂ ਯਤਨ ਕਰਨੇ ਹੋਣਗੇ। ਜੇਕਰ ਕੈਨੇਡਾ ਦੇ ਪਰਵਾਸੀ ਕਾਰੋਬਾਰੀ, ਕਾਰਖਾਨੇਦਾਰ, ਜ਼ਿਮੀਂਦਾਰ, ਦੁਕਾਨਦਾਰ, ਮੁਲਾਜ਼ਮ, ਸਰਮਾਏਦਾਰ, ਪ੍ਰਾਪਰਟੀ ਦਾ ਕੰਮ ਕਰਨ ਵਾਲੇ ਅਤੇ ਹੋਰ ਅਮੀਰ ਲੋਕ ਇਹ ਸੋਚਦੇ ਹਨ ਕਿ ਇਸ ਮਾੜੇ ਸਮੇਂ ਦਾ ਅਸਰ ਕੇਵਲ ਇਸ ਮੁਲਕ ਵਿੱਚ ਆ ਚੁੱਕੇ ਅਤੇ ਆਉਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਤੇ ਮੱਧ ਵਰਗੀ ਲੋਕਾਂ ਉੱਤੇ ਹੀ ਪਵੇਗਾ ਤਾਂ ਉਹ ਵੱਡੇ ਮੁਗਾਲਤੇ ਵਿੱਚ ਹਨ। ਜੇਕਰ ਨਵੇਂ ਨੌਜਵਾਨ ਮੁੰਡੇ-ਕੁੜੀਆਂ ਇਸ ਮੁਲਕ ਵਿੱਚ ਨਹੀਂ ਆਉਣਗੇ, ਇਸ ਮੁਲਕ 'ਚ ਆ ਚੁੱਕੇ ਮੁੰਡੇ-ਕੁੜੀਆਂ ਅਤੇ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲੇਗਾ ਅਤੇ ਮੱਧ ਵਰਗੀ ਲੋਕਾਂ ਦੇ ਹਿੱਤ ਸੁਰੱਖਿਅਤ ਨਹੀਂ ਹੋਣਗੇ ਤਾਂ ਉਨ੍ਹਾਂ ਦਾ ਭਵਿੱਖ ਵੀ ਖ਼ਤਰੇ 'ਚ ਹੋਵੇਗਾ। ਉਨ੍ਹਾਂ ਦਾ ਸਾਮਾਨ ਕੌਣ ਖ਼ਰੀਦੇਗਾ? ਨਵੇਂ ਘਰ ਕਿਵੇਂ ਬਣਨਗੇ? ਕਾਰਖ਼ਾਨੇ ਕਿਵੇਂ ਚੱਲਣਗੇ? ਕੈਨੇਡਾ ਦੇ ਇਸ ਮਾੜੇ ਸਮੇਂ 'ਚ ਇਨ੍ਹਾਂ ਕਾਰਖ਼ਾਨੇਦਾਰਾਂ, ਸਰਮਾਏਦਾਰਾਂ, ਪ੍ਰਾਪਰਟੀ ਡੀਲਰਾਂ, ਜ਼ਿਮੀਂਦਾਰਾਂ, ਕਾਰੋਬਾਰੀਆਂ, ਦੁਕਾਨਦਾਰਾਂ, ਮੁਲਾਜ਼ਮਾਂ ਅਤੇ ਹੋਰ ਕੰਮ ਕਰਨ ਵਾਲੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਕੈਨੇਡਾ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਬਾਹਰ ਕੱਢਣ ਲਈ ਆਪਣੀ ਬਣਦੀ ਭੂਮਿਕਾ ਨਿਭਾਉਣ। ਕੈਨੇਡਾ ਨੂੰ ਆਰਥਿਕ ਮੰਦਹਾਲੀ ਵਿੱਚੋਂ ਕੱਢਣ ਲਈ ਸਰਕਾਰ ਨੂੰ ਇਮਾਨਦਾਰੀ ਨਾਲ ਟੈਕਸਾਂ ਦੀ ਅਦਾਇਗੀ ਕਰਨ। ਕਾਰਖ਼ਾਨੇਦਾਰ, ਕਾਰੋਬਾਰੀ, ਜ਼ਿਮੀਂਦਾਰ ਅਤੇ ਹੋਰ ਸਰਮਾਏਦਾਰ ਸਰਕਾਰ ਦੇ ਸਹਿਯੋਗ ਨਾਲ ਇਸ ਮੁਲਕ ਦੀਆਂ ਬਣੀਆਂ ਚੀਜ਼ਾਂ ਨੂੰ ਵੇਚਣ ਲਈ ਅਮਰੀਕਾ ਤੋਂ ਬਿਨਾਂ ਹੋਰ ਮੁਲਕਾਂ ਨਾਲ ਵਪਾਰਕ ਸਬੰਧ ਬਣਾਉਣ ਤਾਂ ਕਿ ਅਮਰੀਕਾ ਉੱਤੇ ਕੈਨੇਡਾ ਦੀ ਨਿਰਭਰਤਾ ਘਟੇ। ਕੋਈ ਵੀ ਅਜਿਹਾ ਬੇਈਮਾਨੀ ਵਾਲਾ ਕੰਮ ਨਾ ਕਰਨ ਜਿਸ ਨਾਲ ਕੈਨੇਡਾ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚੇ। ਨੌਜਵਾਨ ਮੁੰਡੇ-ਕੁੜੀਆਂ ਅਤੇ ਹੋਰ ਲੋਕਾਂ ਤੋਂ ਕੰਮ ਕਰਵਾਉਣ ਬਦਲੇ ਉਨ੍ਹਾਂ ਨੂੰ ਬਣਦੀ ਤਨਖਾਹ ਦੇਣ ਅਤੇ ਉਨ੍ਹਾਂ ਨਾਲ ਕੋਈ ਵੀ ਅਨਿਆਂ ਨਾ ਕਰਨ ਤਾਂ ਕਿ ਉਹ ਖ਼ੁਸ਼ਹਾਲ ਜ਼ਿੰਦਗੀ ਗੁਜ਼ਾਰਨ ਯੋਗ ਹੋ ਸਕਣ। ਉਹ ਕੈਨੇਡਾ ਨੂੰ ਆਰਥਿਕ ਮੰਦਹਾਲੀ 'ਚੋਂ ਬਾਹਰ ਕੱਢਣ ਲਈ ਦੇਸ਼ ਦੀਆਂ ਆਰਥਿਕ ਅਤੇ ਆਯਾਤ ਤੇ ਨਿਰਯਾਤ ਨੀਤੀਆਂ 'ਚ ਸੁਧਾਰ ਲਿਆਉਣ ਲਈ ਸਰਕਾਰ ਉੱਤੇ ਦਬਾਅ ਬਣਾਉਣ।

ਕੈਨੇਡਾ ਵਿੱਚ ਦੂਜੇ ਦੇਸ਼ਾਂ ਤੋਂ ਆ ਕੇ ਵਸੇ ਪਰਵਾਸੀ ਨੌਜਵਾਨ ਮੁੰਡੇ-ਕੁੜੀਆਂ ਅਤੇ ਹੋਰ ਲੋਕਾਂ ਨੂੰ ਆਪਣੀਆਂ ਆਦਤਾਂ ਬਦਲਣੀਆਂ ਪੈਣਗੀਆਂ। ਉਨ੍ਹਾਂ ਨੂੰ ਆਪਣੇ ਦੇਸ਼ਾਂ ਵਾਲੀਆਂ ਬੇਈਮਾਨੀਆਂ, ਹੇਰਾਫ਼ੇਰੀਆਂ, ਲੁੱਟਾਂ ਖੋਹਾਂ, ਚੋਰੀਆਂ, ਡਾਕਿਆਂ, ਮਾਰ-ਮਰਾਈ, ਟੈਕਸ ਚੋਰੀ, ਜੇਬਾਂ ਕੱਟਣ, ਮਕਾਨ ਮਾਲਕਾਂ ਨਾਲ ਝਗੜੇ ਪੈਦਾ ਕਰਨ, ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ, ਗੰਦਗੀ ਪਾਉਣ, ਕਾਨੂੰਨ ਵਿਵਸਥਾ ਨੂੰ ਤੋੜਨ, ਗ਼ਲਤ ਢੰਗਾਂ ਨਾਲ ਇਸ ਮੁਲਕ ਵਿੱਚ ਆਉਣ, ਨਸ਼ੇ ਕਰਨ ਅਤੇ ਨਸ਼ਿਆਂ ਦੀ ਸਮਗਲਿੰਗ ਕਰਨ, ਸ਼ਰਾਰਤੀ ਲੋਕਾਂ ਦੀਆਂ ਚਾਲਾਂ ਵਿੱਚ ਆ ਕੇ ਮੁਲਕ ਦੇ ਹਾਲਾਤ ਨੂੰ ਖ਼ਰਾਬ ਕਰਨ ਤੇ ਧਰਮਾਂ ਦੇ ਨਾਂ ਉੱਤੇ ਮਾਹੌਲ ਨੂੰ ਖ਼ਰਾਬ ਕਰਨ ਦੀਆਂ ਮਾੜੀਆਂ ਆਦਤਾਂ ਨੂੰ ਛੱਡ ਕੇ ਸਰਕਾਰ ਦਾ ਸਹਿਯੋਗ ਕਰਨ। ਉਨ੍ਹਾਂ ਨੂੰ ਸਰਕਾਰ ਪ੍ਰਤੀ ਵਿਸ਼ਵਾਸ ਪੈਦਾ ਕਰਕੇ ਦੇਸ਼ ਦੇ ਵਿਕਾਸ ਵਿੱਚ ਸਹਿਯੋਗ ਦੇਣਾ ਹੋਵੇਗਾ ਤਾਂ ਕਿ ਇਹ ਮੁਲਕ ਇਨ੍ਹਾਂ ਸਮੱਸਿਆਵਾਂ ਤੋਂ ਬਾਹਰ ਨਿਕਲ ਸਕੇ।

ਕੈਨੇਡਾ ਨੂੰ ਇਸ ਹਾਲ ਤੱਕ ਪਹੁੰਚਾਉਣ ਲਈ ਇਸ ਮੁਲਕ ਦੀਆਂ ਸਰਕਾਰਾਂ ਵੀ ਘੱਟ ਜ਼ਿੰਮੇਵਾਰ ਨਹੀਂ ਹਨ। ਇਸ ਮੁਲਕ ਦੀਆਂ ਸਰਕਾਰਾਂ ਵੱਲੋਂ ਆਪਣਾ ਸਿਆਸੀ ਲਾਹਾ ਲੈਣ ਲਈ ਪਰਵਾਸੀਆਂ ਨੂੰ ਜ਼ਰੂਰਤ ਤੋਂ ਜ਼ਿਆਦਾ ਸਹੂਲਤਾਂ ਦੇਣਾ, ਆਪਣੀ ਕੁਰਸੀ ਕਾਇਮ ਰੱਖਣ ਲਈ ਦੂਜੇ ਦੇਸ਼ਾਂ ਤੋਂ ਜਾਇਜ਼ ਅਤੇ ਨਾਜਾਇਜ਼ ਢੰਗਾਂ ਨਾਲ ਲੋੜ ਤੋਂ ਵੱਧ ਲੋਕਾਂ ਨੂੰ ਬੁਲਾ ਲਿਆ। ਪਰ ਉਨ੍ਹਾਂ ਲਈ ਲੋੜੀਂਦੇ ਰੁਜ਼ਗਾਰ ਦੇ ਮੌਕੇ ਪੈਦਾ ਨਾ ਕਰ ਸਕਣਾ, ਕਾਨੂੰਨ ਦੀ ਵਿਗੜੀ ਵਿਵਸਥਾ ਵੱਲ ਧਿਆਨ ਨਾ ਦੇਣਾ, ਦੂਜੇ ਦੇਸ਼ਾਂ ਨੂੰ ਸਹਾਇਤਾ ਦੇਣ ਦੀ ਆੜ ਵਿੱਚ ਦੇਸ਼ ਦਾ ਸਰਮਾਇਆ ਖਾਣਾ, ਲੋਕਾਂ ਨੂੰ ਸੁਰੱਖਿਆ ਪ੍ਰਦਾਨ ਨਾ ਕਰ ਸਕਣਾ, ਵਿਦੇਸ਼ ਨੀਤੀਆਂ 'ਚ ਖ਼ਾਮੀਆਂ ਹੋਣਾ, ਕਾਨੂੰਨਾਂ ਦਾ ਕਮਜ਼ੋਰ ਹੋਣਾ, ਆਯਾਤ ਅਤੇ ਨਿਰਯਾਤ ਨੀਤੀਆਂ ਦਾ ਠੀਕ ਨਾ ਹੋਣਾ, ਦੇਸ਼ ਹਿੱਤਾਂ ਨਾਲੋਂ ਆਪਣੇ ਹਿੱਤਾਂ ਦਾ ਜ਼ਿਆਦਾ ਫ਼ਿਕਰ ਹੋਣਾ, ਦੋਸ਼ ਪੂਰਨ ਸਿਹਤ ਤੇ ਸਿੱਖਿਆ ਵਿਵਸਥਾ, ਪੁਲੀਸ ਨੂੰ ਘੱਟ ਅਧਿਕਾਰ ਹੋਣਾ, ਕਾਰਖ਼ਾਨੇਦਾਰਾਂ ਅਤੇ ਕਾਰੋਬਾਰੀਆਂ ਦੇ ਹਿੱਤਾਂ ਵੱਲ ਧਿਆਨ ਨਾ ਦੇਣਾ, ਕੁਦਰਤੀ ਸੋਮਿਆਂ ਦੇ ਵਪਾਰ ਵਿੱਚ ਖ਼ਾਮੀਆਂ, ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਵੱਲ ਧਿਆਨ ਨਾ ਦੇਣਾ ਅਤੇ ਨੌਜਵਾਨ ਮੁੰਡੇ-ਕੁੜੀਆਂ ਦਾ ਬੇਰੁਜ਼ਗਾਰ ਹੋਣਾ, ਪਰ ਵਿਜ਼ਿਟਰ ਵੀਜ਼ੇ ਉੱਤੇ ਆਏ ਲੋਕਾਂ ਦਾ ਘੱਟ ਮਜ਼ਦੂਰੀ 'ਤੇ ਕੰਮ ਕਰਨਾ ਇਸ ਮੁਲਕ ਦੀਆਂ ਤਮਾਮ ਸਮੱਸਿਆਵਾਂ ਲਈ ਜ਼ਿੰਮੇਵਾਰ ਕਾਰਨ ਹਨ।

ਇਸ ਮੁਲਕ ਦੀਆਂ ਸਰਕਾਰਾਂ ਵਿੱਚ ਭਾਗੀਦਾਰ ਪਰਵਾਸੀਆਂ ਦੇ ਨੁਮਾਇੰਦੇ ਵੀ ਆਪਣੇ ਸਿਆਸੀ ਹਿੱਤਾਂ ਕਾਰਨ ਇਨ੍ਹਾਂ ਸਮੱਸਿਆਵਾਂ ਵੱਲ ਪਿੱਠ ਕਰੀ ਬੈਠੇ ਹਨ। ਉਹ ਨਾ ਤਾਂ ਪਰਵਾਸੀਆਂ ਨਾਲ ਵਿਗਾੜਨਾ ਚਾਹੁੰਦੇ ਹਨ ਤੇ ਨਾ ਹੀ ਇੱਥੋਂ ਦੀਆਂ ਸਰਕਾਰਾਂ ਨਾਲ। ਹੁਣ ਮੁੱਕਦੀ ਗੱਲ ਇਹ ਹੈ ਕਿ ਜੇਕਰ ਕੈਨੇਡਾ ਦੀਆਂ ਸਰਕਾਰਾਂ ਨੇ ਆਪਣੇ ਮੁਲਕ ਨੂੰ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਦੇ ਸ਼ਿਕਾਰ ਹੋਣ ਤੋਂ ਬਚਾਉਣਾ ਹੈ, ਕੈਨੇਡਾ ਵਿੱਚ ਵਸਦੇ 162 ਮੁਲਕਾਂ ਦੇ ਪਰਵਾਸੀਆਂ ਨੇ ਆਪਣੇ ਆਪ ਨੂੰ ਖ਼ੁਸ਼ਹਾਲ ਜ਼ਿੰਦਗੀ ਜਿਊਣ ਦੇ ਯੋਗ ਬਣਾਉਣਾ ਹੈ ਤਾਂ ਉਨ੍ਹਾਂ ਨੂੰ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਇਮਾਨਦਾਰੀ ਨਾਲ ਨਿਭਾਉਣੀਆਂ ਹੋਣਗੀਆਂ।

# ਪਰਵਾਸ: ਨਵੀਆਂ ਸਮੱਸਿਆਵਾਂ ਨਵੇਂ ਪ੍ਰਭਾਵ

ਡਾ. ਸੁਖਦੇਵ ਸਿੰਘ



ਡੋਨਾਲਡ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਕਮਾਨ ਸੰਭਾਲਣ ਮਗਰੋਂ ਅੰਤਰ-ਦੇਸ਼ੀ ਪਰਵਾਸ, ਰਾਜਨੀਤੀ, ਵਪਾਰ, ਟੈਕਸ, ਵਿਚਾਰਧਾਰਾ ਆਦਿ ਪੱਖਾਂ ਬਾਰੇ ਆਲਮੀ ਪੱਧਰ 'ਤੇ ਬਹਿਸ ਨੂੰ ਜਨਮ ਹੀ ਨਹੀਂ ਦਿੱਤਾ ਬਲਕਿ ਸੰਸਾਰ ਵਿੱਚ ਤੀਜੀ ਜੰਗ ਦੇ ਹਵਾਲੇ ਨਾਲ ਵਧੇਰੇ ਮੁਲਕ ਨਵੀਆਂ ਗੁਟਬੰਦੀਆਂ ਉਸਾਰਨ ਬਾਰੇ ਵੀ ਵਿਚਾਰ ਕਰ ਰਹੇ ਹਨ ਤਾਂ ਜੋ ਆਪੋ-ਆਪਣੇ ਮੁਲਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਵੱਖ-ਵੱਖ ਦੇਸ਼ਾਂ ਦੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਗਏ ਲੋਕਾਂ, ਖ਼ਾਸਕਰ ਭਾਰਤੀਆਂ ਨੂੰ ਜਿਸ ਤਰ੍ਹਾਂ ਹੱਥਕੜੀਆਂ ਤੇ ਬੇੜੀਆਂ ਵਿੱਚ ਜਕੜ ਕੇ ਅਣ-ਮਨੁੱਖੀ ਢੰਗ ਨਾਲ ਵਾਪਸ ਭੇਜਿਆ ਅਤੇ ਹੋਰਾਂ ਨੂੰ ਵੀ ਵਾਪਸ ਭੇਜਣ ਦੀ ਤਜਵੀਜ਼ ਨੇ ਭਾਰਤ ਵਿੱਚ ਪਰਵਾਸ ਪੱਖੋਂ ਨਵੇਂ ਮੁੱਦਿਆਂ ਬਾਰੇ ਚਰਚਾ ਛੇੜੀ ਹੈ। ਅਮਰੀਕਾ ਦੀ ਨਵੀਂ, ਸਖ਼ਤ, ਦਬਾਅ ਪਾਊ ਨੀਤੀ ਦੇ ਅਸਰ ਕਰ ਕੇ ਹੋਰ ਦੇਸ਼ (ਜਿਵੇਂ ਕੈਨੇਡਾ, ਬਰਤਾਨੀਆ ਆਦਿ) ਵੀ ਗ਼ੈਰ-ਕਾਨੂੰਨੀ ਢੰਗ ਨਾਲ ਉੱਥੇ ਗਏ ਪਰਵਾਸੀਆਂ ਨੂੰ ਕੱਢਣ ਦੀਆਂ ਤਿਆਰੀ ਕਰ ਰਹੇ ਹਨ। ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਜ਼ਰਾ ਵੀ ਵਿਰੋਧ ਕਰਨ 'ਤੇ ਲੋਕਾਂ ਦੇ ਗ੍ਰੀਨ ਕਾਰਡ ਤੱਕ ਰੱਦ ਕੀਤੇ ਜਾ ਰਹੇ ਹਨ ਅਤੇ ਸਮਾਜਿਕ ਸੁਰਖਿਆ ਪੱਖੋਂ ਮਿਲਣ ਵਾਲੀ ਸਹਾਇਤਾ ਵਿੱਚ ਵੀ ਕੱਟ ਲੱਗ ਸਕਦੇ ਹਨ। ਬਰਤਾਨੀਆ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਰੱਖਣ ਵਾਲਿਆਂ ਨੂੰ ਸੱਠ ਹਜ਼ਾਰ ਪੌਂਡ ਜੁਰਮਾਨਾ ਤੈਅ ਕਰ ਦਿੱਤਾ ਹੈ। ਟੈਕਸਸ (ਅਮਰੀਕਾ) ਵਿੱਚ ਭਾਰਤੀ ਮੂਲ ਦੇ ਮਾਪਿਆਂ ਦੀ ਬੱਚੀ ਨੇ ਆਤਮ-ਹੱਤਿਆ ਕਰ ਲਈ ਹੈ ਕਿਉਂਕਿ ਸਕੂਲ ਸਾਥੀਆਂ ਨੇ ਉਸ ਨੂੰ ਟਿੱਚਰਾਂ ਕੀਤੀਆਂ ਕਿ ਤੇਰੇ ਮਾਪਿਆਂ ਨੂੰ ਵੀ ਬੰਨ੍ਹ ਕੇ ਵਾਪਸ ਭੇਜਿਆ ਜਾਵੇਗਾ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ ਵਿੱਚ ਨਫ਼ਰਤ ਦੀ ਭਾਵਨਾ ਕਿਉਂ ਵਧਣ ਲੱਗੀ ਹੈ? ਕੀ ਇਨ੍ਹਾਂ ਮੁਲਕਾਂ ਵਿੱਚ ਇੰਨੇ ਪਰਵਾਸੀ ਪਹੁੰਚ ਗਏ ਹਨ ਕਿ ਉੱਥੇ ਸਮੱਸਿਆਵਾਂ ਪੈਦਾ ਕਰ ਰਹੇ ਹਨ? ਕੀ ਵਾਪਸ ਆ ਰਹੇ ਲੋਕ ਹੋਰ ਮੁਲਕਾਂ ਵੱਲ ਜਾਣਗੇ ਜਾਂ ਇੱਥੇ ਹੀ ਹੀਲਾ ਵਸੀਲਾ ਕਰਨਗੇ? ਬਦਲ ਰਹੀਆਂ ਪਰਵਾਸ ਨੀਤੀਆਂ ਅਤੇ ਪ੍ਰਭਾਵਾਂ ਨੂੰ ਨਵੇਂ ਸਿਰਿਓਂ ਵਿਚਾਰਨ ਦੀ ਲੋੜ ਹੈ।

ਪਰਵਾਸ ਜਾਂ ਇੱਕ ਦੂਜੇ ਮੁਲਕ ਵਿੱਚ ਜਾਣਾ ਕੋਈ ਨਵਾਂ ਰੁਝਾਨ ਨਹੀਂ। ਪੁਰਾਣੇ ਵੇਲਿਆਂ ਤੋਂ ਲੋਕ ਵਪਾਰਕ ਜਾਂ ਹੋਰ ਕੰਮਾਂ ਲਈ ਆਉਂਦੇ ਜਾਂਦੇ ਰਹੇ ਹਨ ਪਰ ਕੰਮ-ਕਾਜਾਂ ਤੋਂ ਬਾਅਦ ਆਪਣੀ ਜਨਮ ਭੋਇੰ 'ਤੇ ਪਰਤ ਆਉਂਦੇ ਸਨ। ਕਬੀਲਾਈ ਅਤੇ ਖੇਤੀ ਆਧਾਰਿਤ ਸਮਾਜਾਂ ਵਿੱਚ ਅਤੇ ਸੰਘਣੀ ਸਾਕਾਦਾਰੀ, ਮਿਲਵਰਤਣ, ਪਦਾਰਥਕ ਹੋੜ ਦੀ ਅਣਹੋਂਦ ਸਦਕਾ ਲੋਕ ਆਪਣੇ ਹੀ ਦੇਸ਼ ਵਿੱਚ ਪਰਤ ਆਉਂਦੇ ਸਨ। ਕੁਝ ਸਮਾਂ ਪਹਿਲਾਂ ਤੱਕ ਫੌਜ ਵਿੱਚੋਂ ਰਿਟਾਇਰਮੈਂਟ ਅਤੇ ਬਾਹਰਲੀਆਂ ਜੰਗਾਂ ਵਿੱਚ ਭਾਗ ਲੈਣ ਪਿੱਛੋਂ ਵਧੇਰੇ ਫੌਜੀ ਆਪਣੇ ਪਿੰਡਾਂ ਵਿੱਚ ਹੀ ਆਣ ਵਸਦੇ। ਖਾੜੀ ਦੇਸ਼ਾਂ ਤੋਂ ਕਮਾਈ ਕਰ ਕੇ ਵੀ ਬਹੁਤੇ ਲੋਕ ਘਰਾਂ ਨੂੰ ਵਾਪਸੀ ਕਰਦੇ। ਪਿਛਲੇ ਕੁਝ ਸਾਲਾਂ ਵਿੱਚ ਸਾਡੇ ਦੇਸ਼, ਖ਼ਾਸਕਰ ਪੰਜਾਬ ਤੋਂ ਪਰਵਾਸ ਮਗਰੋਂ ਪੱਕੇ ਵਸੇਬੇ ਦਾ ਰੁਝਾਨ ਪੈਦਾ ਹੋ ਗਿਆ। ਹੁਣ ਤਾਂ ਪੰਜਾਬ ਤੋਂ ਛੁੱਟ ਕੇਰਲਾ, ਗੁਜਰਾਤ, ਹਰਿਆਣਾ ਅਤੇ ਕਈ ਹੋਰ ਸੂਬਿਆਂ ਸਮੇਤ ਲਗਭਗ ਸਾਰੇ ਮੁਲਕ ਵਿੱਚੋਂ ਹੀ ਲੱਖਾਂ ਦੀ ਗਿਣਤੀ ਵਿੱਚ ਲੋਕ ਪਰਵਾਸ ਕਰ ਰਹੇ ਹਨ। ਲੋਕ ਵੱਖ-ਵੱਖ ਦੇਸ਼ਾਂ ਲਈ 5 ਤੋਂ 50 ਲੱਖ ਰੁਪਏ ਖਰਚ ਕੇ ਵਿਦੇਸ਼ ਜਾ ਰਹੇ ਹਨ। ਸੰਸਾਰ ਪਰਵਾਸ ਰਿਪੋਰਟ-2020 ਦੇ ਅੰਕੜਿਆਂ ਮੁਤਾਬਿਕ, ਦੁਨੀਆਂ ਵਿੱਚ 28.10 ਕਰੋੜ ਲੋਕ ਜੋ ਆਲਮੀ ਆਬਾਦੀ ਦਾ 3.6% ਬਣਦੇ ਹਨ, ਆਪਣੀ ਜਨਮ ਭੋਇੰ ਛੱਡ ਕੇ ਹੋਰ ਸਥਾਨਾਂ 'ਤੇ ਵਸੇ ਹਨ; ਭਾਵ ਪਰਵਾਸੀ ਹਨ। 2024 ਵਿੱਚ ਇਹ ਸੰਖਿਆ 30.40 ਕਰੋੜ ਦੱਸੀ ਗਈ ਹੈ। ਸਾਡਾ ਦੇਸ਼ ਪਰਵਾਸ ਪੱਖੋਂ ਸੰਸਾਰ ਵਿੱਚ ਪਹਿਲੇ ਨੰਬਰ 'ਤੇ ਹੈ। 1970 ਤੋਂ 2020 ਤੱਕ ਭਾਰਤ ਦੇ ਪਰਵਾਸ ਵਿੱਚ 300% ਵਾਧਾ ਦਰਜ ਹੋਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਿਕ, 2024 ਵਿੱਚ 2,16,219 ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ। ਇਸੇ ਸਾਲ ਰਾਜ ਸਭਾ ਵਿੱਚ ਬਹਿਸ ਦੌਰਾਨ ਸਰਕਾਰ ਨੇ ਮੰਨਿਆ ਕਿ ਪਿਛਲੇ 13 ਸਾਲਾਂ ਵਿੱਚ 18 ਲੱਖ ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡ ਕੇ ਸੰਸਾਰ ਦੇ 135 ਮੁਲਕਾਂ ਵਿੱਚ ਪਰਵਾਸ ਕੀਤਾ। ਇਹ ਸਿਰਫ ਸਰਕਾਰੀ ਅੰਕੜੇ ਹੀ ਹਨ; ਗੈਰ-ਕਾਨੂੰਨੀ ਢੰਗਾਂ ਰਾਹੀਂ ਗਏ ਲੋਕਾਂ ਨੂੰ ਜੋੜ ਕੇ ਇਹ ਅੰਕੜਾ ਕਿਤੇ ਜਿਆਦਾ ਬਣ ਜਾਂਦਾ ਹੈ। ਵਿਦੇਸ਼ਾਂ ਵਿੱਚ ਕੁਲ 3.3 ਕਰੋੜ ਭਾਰਤੀਆਂ ਵਿੱਚੋਂ 30 ਲੱਖ ਦੇ ਕਰੀਬ ਪੰਜਾਬੀ ਹਨ। ਅਜੋਕੇ ਸਮੇਂ ਪੰਜਾਬੀ ਪਰਵਾਸੀ ਬਹੁਲਤਾ ਵਾਲੇ ਦੇਸ਼ ਕੈਨੇਡਾ, ਅਮਰੀਕਾ, ਬ੍ਰਿਟੇਨ, ਸਪੇਨ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਸਿੰਗਾਪੁਰ, ਫਿਲਪੀਨਜ਼, ਖਾੜੀ ਦੇਸ਼ ਆਦਿ ਹਨ।

ਪ੍ਰਸ਼ਨ ਹੈ ਕਿ ਪਿਛਲੇ ਕੁਝ ਸਮੇਂ ਤੋਂ ਕਾਨੂੰਨੀ ਜਾਂ ਗੈਰ-ਕਾਨੂੰਨੀ ਪਰਵਾਸ ਵਿੱਚ ਅਥਾਹ ਵਾਧਾ ਆਖਿਰਕਾਰ ਕਿਉਂ ਹੋਇਆ ਹੈ? ਤੱਥ ਆਧਾਰਿਤ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਵਿਦੇਸ਼ਾਂ ਵਿੱਚ ਵਸੇਬੇ ਦਾ ਕੋਈ ਇੱਕ ਕਾਰਨ ਨਹੀਂ ਬਲਕਿ ਆਰਥਿਕ, ਸਮਾਜਿਕ, ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜ ਵਿੱਚ ਉਭਰ ਰਹੇ ਹਾਲਾਤ ਸਮੇਤ ਅਨੇਕ ਕਾਰਨ ਹਨ। ਮੋਟੇ ਤੌਰ 'ਤੇ ਦੋ ਤਰ੍ਹਾਂ ਦੇ ਤੱਥਾਂ ਨਾਲ ਪਰਵਾਸ ਨੂੰ ਸਮਝਿਆ ਜਾਂਦਾ ਹੈ। ਇੱਕ ਨਿਵਾਸ ਸਥਾਨ ਛੱਡਣ ਵਾਲੇ ਕਾਰਕ ਅਤੇ ਦੂਜਾ ਵਿਦੇਸ਼ੀ ਧਰਤੀ ਜਾਂ ਸਮਾਜਾਂ ਵਿੱਚ ਖਿੱਚ ਵਾਲੇ ਕਾਰਕ। ਸਾਡੇ ਮੁਲਕ ਵਿੱਚ ਨਿਵਾਸ ਸਥਾਨਾਂ ਨੂੰ ਛੱਡਣ ਵਾਲੇ ਕਾਰਨਾਂ ਵਿੱਚੋਂ ਮੁੱਖ ਹਨ: ਵਧ ਰਹੀ ਆਬਾਦੀ, ਜ਼ਮੀਨਾਂ ਦੀ ਪੁਸ਼ਤੀ ਵੰਡ ਕਰ ਕੇ ਵਾਹੀ ਜੋਤਾਂ ਦੇ ਆਕਾਰ ਘਟਣ ਕਾਰਨ ਗੁਜ਼ਾਰੇ ਵਿੱਚ ਔਖਿਆਈ, ਗਰੀਬੀ, ਬੇਰੁਜ਼ਗਾਰੀ ਵਿੱਚ ਅਥਾਹ ਵਾਧਾ, ਨਵੀਂ ਪਨੀਰੀ ਵਿੱਚ ਪੜ੍ਹਾਈ ਲਿਖਾਈ ਦਾ ਵਧਣਾ ਪਰ ਯੋਗ ਨੌਕਰੀਆਂ ਦਾ ਨਾ ਮਿਲਣਾ, ਤਕਨਾਲੋਜੀ ਦਾ ਮਨੁੱਖੀ ਜੀਵਨ ਵਿੱਚ ਭਾਰੀ ਵਾਧਾ, ਕਿੱਤਾ ਪਰਿਵਰਤਨ, ਜੀਵਨ ਦਾ ਬਦਲ ਰਿਹਾ ਰੁਝਾਨ, ਸਮਾਜ ਵਿੱਚ ਫੈਲ ਰਿਹਾ ਨਸ਼ਾ, ਵਧ ਰਹੇ ਅਪਰਾਧ, ਰਾਜਨੀਤੀ ਵਿੱਚ ਅੱਤ ਦੀ ਗਿਰਾਵਟ ਆਦਿ। ਵਿਦੇਸ਼ਾਂ ਵਿੱਚ ਵਸਣ ਦੇ ਮੁੱਖ ਕਾਰਕਾਂ ਵਿੱਚੋਂ ਹਨ: ਯੋਗਤਾ ਮੁਤਾਬਿਕ ਰੁਜ਼ਗਾਰ ਮਿਲਣਾ, ਚੰਗਾ ਜੀਵਨ ਪੱਧਰ, ਵਿਗਸਣ ਦੀ ਖੁੱਲ੍ਹ, ਕਾਨੂੰਨ ਦਾ ਰਾਜ, ਸਾਫ ਵਾਤਾਵਰਨ, ਮਾਨਵੀ ਮੁੱਲਾਂ ਦੀ ਕਦਰ, ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗੇਰੇ ਭਵਿੱਖ ਦੀ ਆਸ ਆਦਿ।

ਸਮਾਜ ਵਿੱਚ ਵਧ ਰਿਹਾ ਹਿੰਸਕ ਵਰਤਾਰਾ, ਪਾਰਦਰਸ਼ਤਾ ਦੀ ਘਾਟ, ਅਵਿਸ਼ਵਾਸ, ਆਮ ਨਾਗਰਿਕਾਂ ਦੇ ਬਣਦੇ ਹੱਕਾਂ ਤੇ ਸਨਮਾਨ ਦੀ ਅਣਦੇਖੀ, ਵੱਖ-ਵੱਖ ਤਰ੍ਹਾਂ ਦੇ ਜੁਰਮ, ਚੋਰੀਆਂ, ਕਤਲ, ਲੜਕੀਆਂ ਨਾਲ ਛੇੜਖਾਨੀ, ਬਲਾਤਕਾਰ, ਨਸ਼ਿਆਂ ਕਰ ਕੇ ਮੌਤਾਂ, ਧਰਮਾਂ ਦੇ ਨਾਮ 'ਤੇ ਉਲਝਣਾਂ, ਆਮ ਲੋਕਾਂ ਨੂੰ ਮਾਨਸਿਕ ਪੱਖੋਂ ਚਿੰਤਤ ਕਰ ਰਹੀਆਂ ਹਨ ਅਤੇ ਲੋਕ ਵਿਦੇਸ਼ ਵਸਣ ਨੂੰ ਤਰਜੀਹ ਦੇਣ ਲੱਗੇ ਹਨ। ਪਹਿਲਾਂ ਵਿਦੇਸ਼ ਗਏ ਪੰਜਾਬੀ ਅਤੇ ਹੋਰ ਲੋਕ ਆਪਣੇ ਦੇਸ਼ ਵਿੱਚ ਪੂੰਜੀ ਭੇਜਦੇ ਸਨ ਤੇ

(ਬਾਕੀ ਸਫ਼ਾ 31 'ਤੇ)

# ਵਿਸ਼ਵ ਪੱਧਰੀ ਵਪਾਰ 'ਚ ਨਵੇਂ ਸਮੀਕਰਨ

**ਆਦਿੱਤਿਆ ਸਿਨਹਾ**
(ਲੇਖਕ ਲੋਕ-ਨੀਤੀ ਵਿਸ਼ਲੇਸ਼ਕ ਹੈ)

ਇਹ 2013 ਦੀ ਗੱਲ ਹੈ। ਇੱਕ ਜਾਪਾਨੀ ਕੰਪਨੀ ਨੇ ਭਾਰਤ ਵਿੱਚ ਆਪਣੇ ਏ.ਸੀ. ਵੇਚਣੇ ਸ਼ੁਰੂ ਕੀਤੇ। ਉਸ ਦੇ ਏ.ਸੀ. ਦੀ ਕੀਮਤ ਸਥਾਨਕ ਮੁਕਾਬਲੇਬਾਜ਼ਾਂ ਨਾਲੋਂ ਘੱਟ ਸੀ। ਇਸ ਵਿੱਚ ਇੱਕ ਪੇਚ ਸੀ। ਇਨ੍ਹਾਂ ਏਸੀਜ਼ ਦਾ ਨਿਰਮਾਣ ਤਾਂ ਚੀਨ ਵਿੱਚ ਹੋਇਆ ਸੀ ਪਰ ਭਾਰਤ ਵਿੱਚ ਇਹ ਮਲੇਸ਼ੀਆ ਜ਼ਰੀਏ ਆਉਂਦੇ ਸਨ। ਮੈਨੂਫੈਕਚਰਿੰਗ ਕੰਪਨੀ ਨੇ ਭਾਰਤੀ ਬਾਜ਼ਾਰ ਵਿੱਚ ਪ੍ਰਵੇਸ਼ ਲਈ ਉਸ ਦੇਸ਼ ਨੂੰ ਮਾਧਿਅਮ ਬਣਾਇਆ ਜਿਸ ਨਾਲ ਭਾਰਤ ਦਾ ਮੁਕਤ ਵਪਾਰ ਸਮਝੌਤਾ ਯਾਨੀ ਐੱਫ.ਟੀ.ਏ. ਸੀ।

ਚੀਨੀ ਉਤਪਾਦਾਂ ਲਈ ਕਿਉਂਕਿ ਟੈਰਿਫ ਲਾਗੂ ਸੀ ਤਾਂ ਚੀਨ ਤੋਂ ਉਤਪਾਦਾਂ ਨੂੰ ਸਿੱਧੇ ਭਾਰਤ ਭੇਜਣ 'ਤੇ ਲਾਗਤ ਵਧ ਸਕਦੀ ਸੀ। ਇਸ ਲਈ ਬਸ ਪੈਕੇਜਿੰਗ ਜਾਂ ਅਸੈਂਬਲਿੰਗ ਵਿੱਚ ਕੁਝ ਹੇਰ-ਫੇਰ ਕਰਨਾ ਸੀ ਅਤੇ ਭਾਰਤ ਵਿੱਚ ਲਗਪਗ ਟੈਰਿਫ ਮੁਕਤ ਉਤਪਾਦ ਭੇਜਣਾ ਸੰਭਵ ਸੀ। ਇਹ ਇੱਕ ਚਤੁਰਾਈ ਭਰਿਆ ਦਾਅ ਸੀ।

ਪੂਰੀ ਤਰ੍ਹਾਂ ਜਾਇਜ਼ ਹੁੰਦੇ ਹੋਏ ਵੀ ਇਹ ਵਪਾਰ ਨੀਤੀ ਵਿੱਚ ਤਰੁੱਟੀਆਂ ਨੂੰ ਰੇਖਾਂਕਿਤ ਕਰਨ ਵਾਲਾ ਰਿਹਾ ਅਤੇ ਇਹ ਕੋਈ ਇਕਲੌਤਾ ਮਾਮਲਾ ਵੀ ਨਹੀਂ ਸੀ। ਪੂਰੇ ਏਸ਼ੀਆ ਵਿੱਚ ਬਰਮਾਦਕਾਰ ਐੱਫ.ਟੀ.ਏ. ਦੇ ਪਿਛਲੇ ਦਰਵਾਜ਼ੇ ਤੋਂ ਭਾਰਤੀ ਬਾਜ਼ਾਰ ਵਿੱਚ ਪੈਂਠ ਬਣਾਉਣ ਦੀ ਜੁਗਤ ਵਿੱਚ ਰੁੱਝੇ ਹੋਏ ਸਨ। ਇਸ ਵਿੱਚ ਅਕਸਰ ਦੇਸੀ ਨਿਰਮਾਣਕਾਰਾਂ ਦੇ ਹਿੱਤਾਂ ਨੂੰ ਨੁਕਸਾਨ ਪੁੱਜਦਾ ਰਿਹਾ। ਸਮੱਸਿਆ ਉਕਤ ਤਰੁੱਟੀ ਤੋਂ ਵੀ ਡੂੰਘੀ ਹੈ। ਭਾਰਤ ਦੇ ਤਮਾਮ ਵਪਾਰ ਸਮਝੌਤੇ ਖ਼ਾਸ ਤੌਰ 'ਤੇ 2014 ਤੋਂ ਪਹਿਲਾਂ ਅਜਿਹੇ ਜੋ ਕਰਾਰ ਹੋਏ, ਉਹ ਰਣਨੀਤਕ ਅਤੇ ਆਰਥਿਕ ਤਰਕਾਂ ਦੇ ਆਧਾਰ 'ਤੇ ਨਹੀਂ ਹੋਏ ਸਨ। ਇਸ ਦੌਰਾਨ ਸਾਫਟਾ, ਜੀ.ਐੱਸ.ਟੀ.ਪੀ. ਅਤੇ ਸ੍ਰੀਲੰਕਾ ਤੇ ਚਿੱਲੀ ਵਰਗੇ ਦੇਸ਼ਾਂ ਨਾਲ ਦੁਵੱਲੇ ਸਮਝੌਤੇ ਕੀਤੇ ਗਏ ਜਿੱਥੇ ਫਾਰਮਾ, ਪੂੰਜੀਗਤ ਵਸਤਾਂ ਅਤੇ ਭਾਰੀ ਮਸ਼ੀਨਰੀ ਵਰਗੇ ਪ੍ਰਮੁੱਖ ਭਾਰਤੀ ਨਿਰਯਾਤਾਂ ਲਈ ਤਾਂ ਕੋਈ ਖ਼ਾਸ ਮੰਗ ਨਹੀਂ ਸੀ ਪਰ ਉਹ ਭਾਰਤ ਵਿੱਚ ਚੀਨੀ ਸਾਮਾਨ ਖਪਾਉਣ ਦੇ ਸਿੱਧੇ ਟਿਕਾਣੇ ਜ਼ਰੂਰ ਬਣ ਗਏ।

ਇਸ ਨਾਲ ਦੇਸ਼ ਵਿੱਚ ਦਰਾਮਦਾਂ ਵਧਦੀਆਂ ਗਈਆਂ ਅਤੇ ਭਾਰਤ ਨੇ ਲਾਭ ਦੇ ਉਦੇਸ਼ ਨਾਲ ਜੋ ਸਮਝੌਤੇ ਕੀਤੇ, ਉਹ ਦੂਜਿਆਂ ਨੂੰ ਲਾਭ ਪਹੁੰਚਾਉਣ ਵਾਲੇ ਇਕਤਰਫ਼ਾ ਕਰਾਰ ਬਣ ਕੇ ਰਹਿ ਗਏ। ਇਸ ਸਮੱਸਿਆ ਦੀ ਜੜ੍ਹ 'ਰੂਲਜ਼ ਆਫ ਓਰੀਜਿਨ' ਯਾਨੀ ਵਸਤੂ ਦੇ ਮੂਲ ਸਥਾਨ ਨਾਲ ਸਬੰਧਤ ਲੱਚਰ ਨਿਯਮਨ ਵਿੱਚ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਇਸ ਸਮੱਸਿਆ ਦੀ ਨਿਸ਼ਾਨਦੇਹੀ ਕੀਤੀ ਅਤੇ ਵਪਾਰ ਸਮਝੌਤਿਆਂ ਪ੍ਰਤੀ ਭਾਰਤ ਦਾ ਦ੍ਰਿਸ਼ਟੀਕੋਣ ਬਦਲਿਆ। ਹੁਣ ਉਨ੍ਹਾਂ ਸਮਝੌਤਿਆਂ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਦੋਵਾਂ ਧਿਰਾਂ ਨੂੰ ਬਰਾਬਰ ਦਾ ਲਾਭ ਹੋਵੇ। ਇਸ ਵਾਸਤੇ ਸਰਕਾਰ ਕਿਸੇ ਜਲਦਬਾਜ਼ੀ ਵਿੱਚ ਵੀ ਨਹੀਂ ਦਿਸਦੀ ਅਤੇ ਪੂਰਾ ਸਮਾਂ ਲੈ ਕੇ ਅੱਗੇ ਵਧ ਰਹੀ ਹੈ। ਸੰਯੁਕਤ ਅਰਬ ਅਮੀਰਾਤ ਯਾਨੀ ਯੂ.ਏ.ਈ. ਅਤੇ ਆਸਟ੍ਰੇਲੀਆ ਨਾਲ ਐੱਫ.ਟੀ.ਏ. ਵਿੱਚ ਇਹੀ ਵਿਆਪਕ ਦ੍ਰਿਸ਼ਟੀਕੋਣ ਝਲਕਦਾ ਹੈ। ਭਾਰਤ ਹੁਣ ਯੂਰਪੀ ਸੰਘ,



ਬਰਤਾਨੀਆ, ਨਿਊਜ਼ੀਲੈਂਡ ਅਤੇ ਇੱਥੋਂ ਤੱਕ ਕਿ ਅਮਰੀਕਾ ਨਾਲ ਵੀ ਅਜਿਹੇ ਹੀ ਕਿਸੇ ਸਮਝੌਤੇ 'ਤੇ ਸਰਗਰਮੀ ਵਾਲੀ ਗੱਲਬਾਤ ਕਰ ਰਿਹਾ ਹੈ। ਇਹ ਵਪਾਰ ਨੀਤੀ ਦੇ ਮੁੜ ਸੰਯੋਜਨ ਨੂੰ ਰੇਖਾਂਕਿਤ ਕਰਦਾ ਹੈ ਜਿਸ ਵਿੱਚ ਰੱਖਿਆਤਮਕ ਰੁਖ਼ ਦੇ ਬਜਾਏ ਰਣਨੀਤਕ ਲਾਹੇ ਨੂੰ ਜ਼ਰੀਆ ਬਣਾ ਕੇ ਆਰਥਿਕ ਕਾਇਆਕਲਪ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ।

ਯੂ.ਏ.ਈ. ਅਤੇ ਆਸਟ੍ਰੇਲੀਆ ਨਾਲ ਵਪਾਰ ਸਮਝੌਤੇ ਇਸ ਦਿਸ਼ਾ ਵਿੱਚ ਭਾਰਤ ਦੀ ਨਵੀਂ ਸੋਚ ਦੇ ਪ੍ਰਤੀਕ ਹਨ। ਇਨ੍ਹਾਂ 'ਤੇ ਸਾਲ ਭਰ ਤੋਂ ਘੱਟ ਦੀ ਵਾਰਤਾ ਵਿੱਚ ਮੋਹਰ ਲੱਗ ਗਈ ਅਤੇ ਇਨ੍ਹਾਂ 'ਚ ਉਨ੍ਹਾਂ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਭਾਰਤ ਬਰਾਮਦ ਦੇ ਲਿਹਾਜ਼ ਨਾਲ ਮਜ਼ਬੂਤ ਹੈ। ਯੂ.ਏ.ਈ. ਨੇ ਭਾਰਤ ਦੇ ਲਗਪਗ 90 ਪ੍ਰਤੀਸ਼ਤ ਨਿਰਯਾਤਾਂ 'ਤੇ ਟੈਰਿਫ ਖ਼ਤਮ ਕਰ ਦਿੱਤਾ ਹੈ ਜਿਸ ਵਿੱਚ ਰਤਨ ਅਤੇ ਗਹਿਣੇ, ਕੱਪੜਾ ਅਤੇ ਇੰਜੀਨੀਅਰਿੰਗ ਵਸਤਾਂ ਜਿਹੇ ਉਤਪਾਦ ਸ਼ਾਮਲ ਹਨ। ਆਸਟ੍ਰੇਲੀਆ ਨਾਲ ਸਮਝੌਤੇ ਸਦਕਾ ਭਾਰਤੀ ਦਵਾ, ਕੱਪੜਾ ਅਤੇ ਆਈ.ਟੀ. ਸੇਵਾਵਾਂ ਦੀ ਇੱਕ ਵੱਡੇ ਬਾਜ਼ਾਰ ਤੱਕ ਪਹੁੰਚ ਯਕੀਨੀ ਬਣਾਉਂਦੇ ਹੋਏ ਡੇਅਰੀ ਵਰਗੇ ਸੰਵੇਦਨਸ਼ੀਲ ਖੇਤਰ ਨੂੰ ਸੁਰੱਖਿਆ ਵੀ ਪ੍ਰਦਾਨ ਕੀਤੀ ਗਈ।

ਇਹ ਸਮਝੌਤੇ ਸਿਰਫ਼ ਟੈਰਿਫ ਵਿੱਚ ਕਟੌਤੀ ਤੱਕ ਹੀ ਸੀਮਤ ਨਹੀਂ ਰਹੇ ਬਲਕਿ ਇਨ੍ਹਾਂ ਨੂੰ ਇਸ ਤਰ੍ਹਾਂ ਆਕਾਰ ਦਿੱਤਾ ਗਿਆ ਕਿ ਸੰਭਾਵਨਾਸ਼ੀਲ ਬਾਜ਼ਾਰਾਂ ਵਿੱਚ ਪੈਂਠ ਬਣਾਉਣ ਦੇ ਨਾਲ ਹੀ ਘਰੇਲੂ ਹਿੱਤਧਾਰਕਾਂ ਦੇ ਹਿੱਤਾਂ ਦੀ ਵੀ ਰੱਖਿਆ ਕੀਤੀ ਜਾ ਸਕੇ। ਇਹ ਸਮਝੌਤੇ ਭਾਰਤ ਲਈ ਬਹੁਤ ਫ਼ਾਇਦੇਮੰਦ ਸਾਬਿਤ ਹੋ ਰਹੇ ਹਨ।

ਓਥੇ ਹੀ ਯੂਰਪੀ ਸੰਘ, ਬ੍ਰਿਟੇਨ, ਨਿਊਜ਼ੀਲੈਂਡ ਅਤੇ ਜੇ ਅਮਰੀਕਾ ਨੂੰ ਵੀ ਜੋੜ ਲਈਏ ਤਾਂ ਇਨ੍ਹਾਂ ਧਿਰਾਂ ਨਾਲ ਵਪਾਰ ਸਮਝੌਤਿਆਂ ਵਿੱਚ ਇਨ੍ਹਾਂ ਬਾਜ਼ਾਰਾਂ ਦੀ ਪ੍ਰਕਿਰਤੀ ਅਤੇ ਸਰੂਪ ਅਤਿਅੰਤ ਮਹੱਤਵਪੂਰਨ ਪਹਿਲੂ ਹਨ। ਇਹ ਸਾਰੇ ਧਨੀ ਅਤੇ ਸਥਾਪਤ ਮਾਪਦੰਡਾਂ ਨਾਲ ਜੁੜੇ ਬਾਜ਼ਾਰ ਹਨ ਜਿੱਥੇ ਭਾਰਤੀ ਉਤਪਾਦਾਂ ਨੂੰ ਉੱਚੇ ਭਾਅ ਮਿਲਣੇ ਸੰਭਵ ਹਨ। ਇਨ੍ਹਾਂ ਬਾਜ਼ਾਰਾਂ ਵਿੱਚ ਠੁੱਕ ਬਣਾਉਣ ਨਾਲ ਭਾਰਤੀ ਉਤਪਾਦਕਾਂ ਨੂੰ ਆਪਣੀ ਸਮੁੱਚੀ ਵੈਲਿਊ ਚੇਨ ਨੂੰ ਖ਼ੁਸ਼ਹਾਲ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਨੂੰ ਗੁਣਵੱਤਾਪੂਰਨ ਮਾਨਕਾਂ 'ਤੇ ਖ਼ਰਾ ਉਤਰਨ ਲਈ ਉਮੀਦ ਮੁਤਾਬਕ ਯਤਨ ਕਰਨੇ ਹੋਣਗੇ।

ਇਹ ਵਪਾਰ ਕੂਟਨੀਤੀ ਵਿੱਚ ਰਣਨੀਤਕ ਦ੍ਰਿਸ਼ਟੀਕੋਣ ਦੇ ਲਾਗੂ ਹੋਣ ਨੂੰ ਦਰਸਾਉਂਦਾ ਹੈ ਜੋ ਵਸਤਾਂ ਦੇ ਪਰੇ ਵੀ ਤਮਾਮ ਪਹਿਲੂਆਂ ਨੂੰ ਸ਼ਾਮਲ ਕਰਨ ਵਾਲਾ ਹੈ। ਇਨ੍ਹਾਂ ਵਿੱਚ ਸੇਵਾਵਾਂ, ਡਿਜੀਟਲ ਵਪਾਰ, ਨਿਵੇਸ਼ ਵਹਾਅ ਅਤੇ ਰੈਗੂਲਟੇਰੀ ਸਹਿਯੋਗ ਵਰਗੇ ਬਿੰਦੂਆਂ ਨੂੰ ਵੀ ਜੋੜਿਆ ਜਾ ਰਿਹਾ ਹੈ।

ਭਾਰਤ ਦੇ ਸੇਵਾ ਖੇਤਰ ਅਤੇ ਉੱਭਰਦੇ ਹੋਏ ਸਟਾਰਟਅੱਪ ਈਕੋ-ਸਿਸਟਮ ਲਈ ਇਹ ਮਹੱਤਵਪੂਰਨ ਹਨ। ਇਹ ਨਾ ਸਿਰਫ਼ ਬਰਾਮਦ ਸਗੋਂ ਨਵੀਨੀਕਰਨ, ਗਰੀਨ ਟੈਕਨਾਲੋਜੀ ਅਤੇ ਸਪਲਾਈ ਲੜੀ ਸਮਰੱਥਾ ਦੀ ਦ੍ਰਿਸ਼ਟੀ ਨਾਲ ਵੀ ਅਹਿਮ ਹਨ।

ਕਿਉਂਕਿ ਕੋਵਿਡ-19 ਤੋਂ ਬਾਅਦ ਚੀਨ ਸਬੰਧੀ ਜੋਖ਼ਮ ਵਧਣ ਦੇ ਨਾਲ ਹੀ ਆਲਮੀ ਵਪਾਰ ਦੀ ਦਸ਼ਾ-ਦਿਸ਼ਾ ਕਾਫ਼ੀ ਬਦਲੀ ਹੈ ਤਾਂ ਭਵਿੱਖ ਨੂੰ ਦੇਖਦੇ ਹੋਏ ਇਹ ਭਾਰਤ ਲਈ ਵਿਆਪਕ ਮੌਕਿਆਂ ਦੇ ਦੁਆਰ ਖੋਲ੍ਹਣ ਦੀ ਸਮਰੱਥਾ ਰੱਖਦੇ ਹਨ। ਇਸ ਚਰਚਾ ਵਿੱਚ ਇਹ ਸਵਾਲ ਚੁੱਕਣਾ ਸੁਭਾਵਕ ਹੈ ਕਿ ਜਦ ਵਿਸ਼ਵ ਵਿੱਚ ਬਹੁਪੱਖੀ ਵਪਾਰ ਅਤੇ ਸੰਸਥਾਵਾਂ ਦਬਾਅ ਵਿੱਚ ਹਨ ਤਦ ਆਖ਼ਰ ਕਿਉਂ ਦੁਨੀਆ ਦੇ ਤਮਾਮ ਦੇਸ਼ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਹੋਰ ਡੂੰਘਾ ਬਣਾਉਣ ਵਿੱਚ ਦਿਲਚਸਪੀ ਰੱਖਦੇ ਹਨ। ਇਹ ਰਣਨੀਤਕ ਅਤੇ ਆਰਥਿਕ, ਦੋਵਾਂ ਤਰ੍ਹਾਂ ਦੇ ਮੁਲਾਂਕਣਾਂ ਨੂੰ ਦਰਸਾਉਂਦਾ ਹੈ ਅਸਲ ਵਿੱਚ ਭਾਰਤ ਦਾ ਵਧਦਾ ਉਪਭੋਗਤਾ ਆਧਾਰ, ਤੇਜ਼ੀ ਨਾਲ ਵਧਦਾ ਮੱਧ ਵਰਗ ਅਤੇ ਜਲਦ ਹੀ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਦੀਆਂ ਸੰਭਾਵਨਾਵਾਂ ਨੇ ਭਾਰਤ ਨੂੰ ਇਕ ਆਕਰਸ਼ਕ ਵਪਾਰ ਸਾਂਝੇਦਾਰ ਦੇ ਤੌਰ 'ਤੇ ਸਥਾਪਤ ਕੀਤਾ ਹੈ। ਨਾਲ ਹੀ ਨਾਲ ਆਲਮੀ ਕੰਪਨੀਆਂ ਸਪਲਾਈ ਲੜੀ ਨਿਰਭਰਤਾ ਦੇ ਵੀ ਨਵੇਂ ਸਿਰੇ ਤੋਂ ਮੁਲਾਂਕਣ ਵਿੱਚ ਰੁੱਝੀਆਂ ਹੋਈਆਂ ਹਨ। ਇਸ ਮੁਹਾਂਦਰੇ ਵਿੱਚ ਮੁਕਾਬਲੇਬਾਜ਼ੀ ਵਾਲੀਆਂ ਕਿਰਤ ਲਾਗਤਾਂ, ਉਦਯੋਗਿਕ ਨੀਤੀ ਸੁਧਾਰਾਂ ਅਤੇ ਡਿਜੀਟਲ ਬੁਨਿਆਦੀ ਢਾਂਚੇ ਦੇ ਦਮ 'ਤੇ ਭਾਰਤ ਇੱਕ ਭਰੋਸੇਯੋਗ ਵਿਕਲਪਕ ਨਿਰਮਾਣਕਾਰ ਦੇ ਰੂਪ ਵਿਚ ਉੱਭਰ ਰਿਹਾ ਹੈ।

ਆਲਮੀ ਵਪਾਰਕ ਮੁਹਾਜ਼ 'ਤੇ ਇਹ ਨਵੇਂ ਸਮੀਕਰਨ ਭਾਰਤ ਨੂੰ ਸਿਰਫ਼ ਆਰਥਿਕ ਲਾਭ ਹੀ ਨਹੀਂ ਪਹੁੰਚਾਉਣਗੇ ਬਲਕਿ ਯੂਰਪੀ ਸੰਘ ਅਤੇ ਬ੍ਰਿਟੇਨ ਵਰਗੇ ਭਾਈਵਾਲਾਂ ਨਾਲ ਵਧਦੀ ਕਦਮਤਾਲ ਨਾਲ ਸਪਲਾਈ ਲੜੀ ਦੇ ਵੰਨ-ਸੁਵੰਨੇਪਣ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਵਿਆਪਕ ਸਰਗਰਮੀ ਨੂੰ ਰਫ਼ਤਾਰ ਮਿਲਣ ਨਾਲ ਦੇਸ਼ ਦੇ ਰੱਖਿਆ ਖੇਤਰ ਦੇ ਹਿੱਤਾਂ ਦੀ ਵੀ ਪੂਰਤੀ ਹੋਵੇਗੀ। ਅਜਿਹੇ ਵਿੱਚ ਭਾਰਤ ਨੂੰ ਇਸ ਮੌਕੇ ਦਾ ਲਾਹਾ ਚੁੱਕਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਇਸ ਦਿਸ਼ਾ ਵਿੱਚ ਆਰਥਿਕ ਸੁਧਾਰਾਂ ਸਹਿਤ ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਹੁਣ ਕੁਝ ਰੰਗ ਲਿਆਂਦੀਆਂ ਦਿਸ ਰਹੀਆਂ ਹਨ। ਭਾਵੇਂ ਵਪਾਰਕ ਨੀਤੀਆਂ ਅਸਰਦਾਰ ਬਣਦੀਆਂ ਦਿਸ ਰਹੀਆਂ ਹਨ ਪਰ ਨਾਲ ਹੀ ਭਾਰਤੀ ਨਿਰਮਾਣਕਾਰਾਂ ਨੂੰ ਵੀ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਨ੍ਹਾਂ ਦੇ ਉਤਪਾਦ ਗੁਣਵੱਤਾ ਪੱਖੋਂ ਕੌਮਾਂਤਰੀ ਬਾਜ਼ਾਰ ਵਿੱਚ ਮਾਤ ਨਾ ਖਾ ਜਾਣ। ਉਨ੍ਹਾਂ ਦੇ ਉਤਪਾਦਾਂ ਨੂੰ ਵਿਸ਼ਵ ਬਾਜ਼ਾਰਾਂ ਵਿੱਚ ਹਰ ਪੱਖੋਂ ਪਸੰਦ ਕੀਤਾ ਜਾਵੇ। ਉਹ ਕਿਫ਼ਾਇਤੀ ਅਤੇ ਉੱਚ ਕੁਆਲਿਟੀ ਵਾਲੇ ਹੋਣਗੇ ਤਾਂ ਕੌਮਾਂਤਰੀ ਬਾਜ਼ਾਰਾਂ ਵਿੱਚ ਆਪਣੀ ਪੈਂਠ ਜ਼ਰੂਰ ਬਣਾ ਲੈਣਗੇ।

# ਹੁਣ ਦੁਰਲੱਭ ਚੀਜ਼ ਬਣ ਰਿਹੈ ਆਜ਼ਾਦ ਅਤੇ ਨਿਰਪੱਖ ਮੀਡੀਆ

**ਸੁੱਚਾ ਸਿੰਘ ਗਿੱਲ**

ਸਮਾਜ ਜਿਸ ਦੌਰ ਵਿੱਚੋਂ ਲੰਘ ਰਿਹਾ ਹੈ, ਉਸ ਵਿੱਚ ਬਹੁਤ ਸਾਰੀ ਸੂਚਨਾ ਅਤੇ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਅੰਕੜਿਆਂ ਨਾਲ ਲੋਕਾਂ 'ਤੇ ਵੱਖ-ਵੱਖ ਤਰੀਕਿਆਂ ਨਾਲ ਸੂਚਨਾ ਦੀ ਬੰਬਾਰੀ ਹੋ ਰਹੀ ਹੈ। ਇਹ ਬੰਬਾਰੀ ਕਈ ਪਾਸਿਆਂ ਤੋਂ ਹੋ ਰਹੀ ਹੈ। ਇਸ ਵਿੱਚ ਸਰਕਾਰ ਅਤੇ ਮੀਡੀਆ ਤੋਂ ਇਲਾਵਾ ਹੋਰ ਤੱਤ ਵੀ ਸ਼ਾਮਲ ਹਨ। ਨਵੀਂ ਤਕਨਾਲੋਜੀ ਆਉਣ ਨਾਲ ਨਵੇਂ ਤਰੀਕੇ ਵੀ ਆ ਗਏ ਹਨ ਅਤੇ ਨਵੀਆਂ ਆਰਥਿਕ ਸਮਾਜਿਕ ਤਬਦੀਲੀਆਂ ਨੇ ਇਸ ਵਾਸਤੇ ਮਾਹੌਲ ਵੀ ਪੈਦਾ ਕੀਤਾ ਹੈ। ਲੋਕਾਂ ਨੂੰ ਸੂਚਨਾ ਦੇ ਹੜ੍ਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸਮਿਆਂ ਵਿੱਚ ਇਹ ਸਮਝਣਾ ਅਤੇ ਫ਼ੈਸਲਾ ਕਰਨਾ ਮੁਸ਼ਕਿਲ ਹੋ ਗਿਆ ਹੈ ਕਿ ਅਸਲੀਅਤ ਕੀ ਹੈ ਅਤੇ ਅਫਵਾਹ ਕੀ ਹੈ? ਮਸਲਿਆਂ ਦੀ ਤਹਿ ਤੱਕ ਪਹੁੰਚਣ ਲਈ ਬਣੀਆਂ ਸੰਸਥਾਵਾਂ ਜਾਂ ਤਾਂ ਕੰਮ ਨਹੀਂ ਕਰ ਰਹੀਆਂ ਜਾਂ ਕਮਜ਼ੋਰ ਕਰ ਦਿੱਤੀਆਂ ਗਈਆਂ ਹਨ। ਇਸ ਕਰ ਕੇ ਲੋਕਾਂ ਤੋਂ ਸੱਚ ਛੁਪਾਇਆ ਜਾ ਰਿਹਾ ਜਾਂ ਗ਼ਾਇਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕੁਝ ਦਹਾਕੇ ਪਹਿਲਾਂ ਲੋਕਾਂ ਕੋਲ ਸੂਚਨਾ ਅਖ਼ਬਾਰਾਂ ਰਸਾਲਿਆਂ ਜਾਂ ਸਰਕਾਰੀ ਰੇਡੀਓ ਤੇ ਟੈਲੀਵਿਜ਼ਨ ਰਾਹੀਂ ਪਹੁੰਚਦੀ ਸੀ। ਇਨ੍ਹਾਂ ਦੇ ਐਡੀਟਰ ਅਤੇ ਪੱਤਰਕਾਰ ਸੂਚਨਾ ਲੋਕਾਂ ਤੱਕ ਪਹੁੰਚਾਉਂਦੇ ਸਨ ਜਿਸ ਦੇ ਸਹੀ ਜਾਂ ਸੱਚੇ ਹੋਣ ਬਾਰੇ ਉਨ੍ਹਾਂ ਨੂੰ ਯਕੀਨ ਹੁੰਦਾ ਸੀ। ਮਿਆਰੀ ਅਖ਼ਬਾਰ ਅਤੇ ਰਸਾਲੇ ਸੂਚਨਾ ਦੇ ਠੀਕ ਹੋਣ ਬਾਰੇ ਤਸਦੀਕ ਕਰਨ ਦਾ




ਯਤਨ ਕਰਦੇ ਸਨ। ਸੱਚ ਉਜਾਗਰ ਕਰਨ ਵਾਸਤੇ ਖੋਜੀ ਪੱਤਰਕਾਰੀ ਹੋਂਦ ਵਿੱਚ ਆਈ ਜਿਸ ਨਾਲ ਲੋਕਾਂ ਦਾ ਵਿਸ਼ਵਾਸ ਅਖ਼ਬਾਰਾਂ ਦੀਆਂ ਖ਼ਬਰਾਂ ਦੇ ਠੀਕ ਹੋਣ ਵਿੱਚ ਕਾਫੀ ਵਧ ਗਿਆ ਸੀ। ਜਿਨ੍ਹਾਂ ਅਖ਼ਬਾਰਾਂ ਜਾਂ ਰਸਾਲਿਆਂ ਵਿੱਚ ਖਬਰਾਂ ਦੀ ਅਸਲੀਅਤ ਵੱਲ ਧਿਆਨ ਨਹੀਂ ਸੀ ਦਿੱਤਾ ਜਾਂਦਾ, ਉਨ੍ਹਾਂ ਦੀ ਪਾਠਕਾਂ ਵਿੱਚ ਮਕਬੂਲੀਅਤ ਨਾ ਹੋਣ ਕਾਰਨ ਬਹੁਤ ਘੱਟ ਗਿਣਤੀ ਵਿੱਚ ਪੜ੍ਹੇ ਜਾਂਦੇ ਸਨ। ਅਕਾਦਮਿਕ ਖੋਜ ਵਿਸ਼ੇਸ਼ ਰਸਾਲਿਆਂ ਵਿੱਚ ਖੋਜ ਪੱਤਰ ਜਾਂ ਖੋਜ ਆਧਾਰਿਤ ਕਿਤਾਬਾਂ ਦੇ ਰੂਪ ਵਿੱਚ ਛਾਪੀ ਜਾਂਦੀ ਸੀ। ਇਨ੍ਹਾਂ ਦੇ ਛਾਪਣ ਤੋਂ ਪਹਿਲਾਂ ਕਿਸੇ ਮਾਹਿਰ ਤੋਂ ਖੋਜ ਪੱਤਰ ਜਾਂ ਕਿਤਾਬ ਦੇ ਛਪਣਯੋਗ ਹੋਣ ਬਾਰੇ ਰਾਇ ਲੈਣਾ ਵੀ ਲਾਜ਼ਮੀ ਕੀਤਾ ਜਾਂਦਾ ਸੀ। ਇਉਂ ਖੋਜ ਤੋਂ ਉਜਾਗਰ ਤੱਥਾਂ ਦੀ ਪੇਸ਼ਕਾਰੀ ਤੋਂ ਪਹਿਲਾਂ ਸਾਰੀਆਂ ਸਾਵਧਾਨੀਆਂ ਲਈਆਂ ਜਾਂਦੀਆਂ ਸਨ ਤਾਂ ਕਿ ਤੱਥਾਂ ਦੀ ਸਚਾਈ ਬਾਰੇ ਕੋਈ ਭੁਲੇਖਾ ਨਾ ਰਹੇ।

ਅਜੋਕੇ ਸਮੇਂ ਵਿੱਚ ਇਹ ਸਭ ਕੁਝ ਬਦਲ ਗਿਆ ਹੈ। ਵੱਡੇ ਅਖ਼ਬਾਰਾਂ ਦੇ ਮਾਲਕ ਅਖ਼ਬਾਰਾਂ ਦੇ ਕਈ ਸਫ਼ੇ ਜਾਂ ਕਾਲਮ ਇਸ਼ਤਿਹਾਰਾਂ ਦੇ ਰੂਪ ਵਿੱਚ ਮਹਿੰਗੀਆਂ ਵਸਤੂਆਂ ਦੀ ਵਿਕਰੀ ਉਤਸ਼ਾਹਿਤ ਕਰਨ ਵਾਸਤੇ ਛਾਪਦੇ ਹਨ। ਹੌਲੀ-ਹੌਲੀ ਕੁਝ ਕਾਲਮ ਖਬਰਾਂ ਦੇ ਰੂਪ ਵਿੱਚ ਵੇਚੇ ਜਾਣ ਲੱਗ ਪਏ। ਇਸ ਨੂੰ ਮੁੱਲ ਦੀ ਖ਼ਬਰ ਵੀ ਕਿਹਾ ਜਾਂਦਾ ਹੈ। ਸਾਧਾਰਨ ਪਾਠਕ ਇਸ ਨੂੰ ਠੀਕ ਜਾਂ ਸੱਚੀ ਖ਼ਬਰ ਸਮਝਦੇ ਹੋਏ ਵਿਸ਼ਵਾਸ ਕਰ ਲੈਂਦੇ ਹਨ। ਥੋੜ੍ਹੇ ਜਿਹੇ ਮਿਆਰੀ ਅਖ਼ਬਾਰਾਂ ਨੂੰ ਛੱਡ ਕੇ ਬਹੁਤੇ ਅਖ਼ਬਾਰ ਕਾਰਪੋਰੇਟ ਘਰਾਣੇ ਚਲਾ ਰਹੇ ਹਨ। ਕਾਰਪੋਰੇਟ ਅਖ਼ਬਾਰਾਂ ਦੇ ਮਾਲਕ ਹਾਕਮ ਪਾਰਟੀਆਂ ਨਾਲ ਮਿਲ ਕੇ ਚਲਦੇ ਹਨ। ਇਹ ਅਖਬਾਰ ਉਹ ਖ਼ਬਰ/ਲੇਖ ਪ੍ਰਕਾਸ਼ਿਤ ਨਹੀਂ ਕਰਦੇ ਜਿਹੜੇ ਸਚਾਈ ਤਾਂ ਆਧਾਰਿਤ ਹੁੰਦੇ ਹਨ ਪਰ ਸਰਕਾਰਾਂ ਨੂੰ ਮਾਫ਼ਕ ਨਹੀਂ ਆਉਂਦੇ। ਸਰਕਾਰੀ ਟੈਲੀਵਿਜ਼ਨ ਚੈਨਲਾਂ ਤੋਂ ਇਲਾਵਾ ਕਾਰਪੋਰੇਟ ਘਰਾਣਿਆਂ ਨੇ ਆਪਣੇ ਟੈਲੀਵਿਜ਼ਨ ਚੈਨਲ ਖੋਲ੍ਹੇ ਹੋਏ ਹਨ ਪਰ ਉਨ੍ਹਾਂ ਦਾ ਕਿਰਦਾਰ ਸਰਕਾਰੀ ਨੀਤੀਆਂ ਪ੍ਰਚਾਰਨ ਵਾਲਾ ਬਣ ਗਿਆ ਹੈ। ਅਜਿਹੇ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੂੰ ਦਰਬਾਰੀ ਜਾਂ ਗੋਦੀ ਮੀਡੀਆ ਕਿਹਾ ਜਾਂਦਾ ਹੈ। ਜੇ ਕੋਈ ਚੈਨਲ ਆਪਣੀ ਰਾਇ ਬੇਬਾਕੀ ਨਾਲ ਪੇਸ਼ ਕਰਦਾ ਹੈ ਤਾਂ ਉਸ ਨੂੰ ਕਾਰਪੋਰੇਟ ਘਰਾਣੇ ਖ਼ਰੀਦ ਲੈਂਦੇ ਹਨ ਜਾਂ ਸਰਕਾਰੀ ਏਜੰਸੀਆਂ ਦੇ ਦਖ਼ਲ ਨਾਲ ਬੰਦ ਕਰਵਾ ਦਿੱਤਾ ਜਾਂਦਾ ਹੈ। ਆਜ਼ਾਦ ਅਤੇ ਨਿਰਪੱਖ ਮੀਡੀਆ ਹੁਣ ਦੁਰਲੱਭ ਚੀਜ਼ ਹੈ। ਕੁਝ ਸਾਲਾਂ ਤੋਂ ਸਾਡੇ ਦੇਸ਼ ਅਤੇ ਵਿਦੇਸ਼ਾਂ ਵਿੱਚ ਸੋਸ਼ਲ ਮੀਡੀਆ ਬਹੁਤ ਅਹਿਮ ਬਣ ਗਿਆ ਹੈ। ਇਸ ਦੀ ਮਹੱਤਤਾ ਨੂੰ ਦੇਖਦਿਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਆਈਟੀ ਸੈੱਲ ਕਾਇਮ ਕਰ ਲਏ ਹਨ। ਇਹ ਸੈੱਲ ਪਾਰਟੀ ਦਾ ਪ੍ਰਚਾਰ ਅਤੇ ਵਿਰੋਧੀ ਪਾਰਟੀਆਂ ਖਿਲਾਫ ਭੰਡੀ ਪ੍ਰਚਾਰ ਕਰਦੇ ਹਨ। ਹੁਣ ਖੋਜੀ ਪੱਤਰਕਾਰੀ ਲਗਭਗ ਖ਼ਤਮ ਹੈ। ਇਸੇ ਕਾਰਨ ਮੀਡੀਆ ਆਪਣੀ ਖ਼ੁਦਮੁਖ਼ਤਾਰੀ ਗੁਆ ਚੁੱਕਿਆ ਹੈ। ਇਹ ਹੁਣ ਜਮਹੂਰੀਅਤ ਦਾ ਚੌਥਾ ਥੰਮ੍ਹ ਨਹੀਂ ਰਿਹਾ। ਇਹ ਸੱਚ ਸਾਹਮਣੇ ਲਿਆਉਣ ਦੀ ਬਜਾਇ ਸੱਚ ਛੁਪਾਉਣ ਦਾ ਜ਼ਰੀਆ ਬਣ ਰਿਹਾ ਹੈ।

ਗੰਭੀਰ ਮਸਲਿਆਂ ਅਤੇ ਸਮੱਸਿਆਵਾਂ ਸਮਝਣ ਅਤੇ ਉਨ੍ਹਾਂ ਦੇ ਵਾਜਿਬ ਹੱਲ ਡੂੰਘੀ ਖੋਜ ਅਤੇ ਅਧਿਐਨ ਦੀ ਮੰਗ ਕਰਦੇ ਹਨ। ਇਸ ਕਾਰਜ ਵਾਸਤੇ ਵਿਸ਼ਵ ਦੇ ਸਾਰੇ ਦੇਸ਼ਾਂ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਬਣਾਏ ਹਨ। ਉੱਚ ਵਿੱਦਿਆ ਦੀ ਕਾਮਯਾਬੀ ਵਾਸਤੇ ਸਰਕਾਰੀ ਸਕੂਲ ਖੋਲ੍ਹੇ ਹਨ; ਮਿਆਰੀ ਸਿੱਖਿਆ ਦਾ ਇੰਤਜ਼ਾਮ ਕੀਤਾ ਹੈ। ਜਿਹੜੇ ਵਿਸ਼ਿਆਂ ਨੂੰ ਹੋਰ ਗੰਭੀਰ ਅਧਿਐਨ ਦੀ ਜ਼ਰੂਰਤ ਹੁੰਦੀ ਹੈ, ਉਨ੍ਹਾਂ ਵਾਸਤੇ ਵਿਸ਼ੇਸ਼ ਖੋਜ ਸੰਸਥਾਵਾਂ ਕਾਇਮ ਕੀਤੀਆਂ ਹਨ। ਇਹ ਸੰਸਥਾਵਾਂ ਸਾਹਿਤ, ਵਿਗਿਆਨ, ਸਮਾਜ ਵਿਗਿਆਨ, ਕਾਨੂੰਨ, ਇੰਜਨੀਅਰਿੰਗ ਅਤੇ ਤਕਨਾਲੋਜੀ ਦੇ ਵਿਸ਼ਿਆਂ ਵਿੱਚ ਮੁਹਾਰਤ ਵਾਸਤੇ ਬਣਾਈਆਂ ਹਨ। ਸਾਡੇ ਦੇਸ਼ ਵਿੱਚ ਇਹ ਕਾਰਜ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿੱਢਿਆ ਗਿਆ ਸੀ। ਇਨ੍ਹਾਂ ਵਿਸ਼ਿਆਂ ਵਿੱਚ ਕੌਮੀ ਪੱਧਰ 'ਤੇ ਮਾਹਿਰ ਵੀ ਉੱਭਰਨ ਲੱਗ ਪਏ ਸਨ ਪਰ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਵਿੱਦਿਆ ਸਿਸਟਮ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਨਾਲ ਗੰਭੀਰ ਅਧਿਐਨ ਅਤੇ ਖੋਜ ਕਾਰਜਾਂ ਨੂੰ ਢਾਹ ਲੱਗੀ ਹੈ। ਪਹਿਲਾਂ ਸਕੂਲ ਸਿਸਟਮ ਕਮਜ਼ੋਰ ਕੀਤਾ, ਫਿਰ ਉੱਚ ਵਿੱਦਿਆ ਨੂੰ ਕਾਫੀ ਹੱਦ ਤੱਕ ਕਮਜ਼ੋਰ ਕਰ ਦਿੱਤਾ ਗਿਆ। ਸਿੱਖਿਆ ਦੇ ਡਿਗਦੇ ਮਿਆਰ ਵਿੱਚ ਹੋਰ ਕਾਰਨਾਂ ਤੋਂ ਇਲਾਵਾ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਨਿੱਜੀਕਰਨ ਦੀ ਨੀਤੀ ਨੇ ਵੱਡੀ ਭੂਮਿਕਾ ਨਿਭਾਈ ਹੈ। ਸਰਕਾਰੀ ਖੇਤਰ ਦੇ ਅਦਾਰਿਆਂ ਦੀਆਂ ਗ੍ਰਾਂਟਾਂ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ। ਇਸ ਨਾਲ ਅਧਿਆਪਨ ਅਤੇ ਖੋਜ ਕਾਰਜਾਂ ਵਿੱਚ ਗਿਰਾਵਟ ਆਈ ਹੈ। ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਭਾਰੀ ਫੀਸਾਂ ਲੈ ਕੇ ਮੁੱਖ ਤੌਰ 'ਤੇ ਅਧਿਆਪਨ ਕਾਰਜ ਹੀ ਕੀਤਾ ਜਾਂਦਾ ਹੈ; ਖੋਜ ਕਾਰਜ ਤਰਜੀਹ ਦਾ ਹਿੱਸਾ ਹੀ ਨਹੀਂ। ਸਰਕਾਰ ਦੀ ਨੁਕਤਾਚੀਨੀ ਵਾਲੇ ਲੇਖ ਅਖ਼ਬਾਰ ਵਿੱਚ ਛਾਪਣ ਕਾਰਨ ਵਾਈਸ ਚਾਂਸਲਰ ਜਾਂ ਪ੍ਰੋਫੈਸਰ ਨੂੰ ਨੌਕਰੀ ਤੋਂ ਹੱਥ ਧੋਣੇ ਪੈ ਰਹੇ ਹਨ। ਅੰਧਵਿਸ਼ਵਾਸ ਪ੍ਰਚਾਰਨ ਵਾਲਿਆਂ ਨੂੰ ਇਨ੍ਹਾਂ ਅਦਾਰਿਆਂ ਦੇ ਮੁਖੀ ਲਾਇਆ ਜਾ ਰਿਹਾ ਹੈ। ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਗ੍ਰਾਂਟਾਂ ਵਿੱਚ ਭਾਰੀ ਕਟੌਤੀ ਕਾਰਨ ਬਹੁਤ ਸਾਰੇ ਅਦਾਰੇ ਆਪਣੇ ਲੋੜੀਂਦੇ ਕਾਰਜ, ਸਿੱਖਿਆ ਅਤੇ ਖੋਜ ਕਰਨ ਤੋਂ ਅਸਮਰਥ ਹੋ ਗਏ ਹਨ। ਖੋਜ ਸੰਸਥਾਵਾਂ ਦਾ ਹਾਲ ਵੀ ਠੀਕ ਨਹੀਂ।

(ਬਾਕੀ ਸਫ਼ਾ 31 'ਤੇ)




# ਪੰਜਾਬ ਦੇ ਖੇਤਾਂ 'ਚ ਖਿੜਿਆ 'ਪੀਲਾ ਸੋਨਾ'

## ਏਧਰ ਕਣਕਾਂ-ਓਧਰ ਕਣਕਾਂ, ਵਿੱਚ ਕਣਕਾਂ ਦੇ ਬੂਰ ਪਿਆ

### ਪੈਲਾਂ ਪਾਉਂਦੀਆਂ ਸੋਨੇ ਰੰਗੀਆਂ ਕਣਕਾਂ ਵੇਖ ਕੇ ਖਿੜੇ ਕਿਸਾਨਾਂ ਦੇ 'ਸੁਪਨੇ' ਅਤੇ ਗੁਲਜ਼ਾਰ ਹੋਏ 'ਦਾਣਾ-ਮੰਡੀਆਂ' ਤੇ 'ਬਾਜ਼ਾਰ'




**ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ, ਜਿਸ ਕਾਰਨ ਪੰਜਾਬ ਦੀ ਆਰਥਿਕਤਾ ਦਾ ਪਹੀਆ ਖੇਤੀਬਾੜੀ ਨਾਲ ਹੀ ਘੁੰਮਦਾ ਹੈ। ਕਣਕ ਪੰਜਾਬ ਦੀ ਮੁੱਖ ਫ਼ਸਲ ਹੈ। ਪੰਜਾਬ ਦੀ ਉਪਜਾਊ ਧਰਤੀ ਨਵੰਬਰ ਮਹੀਨੇ ਤੋਂ ਅਪ੍ਰੈਲ ਮਹੀਨੇ ਤੱਕ ਹਰੇ ਕਚੂਰ ਰੰਗ ਤੋਂ ਸੁਨਹਿਰੀ ਹੁੰਦੀ ਕਣਕ ਨਾਲ ਸ਼ਿੰਗਾਰੀ ਹੁੰਦੀ ਹੈ। ਹਰ ਪਾਸੇ ਕਣਕਾਂ ਹੀ ਨਜ਼ਰ ਪੈਂਦੀਆਂ ਹਨ। ਪੰਜਾਬ ਦਾ ਸੱਭਿਆਚਾਰ, ਤਿੱਥ, ਤਿਉਹਾਰ, ਮੇਲੇ ਤੇ ਵਿਆਹ-ਮੁਕਲਾਵੇ ਵੀ ਖੇਤੀ ਨਾਲ ਹੀ ਜੁੜੇ ਹੋਏ ਹਨ।**



ਪੰਜਾਬ ਦੇ ਖੇਤਾਂ ਵਿੱਚ ਕਣਕ ਦੀ ਫ਼ਸਲ ਦੀਆਂ ਸੁਨਹਿਰੀ ਬੱਲੀਆਂ ਖਿੜ ਉੱਠੀਆਂ ਹਨ। ਹਰ ਦਿਨ ਹਰੇ ਕਚੂਰ ਰੰਗ ਤੋਂ ਕਣਕਾਂ ਰੰਗ ਵਟਾ ਕੇ ਸੋਨੇ ਰੰਗੀਆਂ ਬਣ ਰਹੀਆਂ ਹਨ। ਖੇਤਾਂ ਵਿੱਚ ਖਿੜੇ ਪੀਲੇ ਸੋਨੇ ਨੂੰ ਵੇਖ ਕੇ ਇਸ ਸਮੇਂ ਕਿਸਾਨ ਖੁਸ਼ੀ ਵਿੱਚ ਖੀਵੇ ਹੋ ਰਹੇ ਹਨ। ਕਣਕ ਦੀ ਫ਼ਸਲ 'ਤੇ ਬਹਾਰ ਪੈਲਾਂ ਪਾ ਰਹੀ ਹੈ, ਜਿਸ ਕਰਕੇ ਇਸ ਵਾਰ ਕਣਕ ਦੀ ਫ਼ਸਲ ਭਰਪੂਰ ਹੋਣ ਦੇ ਆਸਾਰ ਹਨ। ਪੰਜਾਬ ਵਿੱਚ ਜਿਸ ਤਰੀਕੇ ਨਾਲ ਮੌਸਮ ਗਰਮ ਹੋ ਰਿਹਾ ਹੈ, ਉਸ ਕਰਕੇ ਕਣਕ ਦੀ ਫ਼ਸਲ ਛੇਤੀ ਪੱਕ ਸਕਦੀ ਹੈ। ਕਣਕ ਦੀ ਫ਼ਸਲ ਕੱਟਣ ਤੋਂ ਬਾਅਦ ਕਿਸਾਨਾਂ ਨੇ ਕਣਕ ਦੀ ਵਾਢੀ ਸ਼ੁਰੂ ਕਰ ਦੇਣੀ ਹੈ ਅਤੇ ਕੁਝ ਦਿਨਾਂ ਲਈ ਮੰਡੀਆਂ ਵਿੱਚ ਡੇਰਾ ਲਗਾ ਲੈਣਾ ਹੈ, ਜਿਸ ਕਾਰਨ ਪੰਜਾਬ ਦੀਆਂ ਮੰਡੀਆਂ ਵਿੱਚ ਰੌਣਕਾਂ ਲੱਗ ਜਾਣਗੀਆਂ। ਕਿਸਾਨਾਂ ਨੂੰ ਜੋ ਆਮਦਨੀ ਹੋਵੇਗੀ, ਉਸ ਨਾਲ ਉਹਨਾਂ ਦੇ ਸੁਪਨੇ ਅਤੇ ਬਾਜ਼ਾਰ ਵੀ ਖਿੜ ਜਾਣਗੇ। ਇਸ ਵਾਰ ਸਾਲ 2024-25 ਦੌਰਾਨ ਕਣਕ ਦੀ ਪੈਦਾਵਾਰ 1.82 ਕਰੋੜ ਟਨ ਹੋਣ ਦਾ ਅੰਦਾਜ਼ਾ ਹੈ ਜਦੋਂ ਕਿ ਸਾਲ 2022-23 ਦੌਰਾਨ ਕਣਕ ਦੀ ਪੈਦਾਵਾਰ 1.66 ਕਰੋੜ ਟਨ ਅਤੇ ਸਾਲ 2023-24 ਦੌਰਾਨ ਕਣਕ ਦੀ ਪੈਦਾਵਾਰ 1.82 ਕਰੋੜ ਟਨ ਹੋਈ ਸੀ।

ਕਣਕ ਸਾਡੀ ਖੁਰਾਕ ਦਾ ਮੁੱਖ ਸੋਮਾ ਹੈ। ਇਸ ਦੇ ਨਾਲ ਹੀ ਇਸ 'ਤੇ ਸਾਡਾ ਅਰਥਚਾਰਾ, ਸੱਭਿਆਚਾਰ ਅਤੇ ਰੀਤੀ-ਰਿਵਾਜ ਵੀ ਨਿਰਭਰ ਕਰਦੇ ਹਨ। ਪੰਜਾਬ ਦੇ ਖੇਤਾਂ ਵਿੱਚ ਫ਼ਸਲਾਂ ਜਿੰਨੀਆਂ ਭਰਪੂਰ ਹੁੰਦੀਆਂ ਹਨ, ਪੰਜਾਬ ਦੀ ਆਰਥਿਕਤਾ ਦਾ ਪਹੀਆ ਓਨਾ ਹੀ ਮਜ਼ਬੂਤ ਹੋ ਕੇ ਤੇਜ਼ੀ ਨਾਲ ਘੁੰਮਦਾ ਹੈ। ਪੰਜਾਬ ਵਿੱਚ ਮੁੱਖ ਧੰਦਾ ਖੇਤੀਬਾੜੀ ਹੈ ਅਤੇ ਵੱਡੀ ਗਿਣਤੀ ਹੋਰ ਕੰਮ ਧੰਦੇ ਵੀ ਖੇਤੀਬਾੜੀ ਨਾਲ ਹੀ ਸਬੰਧਿਤ ਹਨ। ਜਦੋਂ ਕਿਸਾਨ ਮੰਡੀਆਂ ਵਿੱਚ ਫ਼ਸਲ ਵੇਚ ਕੇ ਕਮਾਈ ਕਰਦੇ ਹਨ ਤਾਂ ਉਹ ਉਹਨਾਂ ਪੈਸਿਆਂ ਨਾਲ ਆਪਣੀਆਂ ਜਰੂਰੀ ਲੋੜਾਂ ਪੂਰੀਆਂ ਕਰਦੇ ਹਨ। ਜਿਸ ਕਰਕੇ ਕਿਸਾਨ ਖੁੱਲ੍ਹ ਕੇ ਖਰਚਾ ਕਰਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਆਪਣੇ ਬੱਚਿਆਂ ਦੇ ਵਿਆਹ ਵੀ ਹਾੜ੍ਹੀ-ਸਾਉਣੀ ਦੀਆਂ ਫ਼ਸਲਾਂ ਨੂੰ ਵੇਚਣ ਤੋਂ ਬਾਅਦ ਹੀ ਕਰਦੇ ਹਨ। ਇਸ ਤਰ੍ਹਾਂ ਹਰ ਹਾੜ੍ਹੀ ਸਾਉਣੀ ਕਿਸਾਨਾਂ ਵੱਲੋਂ ਫ਼ਸਲ ਵੇਚ ਕੇ ਕਮਾਏ ਪੈਸੇ ਖ਼ਰਚਣ ਕਰਕੇ ਜਿਥੇ ਵੱਖ- ਵੱਖ ਤਰ੍ਹਾਂ ਦੀਆਂ ਦੁਕਾਨਾਂ ਦਾ ਕੰਮ ਵਧੀਆ ਚਲਦਾ ਹੈ, ਉਥੇ ਮੈਰਿਜ ਪੈਲਿਸਾਂ ਅਤੇ ਹੋਟਲਾਂ ਦਾ ਕੰਮ ਵੀ ਵਧੀਆ ਚਲਦਾ ਹੈ। ਇਸ ਤੋਂ ਇਲਾਵਾ ਫ਼ਸਲ ਵੇਚ ਕੇ ਕਿਸਾਨਾਂ ਵੱਲੋਂ ਆਪਣੇ ਨੌਜਵਾਨ ਪੁੱਤਰਾਂ ਲਈ ਨਵੇਂ ਵਾਹਨ ਵੀ ਲਏ ਜਾਂਦੇ ਹਨ, ਜਿਸ ਕਾਰਨ ਵਾਹਨਾਂ ਦੀ ਵਿਕਰੀ ਵਿੱਚ ਵੀ ਵਾਧਾ ਹੁੰਦਾ ਹੈ। ਕਿਸਾਨਾਂ ਵੱਲੋਂ ਫ਼ਸਲ ਵੇਚ ਕੇ ਹੀ ਆਪਣੇ ਪਰਿਵਾਰ ਲਈ ਨਵੇਂ ਕਪੜੇ ਸਿਲਵਾਏ ਜਾਂ ਰੈਡੀਮੇਡ ਲਏ ਜਾਂਦੇ ਹਨ, ਜਿਸ ਕਾਰਨ ਬਜਾਜੀਆਂ ਅਤੇ ਸ਼ੋਅਰੂਮਾਂ ਦਾ ਕੰਮ ਵੀ ਵਧੀਆ ਚਲਦਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਫ਼ਸਲ ਦੀ ਕਮਾਈ ਨਾਲ ਆਪਣੇ ਘਰਾਂ ਲਈ ਰਾਸ਼ਨ ਵੀ ਖ਼ਰੀਦਦੇ ਹਨ ਅਤੇ ਆਪਣੇ ਖੇਤੀਬਾੜੀ ਨਾਲ ਸਬੰਧਿਤ ਔਜ਼ਾਰਾਂ ਤੇ ਟ੍ਰੈਕਟਰ ਟਰਾਲੀਆਂ ਦੀ ਰਿਪੇਅਰ ਵੀ ਕਰਵਾਈ ਜਾਂਦੀ ਹੈ, ਜਿਸ ਕਾਰਨ ਕਰਿਆਨੇ ਵਾਲਿਆਂ, ਮਿਸਤਰੀਆਂ ਦਾ ਕੰਮ ਵੀ ਵਧੀਆ ਚਲਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਵਿੱਚ ਹਰ ਹਾੜ੍ਹੀ ਸਾਉਣੀ ਜਦੋਂ ਕਿਸਾਨਾਂ ਕੋਲ ਫ਼ਸਲ ਵੇਚ ਕੇ ਪੈਸੇ ਆ ਜਾਂਦੇ ਹਨ ਤਾਂ ਪੰਜਾਬ ਦੇ ਹੋਰ ਕੰਮਾਂ ਤੇ ਕਿੱਤਿਆਂ ਵਿੱਚ ਵੀ ਬਹਾਰ ਆ ਜਾਂਦੀ ਹੈ ਅਤੇ ਹੋਰਨਾਂ ਕਿੱਤਿਆਂ ਨਾਲ ਸਬੰਧਿਤ ਲੋਕ ਵੀ ਚੰਗੀ ਕਮਾਈ ਕਰਦੇ ਹਨ। ਇਸ ਤਰ੍ਹਾਂ ਖੇਤਾਂ ਵਿੱਚ ਇਕੱਲੀ ਕਣਕ ਦੀ ਫ਼ਸਲ ਹੀ ਗੁਲਜ਼ਾਰ ਨਹੀਂ ਹੁੰਦੀ ਸਗੋਂ ਇਹ ਪੰਜਾਬ ਦੇ ਵੱਡੀ ਗਿਣਤੀ ਕੰਮ ਧੰਦਿਆਂ ਅਤੇ ਕਿੱਤਿਆਂ ਨੂੰ ਵੀ ਗੁਲਜ਼ਾਰ ਕਰਦੀ ਹੈ। ਫ਼ਸਲ ਵੇਚ ਕੇ ਹੋਈ ਚੰਗੀ ਕਮਾਈ ਨਾਲ ਜਿੱਥੇ ਕਿਸਾਨਾਂ ਦੇ ਚਿਹਰੇ ਖਿੜ ਉੱਠਦੇ ਹਨ, ਉਥੇ ਕਿਸਾਨਾਂ ਤੋਂ ਵੱਖ-ਵੱਖ ਕਿਸਮਾਂ ਦੇ ਸਮਾਨ ਦੀ ਖਰੀਦਦਾਰੀ ਕਰਨ ਕਰਕੇ ਹੋਰਨਾਂ ਕਿੱਤਿਆਂ ਦੇ ਨਾਲ ਸਬੰਧਿਤ ਲੋਕਾਂ ਦੇ ਚਿਹਰੇ ਵੀ ਖਿੜ ਉੱਠਦੇ ਹਨ। ਅੱਜ ਦੇ ਤਨਾਓ ਭਰੇ ਯੁੱਗ ਵਿੱਚ ਹੰਸੂ-ਹੰਸੂ ਕਰਦੇ ਚਿਹਰੇ ਸਭ ਨੂੰ ਚੰਗੇ ਲੱਗਦੇ ਹਨ।



ਕਈ ਵਾਰ ਖੇਤਾਂ ਵਿੱਚ ਖੜੇ ਪੀਲੇ ਸੋਨੇ ਨੂੰ ਕਿਸੇ ਚੰਦਰੇ ਦੀ ਨਜ਼ਰ ਵੀ ਲੱਗ ਜਾਂਦੀ ਹੈ ਅਤੇ ਬੇਮੌਸਮੀ ਮੀਂਹ ਤੇ ਗੜੇਮਾਰੀ ਕਾਰਨ ਕਿਸਾਨਾਂ ਦੀ ਫ਼ਸਲ ਖਰਾਬ ਵੀ ਹੋ ਜਾਂਦੀ ਹੈ, ਜਿਸ ਕਾਰਨ ਸਿਰਫ਼ ਕਿਸਾਨਾਂ ਦੇ ਹੀ ਸੁਪਨੇ ਮਿੱਟੀ ਨਹੀਂ ਹੁੰਦੇ ਸਗੋਂ ਕਿਸਾਨੀ ਨਾਲ ਸਬੰਧਿਤ ਹੋਰਨਾਂ ਕੰਮ ਧੰਦਿਆਂ ਵਾਲਿਆਂ ਦੇ ਵਿਹੜਿਆਂ ਵਿੱਚ ਵੀ ਮਾਯੂਸੀ ਛਾ ਜਾਂਦੀ ਹੈ ਕਿਉਂਕਿ ਜੇ ਖੇਤਾਂ ਵਿੱਚ ਜੇ ਫ਼ਸਲ ਚੰਗੀ ਹੋਵੇਗੀ ਤਾਂ ਹੀ ਕਿਸਾਨਾਂ ਨੂੰ ਚੰਗੀ ਆਮਦਨੀ ਹੋਵੇਗੀ ਅਤੇ ਉਸ ਤੋਂ ਬਾਅਦ ਹੀ ਕਿਸਾਨ ਖਰੀਦਦਾਰੀ ਕਰਨਗੇ ਅਤੇ ਆੜ੍ਹਤੀਆਂ ਨਾਲ ਆਪਣਾ ਹਿਸਾਬ ਕਿਤਾਬ ਨਿਬੇੜਨਗੇ। ਇਸੇ ਲਈ ਕਿਹਾ ਜਾਂਦਾ ਹੈ 'ਕਿੱਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ ਨੀ, ਰੁੱਤ ਬੇਈਮਾਨ ਹੋ ਗਈ।'

ਜਦੋਂ ਕਿਸਾਨ ਮੰਡੀਆਂ ਵਿੱਚ ਕਣਕ ਵੇਚਣ ਜਾਂਦੇ ਹਨ ਤਾਂ ਕਣਕ ਦੇ ਬੋਹਲ਼ 'ਤੇ ਬੈਠਾ ਕਿਸਾਨ ਕਿਸੇ ਸ਼ਹਿਨਸ਼ਾਹ ਤੋਂ ਘੱਟ ਨਹੀਂ ਹੁੰਦਾ ਪਰ ਜਦੋਂ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਰੁਲਦੀ ਹੈ ਤਾਂ ਇਹ ਕਿਸਾਨ ਸੀਰੀ ਦੇ ਗੱਲ ਲੱਗ ਕੇ ਰੋਂਦੇ ਨਹੀਂ ਝੱਲੇ ਜਾਂਦੇ। ਅੰਮ੍ਰਿਤਾ ਪ੍ਰੀਤਮ ਨੇ ਕਿਰਤੀ ਕਿਸਾਨਾਂ ਦੀ ਲੁੱਟ ਸਬੰਧੀ ਕਣਕ ਨੂੰ ਮੁਖ਼ਾਤਬ ਹੋ ਕੇ ਰਚਨਾ ਲਿਖੀ ਸੀ, ਜੋ ਅੱਜ ਵੀ ਗੂੜ੍ਹੇ ਅਰਥ ਰੱਖਦੀ ਹੈ

ਮਰ ਮਰ ਕੇ ਹਾੜ੍ਹੀ ਬੀਜੀ, ਭਰ ਭਰ ਬੋਹਲ਼ ਲਗਾਏ,
ਕਣਕਾਂ ਖੇਤ ਦੀਆਂ, ਲੈ ਗਏ ਪੁੱਤਰ ਪਰਾਏ।





# ਪੰਜਾਬ ਬਜਟ-2025 ਕੋਈ ਪ੍ਰਭਾਵਸ਼ਾਲੀ ਨਹੀਂ

## ਮੁੱਖ ਮੰਤਰੀ ਨੂੰ ਵੋਟਾਂ ਦੀ ਸਿਆਸਤ ਤੋਂ ਉੱਪਰ ਉੱਠ ਕੇ ਨਵੇਂ ਫ਼ੈਸਲੇ ਲੈਣੇ ਪੈਣਗੇ



ਡਾ. ਸ. ਸ. ਛੀਨਾ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਆਪਣੀ ਸਰਕਾਰ ਦਾ ਚੌਥਾ ਬਜਟ ਪੇਸ਼ ਕੀਤਾ ਗਿਆ। ਬਜਟ ਪੇਸ਼ ਹੋਣ ਤੋਂ ਪਹਿਲਾਂ ਹੀ ਇਹ ਆਮ ਚਰਚਾ ਸੀ ਕਿ ਇਸ ਬਜਟ ਤੋਂ ਮੁੱਖ ਮੁੱਦੇ ਜਿਵੇਂ ਵਿਕਾਸ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਲਈ ਕੋਈ ਖ਼ਾਸ ਉਮੀਦ ਨਹੀਂ। ਸੋ, ਇਸ ਬਜਟ ਵਿੱਚ ਭਾਵੇਂ ਹਰ ਖ਼ਰਚ ਦੀ ਸਾਰਥਿਕਤਾ ਨੂੰ ਬੜੇ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਇਸ ਤੋਂ ਕਿਸੇ ਰਾਹਤ ਦੀ ਉਮੀਦ ਨਹੀਂ ਕੀਤੀ ਜਾ ਸਕਦੀ। 2 ਲੱਖ 36 ਹਜ਼ਾਰ ਕਰੋੜ ਰੁਪਏ ਦੇ ਬਜਟ ਵਿੱਚ ਸਭ ਤੋਂ ਵੱਧ ਰਾਸ਼ੀ ਸਿੱਖਿਆ ਵਿਭਾਗ ਲਈ 17,925 ਕਰੋੜ ਰੁਪਏ ਰੱਖੇ ਗਏ ਹਨ ਜੋ ਬਜਟ ਦਾ ਤਕਰੀਬਨ 12 ਫ਼ੀਸਦੀ ਬਣਦਾ ਹੈ। ਇਹ ਰਕਮ ਪਿਛਲੇ ਸਾਲ ਤੋਂ 10 ਫ਼ੀਸਦੀ ਜ਼ਿਆਦਾ ਹੈ, ਜੋ ਸਰਕਾਰ ਦੀ ਸਰਕਾਰੀ ਸਕੂਲਾਂ ਨੂੰ ਨਿੱਜੀ ਪਬਲਿਕ ਸਕੂਲਾਂ ਦੇ ਬਰਾਬਰ ਦਾ ਬਣਾਉਣ ਦੀ ਕੋਸ਼ਿਸ਼ ਹੈ। ਸਰਕਾਰ ਦਾ ਲਗਾਤਾਰ ਖੇਡਾਂ ਨੂੰ ਵਿਕਸਿਤ ਕਰਨ ਦਾ ਇਰਾਦਾ ਇਸ ਗੱਲ ਤੋਂ ਸਾਬਿਤ ਹੁੰਦਾ ਹੈ ਕਿ ਖੇਤੀ ਵਿਭਾਗ ਲਈ ਵੱਡੀ ਰਕਮ 979 ਕਰੋੜ ਰੁਪਏ ਰੱਖੀ ਗਈ ਹੈ। ਇਸ ਬਜਟ ਵਿੱਚ ਪਿੰਡਾਂ ਵਿੱਚ ਖੇਡ ਸਟੇਡੀਅਮ ਬਣਾਉਣ, ਤਰਨ ਤਾਰਨ ਵਿੱਚ 87 ਖੇਡ ਮੈਦਾਨ ਬਣਾਉਣੇ, ਪਿੰਡਾਂ ਵਿੱਚ 3000 ਇੰਨਡੋਰ ਜਿਮ ਬਣਾਉਣੇ ਬਹੁਤ ਵੱਡੇ ਕੰਮਾਂ ਦਾ ਐਲਾਨ ਕੀਤਾ ਗਿਆ ਹੈ।

ਕੇਂਦਰ ਸਰਕਾਰ ਵੱਲੋਂ ਰਾਜਾਂ ਦੀ ਵੱਡੀ ਮਦਦ ਕੀਤੀ ਜਾਂਦੀ ਹੈ। ਸੂਬਿਆਂ ਦੀਆਂ ਸਰਕਾਰਾਂ ਕਈ ਮੁੱਦਿਆਂ ਲਈ ਕੇਂਦਰ ਤੋਂ ਮੈਚਿੰਗ ਗ੍ਰਾਂਟ ਲੈਂਦੀਆਂ ਹਨ, ਜਿਸ ਵਿੱਚ ਕੁਝ ਹਿੱਸਾ ਸੂਬੇ ਨੂੰ ਦੇਣਾ ਪੈਂਦਾ ਹੈ। ਪਰ ਪਿਛਲੇ ਸਮਿਆਂ ਵਿੱਚ ਉਨ੍ਹਾਂ ਸਕੀਮਾਂ ਦਾ ਪੂਰਾ ਲਾਭ ਨਹੀਂ ਲਿਆ ਜਾ ਸਕਿਆ। ਇਸ ਬਜਟ ਵਿੱਚ ਭਾਵੇਂ ਇਹ ਗੱਲ ਤਾਂ ਸਪੱਸ਼ਟ ਨਹੀਂ ਕਿ ਵੱਖ-ਵੱਖ ਕੇਂਦਰ ਦੀਆਂ ਸਕੀਮਾਂ ਦਾ ਕਿਵੇਂ ਲਾਭ ਲਿਆ ਜਾਵੇਗਾ ਪਰ ਸਰਕਾਰ ਸਿਰ ਚੜ੍ਹੇ ਵੱਡੇ ਕਰਜ਼ੇ ਦੇ ਵਿਆਜ ਅਤੇ ਮੂਲ ਦਾ ਭੁਗਤਾਨ ਇਸ ਵਿੱਚ ਵੱਡੀ ਰੁਕਾਵਟ ਹਨ। ਇਸ ਬਜਟ ਵਿੱਚ ਬਦਲਦਾ ਪੰਜਾਬ ਬਣਾਉਣ ਲਈ ਪਿੰਡਾਂ ਦੇ ਵਿਕਾਸ ਲਈ 585 ਕਰੋੜ ਰੁਪਏ ਜਾਂ ਹਰ ਚੋਣ ਹਲਕੇ ਲਈ 5 ਕਰੋੜ ਰੁਪਏ ਰੱਖੇ ਗਏ ਹਨ ਜੋ ਬਹੁਤ ਹੀ ਥੋੜ੍ਹੇ ਹਨ ਪਰ ਇਉਂ ਪਿੰਡਾਂ ਦਾ ਵਿਕਾਸ ਕਰਨ ਦਾ ਯਤਨ ਕਰਨਾ ਇੱਕ ਚੰਗੀ ਸ਼ੁਰੂਆਤ ਹੈ। ਇਸ ਲਈ ਕੇਂਦਰ ਸਰਕਾਰ ਦੀ ਮਦਦ ਲੈਣੀ ਵੀ ਬਹੁਤ ਜ਼ਰੂਰੀ ਹੈ। ਖੇਤੀ ਕੇਂਦਰ ਅਤੇ ਪ੍ਰਾਂਤਾਂ ਦੋਵੇਂ ਸਰਕਾਰਾਂ ਦਾ ਵਿਸ਼ਾ ਹੈ। ਪੰਜਾਬ ਸਰਕਾਰ ਵੱਲੋਂ ਹਰ ਉਸ ਸਕੀਮ ਦੇ ਲਾਭ ਲਏ ਜਾਣੇ ਚਾਹੀਦੇ ਹਨ, ਜਿਹੜੀ ਜਨਤਕ ਭਲਾਈ ਲਈ ਕੇਂਦਰ ਦੀ ਸਰਕਾਰ ਨੇ ਸ਼ੁਰੂ ਕੀਤੀ ਹੋਈ ਹੈ। ਪੰਜਾਬ ਵਿੱਚ ਖੇਤੀ ਆਧਾਰਤ ਉਦਯੋਗਾਂ ਦੇ ਵੱਡੇ ਮੌਕੇ ਹਨ। ਇਹ ਉਹ ਉਦਯੋਗ ਹਨ ਜਿਹੜੇ ਛੋਟੇ ਪੱਧਰ ’ਤੇ ਸਹਿਕਾਰੀ ਅਦਾਰੇ ਵੀ ਚਲਾ ਸਕਦੇ ਹਨ। ਪਿਛਲੇ ਸਮੇਂ ਵਿੱਚ ਫਲਾਂ ਦੇ ਮੁਰੱਬੇ, ਜੂਸ, ਆਚਾਰ, ਜੈਮ ਆਦਿ ਬਾਹਰਲੇ ਸੂਬਿਆਂ ਤੋਂ ਆ ਕੇ ਪੰਜਾਬ ਵਿੱਚ ਵਿਕਦੇ ਰਹੇ ਹਨ। ਇਸ ਬਜਟ ਵਿੱਚ ਵੀ ਇਸ ਪਾਸੇ ਖ਼ਾਸ ਉੱਦਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਲਾਭ ਹੋਣ ਤੋਂ ਇਲਾਵਾ, ਨੌਜਵਾਨਾਂ ਲਈ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਰੁਜ਼ਗਾਰ ਦੇ ਮੌਕੇ ਪੈਦਾ ਹੋਣੇ ਸਨ। ਪੰਜਾਬ ਸਰਕਾਰ ਨੇ ਗੰਨੇ ਦੀ ਸਭ ਤੋਂ ਉੱਚੀ ਕੀਮਤ ਰੱਖੀ ਹੈ ਤਾਂ ਕਿ ਖੰਡ ਉਦਯੋਗ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਜਿਸ ਲਈ ਬਜਟ ਵਿੱਚ 250 ਕਰੋੜ ਰੁਪਏ ਰੱਖੇ ਗਏ ਹਨ।

ਖੇਤੀਬਾੜੀ ਪੰਜਾਬ ਵਿੱਚ ਮੁੱਖ ਕਿੱਤਾ ਹੈ, ਜਿਸ ਲਈ 14,524 ਕਰੋੜ ਰੁਪਏ ਦੀ ਇੱਕ ਵੱਡੀ ਰਕਮ ਰੱਖੀ ਗਈ ਹੈ। ਬਦਲਦੇ ਪੰਜਾਬ ਅਧੀਨ ਇਸ ਵਿੱਚ ਖੇਤੀ ਆਧਾਰਤ ਉਦਯੋਗਾਂ ਲਈ ਜੋ ਰਕਮ ਹੈ ਉਹ ਪਿਛਲੇ ਸਾਲ ਤੋਂ 5 ਫ਼ੀਸਦੀ ਜ਼ਿਆਦਾ ਰੱਖੀ ਗਈ ਹੈ, ਇਸ ਅਧੀਨ ਬਾਗਬਾਨੀ ਲਈ 187 ਕਰੋੜ, ਕੁਦਰਤੀ ਖੇਤੀ ਲਈ 115 ਕਰੋੜ ਰੁਪਏ ਅਤੇ ਸਹਾਇਕ ਪੇਸ਼ੇ ਪਸ਼ੂ ਪਾਲਣ ਲਈ 704 ਕਰੋੜ, ਜੰਗਲਾਤ ਲਈ 281 ਕਰੋੜ ਰੁਪਏ ਰੱਖਣੇ ਸਲਾਹੁਣ ਯੋਗ ਹਨ। ਖ਼ਾਸ ਕਰਕੇ ਕੁਦਰਤੀ ਖੇਤੀ ਹੀ ਉਹ ਖੇਤੀ ਹੈ ਜਿਹੜੀ ਲਗਾਤਾਰ ਕੀਤੀ ਜਾ ਸਕਦੀ ਹੈ। ਰਸਾਇਣਾਂ ’ਤੇ ਆਧਾਰਤ ਖੇਤੀ ਭਾਵੇਂ ਕਿਸਾਨ ਦੀ ਮਜਬੂਰੀ ਬਣੀ ਹੋਈ ਹੈ ਪਰ ਇਸ ਨੇ ਪੰਜਾਬ ਦੀ ਧਰਤੀ ਅਤੇ ਪਾਣੀ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਇਸ ਲਈ ਇਸ ਬਜਟ ਵਿੱਚ ਪੰਜਾਬ ਦੇ ਵਾਤਾਵਰਨ ਵਿੱਚ ਆਏ ਬਦਲਾਅ ਵਿੱਚ ਸੰਤੁਲਨ ਬਣਾਉਣ ਲਈ ਭਾਵੇਂ 60 ਕਰੋੜ ਰੁਪਏ ਹੀ ਰੱਖੇ ਹਨ ਪਰ ਇਹ ਇਸ ਪਾਸੇ ਵੱਲ ਨਵੀਂ ਸ਼ੁਰੂਆਤ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਇਸ ਪਾਸੇ ਰੁਝਾਨ ਵਧਣ ਦੀ ਉਮੀਦ ਹੈ।

ਰੁਜ਼ਗਾਰ ਪੰਜਾਬ ਦੀ ਵੱਡੀ ਸਮੱਸਿਆ ਹੈ ਜਿਸ ਦਾ ਇੱਕ ਹੀ ਹੱਲ ਉਦਯੋਗਾਂ ਨੂੰ ਵਧਾਉਣਾ ਹੈ। ਬਜਟ ਵਿੱਚ ਵਿੱਤ ਮੰਤਰੀ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਨਵੀਂ ਉਦਯੋਗਿਕ ਨੀਤੀ ਦਾ ਐਲਾਨ ਕੀਤਾ ਜਾਵੇਗਾ, ਜਿਸ ਵਿੱਚ ਉਹ ਮੱਦਾਂ ਹੋਣਗੀਆਂ ਜਿਹੜੀਆਂ ਉਦਯੋਗਪਤੀਆਂ ਨੂੰ ਆਕਰਸ਼ਿਤ ਕਰਨਗੀਆਂ। ਪਰ ਇਸ ਬਜਟ ਵਿੱਚ ਨਿਵੇਸ਼ ਲਈ ਰੱਖੇ ਗਏ ਸਿਰਫ਼ 250 ਕਰੋੜ ਰੁਪਏ ਬਹੁਤ ਘੱਟ ਹਨ। ਬਜਟ ਵਿੱਚ ਵੱਖ-ਵੱਖ ਕਾਰੀਗਰਾਂ ਦੀਆਂ ਕਿਰਤਾਂ ਨੂੰ ਉਤਸ਼ਾਹਿਤ ਕਰਨ ਲਈ ਸਾਲ ਵਿੱਚ ਵੱਖ-ਵੱਖ ਥਾਵਾਂ ’ਤੇ ਪ੍ਰਦਰਸ਼ਨੀਆਂ ਲਗਾਉਣ ਦੀ ਵਿਵਸਥਾ ਵੀ ਕੀਤੀ ਜਾਵੇਗੀ, ਉਸ ਲਈ 80 ਕਰੋੜ ਰੁਪਏ ਰੱਖੇ ਗਏ ਹਨ ਜੋ ਦਸਤਕਾਰੀਆਂ ਦੇ ਵਿਕਾਸ ਲਈ ਬਹੁਤ ਚੰਗਾ ਕਦਮ ਹੈ, ਜਿਸ ਨਾਲ ਦੇਸ਼ ਅਤੇ ਪ੍ਰਦੇਸ਼ ਵਿੱਚ ਵਸਤੂਆਂ ਦੀ ਮੰਗ ਪੂਰੀ ਕੀਤੀ ਜਾਵੇਗੀ। ਭਾਰਤ ਅਤੇ ਪੰਜਾਬ ਤੋਂ ਇਹੋ ਜਿਹੀਆਂ ਵਸਤੂਆਂ ਦੀ ਬਰਾਮਦ ਦੇ ਬਹੁਤ ਮੌਕੇ ਸਨ, ਜਿਨ੍ਹਾਂ ਵੱਲ ਪਿਛਲੇ ਸਮੇਂ ਤੋਂ ਧਿਆਨ ਛੱਡ ਦਿੱਤਾ ਗਿਆ ਸੀ। ਇਸ ਬਜਟ ਵਿੱਚ ਖੇਤੀ ਆਧਾਰਤ ਉਦਯੋਗ ਜਿਹੜੇ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਸਫ਼ਲ ਹੋ ਸਕਦੇ ਹਨ, ਉਨ੍ਹਾਂ ਲਈ ਵੱਖਰੀ ਰਾਸ਼ੀ ਰੱਖੀ ਗਈ ਹੈ। ਭਾਵੇਂ ਉਹ ਬਹੁਤ ਘੱਟ ਹੈ ਪਰ ਇਸ ਵੱਲ ਲਗਾਤਾਰ ਧਿਆਨ ਦੇਣ ਦੀ ਵੱਡੀ ਜ਼ਰੂਰਤ ਹੈ।

ਬਜਟ ਵਿੱਚ 5983 ਕਰੋੜ ਰੁਪਏ ਸ਼ਹਿਰੀ ਅਤੇ ਸਰਕਾਰ ਵੱਲੋਂ ਹਾਊਸਿੰਗ ਵਿਕਾਸ ਲਈ ਰੱਖੇ ਗਏ ਹਨ। ਇਨ੍ਹਾਂ ਨਾਲ ਵੀ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। 155 ਪੁਲਾਂ ਦੀ ਮੁਰੰਮਤ ਅਤੇ ਨਵੇਂ ਪੁਲਾਂ ਦਾ ਨਿਰਮਾਣ ਕਰਨ ਦੀ ਯੋਜਨਾ ਵਿਕਾਸ ਮੁਖੀ ਹੈ। ਸਰਕਾਰ ਵਲੋਂ ਖੇਤੀ ਵਿਭਿੰਨਤਾ ਜਿਹੜੀ ਕਿ ਨਾ ਸਿਰਫ਼ ਸੂਬੇ ਦੀ ਆਰਥਿਕਤਾ ਅਤੇ ਬਰਾਮਦ ਲਈ ਜ਼ਰੂਰੀ ਹੈ, ਉਸ ਨਾਲ ਰੁਜ਼ਗਾਰ ਵਿੱਚ ਵੀ ਵਾਧਾ ਹੋਵੇਗਾ ਜਿਹੜਾ ਕਿ ਘਰਾਂ ਦੇ ਕੋਲ ਨੌਜਵਾਨਾਂ ਨੂੰ ਮਿਲੇਗਾ। ਉਸ ਲਈ ਬਜਟ ਵਿੱਚ ਵਿਵਸਥਾ ਕੀਤੀ ਗਈ ਹੈ। ਇਸ ਲਈ ਸਾਉਣੀ ਵਿੱਚ ਮੱਕੀ ਦੀ ਕਾਸ਼ਤ ਵਧਾਉਣ ਲਈ ਕਿਸਾਨਾਂ ਨੂੰ 17,500 ਰੁਪਏ ਪ੍ਰਤੀ ਹੈਕਟੇਅਰ (7000 ਰੁਪਏ ਪ੍ਰਤੀ ਏਕੜ) ਦੇਣ ਦਾ ਐਲਾਨ ਕੀਤਾ ਗਿਆ ਹੈ। 881 ਆਮ ਆਦਮੀ ਕਲੀਨਿਕਾਂ ਜਿਹੜੀਆਂ ਸੂਬੇ ਵਿੱਚ ਚੱਲ ਰਹੀਆਂ ਹਨ, ਉਨ੍ਹਾਂ ਵਿੱਚ ਹੋਰ ਵਾਧਾ ਕਰਨ ਲਈ 268 ਕਰੋੜ ਰੁਪਏ ਰੱਖੇ ਹਨ। ਬਜਟ ਵਿੱਚ ਸਭ ਤੋਂ ਚੰਗੀ ਸਕੀਮ ਹੈ ਕਿ ਸੂਬੇ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਦਾ ਸਿਹਤ ਬੀਮਾ ਪ੍ਰਦਾਨ ਕਰਨਾ, ਜਿਸ ਲਈ 5598 ਕਰੋੜ ਰੁਪਏ ਰੱਖੇ ਹਨ। ਪਿੰਡਾਂ ਵਿੱਚ 5 ਵੱਖ-ਵੱਖ ਵਿਕਾਸ ਸਕੀਮਾਂ ਜਿਨ੍ਹਾਂ ਵਿੱਚ ਛੱਪੜਾਂ ਦੀ ਸਫ਼ਾਈ, ਸੀਵਰੇਜ, ਨਹਿਰੀ ਪਾਣੀ ਦੇਣ ਤੇ ਖੇਡ ਸਟੇਡੀਅਮ ਬਣਾਉਣ ਲਈ 3500 ਕਰੋੜ ਰੁਪਏ ਰੱਖੇ ਗਏ ਹਨ। 1800 ਕਿੱਲੋਮੀਟਰ ਸੜਕਾਂ ਦੀ ਮੁਰੰਮਤ ਅਤੇ ਨਵੀਆਂ ਸੜਕਾਂ ਦੇ ਨਿਰਮਾਣ ਕਰਨ ਲਈ 2873 ਕਰੋੜ ਰੁਪਏ ਖ਼ਰਚ ਕਰਨਾ ਵੀ ਖੇਤੀ ਅਤੇ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਬਜਟ ਵਿੱਚ ਪਹਿਲਾਂ 4 ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਨੂੰ ਵਿਸ਼ਵ ਪੱਧਰੀ ਬਣਾਇਆ ਜਾਣਾ ਹੈ, ਜਿਸ ਲਈ ਪਹਿਲੇ ਸਾਲ 140 ਕਰੋੜ ਰੁਪਏ ਰੱਖੇ ਹਨ ਅਤੇ ਇਹ ਸੜਕਾਂ 10 ਸਾਲਾਂ ਵਿੱਚ ਬਣਨੀਆਂ ਹਨ। 225 ਕਰੋੜ ਰੁਪਏ ਪਾਣੀ ਦੀ ਪੂਰਤੀ ਅਤੇ ਸੀਵਰੇਜ ਲਈ ਰੱਖੇ ਗਏ ਹਨ।

ਪੰਜਾਬ ਵਿੱਚ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਥਾਵਾਂ ’ਤੇ ਸੈਰ ਸਪਾਟੇ ਵੱਲ ਧਿਆਨ ਦਿੱਤਾ ਗਿਆ ਹੈ। ਲੋਕ ਭਲਾਈ ਵਿੱਚ ਪਛੜੇ ਵਰਗਾਂ ਵਲੋਂ 2020 ਤੱਕ ਲਏ ਕਰਜ਼ੇ ਮੁਆਫ਼ ਕਰਨਾ, ਵਿਧਵਾਵਾਂ ਅਤੇ ਅਨਾਥ ਬੱਚਿਆਂ ਲਈ 6175 ਕਰੋੜ ਰੁਪਏ ਰੱਖਣਾ ਸਲਾਹੁਣਯੋਗ ਹੈ ਪਰ 450 ਕਰੋੜ ਰੁਪਏ ਔਰਤਾਂ ਦੇ ਮੁਫ਼ਤ ਸਫ਼ਰ ਲਈ ਤੇ 9992 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਕਿਸੇ ਵੀ ਤਰਕ ’ਤੇ ਆਧਾਰਿਤ ਨਹੀਂ ਅਤੇ ਫ਼ਜ਼ੂਲ ਖ਼ਰਚੀ ਨੂੰ ਉਤਸ਼ਾਹਿਤ ਕਰਦੀ ਹੈ। ਬਜਟ ਵਿੱਚ ਭਾਵੇਂ ਇਹ ਦੱਸਿਆ ਗਿਆ ਹੈ ਕਿ ਪਿਛਲੇ ਤਿੰਨਾਂ ਸਾਲਾਂ ਵਿੱਚ ਸਰਕਾਰ ਵੱਲੋਂ 9683 ਲੱਖ ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ। ਨਿਵੇਸ਼ ਨਾਲ ਹੀ ਰੁਜ਼ਗਾਰ ਵਧਦਾ ਹੈ ਅਤੇ ਵਿਕਾਸ ਹੁੰਦਾ ਹੈ ਪਰ ਇਸ ਦੇ ਨਾਲ ਹੀ ਪਿਛਲੇ ਤਿੰਨਾਂ ਸਾਲਾਂ ਵਿੱਚ 95 ਲੱਖ ਕਰੋੜ ਰੁਪਏ ਦਾ ਨਵਾਂ ਕਰਜ਼ਾ ਵੀ ਚੁੱਕਿਆ ਗਿਆ ਹੈ, ਜਿਹੜਾ ਵਿੱਤ ਸੰਬੰਧੀ ਸੁਚੱਜੇ ਪ੍ਰਬੰਧਾਂ ਦੀ ਮੰਗ ਕਰਦਾ ਹੈ।

ਇਕ ਪੇਂਡੂ ਕਹਾਵਤ ਹੈ ਕਿ ਜਿਹੜੀ ਹੱਟੀ ਨਕਦ ਖ਼ਰੀਦ ਕੇ ਮੁਫ਼ਤ ਵੰਡੇ ਉਹ ਕਦੀ ਲਾਭ ਨਹੀਂ ਕਮਾ ਸਕਦੀ।

(ਬਾਕੀ ਸਫ਼ਾ 31 ’ਤੇ)




# ਨਿਰਪੱਖ ਹੱਦਬੰਦੀ ’ਤੇ ਸਾਂਝੀ ਕਾਰਵਾਈ ਕਮੇਟੀ ਦੀ ਮੀਟਿੰਗ



ਕੁੱਕੀ ਗਿੱਲ

22 ਮਾਰਚ, 2025 ਨੂੰ ਚੇਨਈ ਵਿੱਚ ਹੋਈ ਪ੍ਰਭਾਵਸ਼ਾਲੀ ਇਕੱਤਰਤਾ, ਜਿਸ ਵਿੱਚ ਕਈ ਰਾਜਾਂ ਦੇ ਆਗੂਆਂ -ਚਾਰ ਮੁੱਖ ਮੰਤਰੀਆਂ ਸਮੇਤ - ਨੂੰ ਨਿਰਪੱਖ ਹੱਦਬੰਦੀ ’ਤੇ ਸਾਂਝੀ ਕਾਰਵਾਈ ਕਮੇਟੀ (ਜੇ.ਏ.ਸੀ.) ਦੀ ਉਦਘਾਟਨੀ ਮੀਟਿੰਗ ਲਈ ਇਕੱਠਾ ਕੀਤਾ ਗਿਆ ਸੀ, ਨੇ ਇੱਕ ਸਪੱਸ਼ਟ ਸੰਦੇਸ਼ ਦਿੱਤਾ ਕਿ ਮੌਜੂਦਾ ਆਬਾਦੀ ਦੇ ਅੰਕੜਿਆਂ ਦੇ ਆਧਾਰ ’ਤੇ ਕੋਈ ਵੀ ਹੱਦਬੰਦੀ ਅਭਿਆਸ ਅਸਵੀਕਾਰਨਯੋਗ ਹੈ। ਮੀਟਿੰਗ ਦੀ ਮੁੱਖ ਮੰਗ - 1971 ਦੀ ਮਰਦਮਸ਼ੁਮਾਰੀ ਦੇ ਆਧਾਰ ’ਤੇ ਸੰਸਦੀ ਹਲਕਿਆਂ ਦੀ ਗਿਣਤੀ ’ਤੇ ਰੋਕ ਨੂੰ ਹੋਰ 25 ਸਾਲਾਂ ਲਈ ਵਧਾਉਣਾ - ਤਾਮਿਲਨਾਡੂ ਵਿੱਚ ਪਾਰਟੀਆਂ ਦੀ ਇੱਕ ਹਾਲੀਆ ਮੀਟਿੰਗ ਵਿੱਚ ਪਾਸ ਕੀਤੇ ਗਏ ਇੱਕ ਸਮਾਨ ਮਤੇ ਦੀ ਗੂੰਜ ਹੈ, ਜਿਸ ਵਿੱਚ 30 ਸਾਲਾਂ ਦੇ ਵਾਧੇ ਦਾ ਪ੍ਰਸਤਾਵ ਸੀ। ਫ੍ਰੀਜ਼ ਦੀ ਇਹ ਧਾਰਨਾ ਨਵੀਂ ਨਹੀਂ ਹੈ, ਇਸਨੂੰ 42ਵੇਂ ਸੋਧ (2000 ਤੱਕ) ਰਾਹੀਂ ਲਾਗੂ ਕੀਤਾ ਗਿਆ ਸੀ ਅਤੇ 84ਵੇਂ ਸੋਧ (2026 ਤੱਕ) ਰਾਹੀਂ ਦੁਬਾਰਾ ਵਧਾਇਆ ਗਿਆ ਸੀ। ਠੀਕ ਹੈ, ਜੇ.ਏ.ਸੀ. ਨੇ ਜ਼ੋਰ ਦੇ ਕੇ ਕਿਹਾ ਕਿ ਜਿਨ੍ਹਾਂ ਰਾਜਾਂ ਨੇ ਪਰਿਵਾਰ ਨਿਯੋਜਨ ਨੂੰ ਸਫਲਤਾਪੂਰਵਕ ਲਾਗੂ ਕੀਤਾ ਹੈ, ਉਨ੍ਹਾਂ ਨੂੰ ਘੱਟ ਸੰਸਦੀ ਪ੍ਰਤੀਨਿਧਤਾ ਨਾਲ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਚਿੰਤਾ ਨੂੰ, ਜੋ ਕਿ ਦੱਖਣ ਵਿੱਚ ਖਾਸ ਤੌਰ ’ਤੇ ਪ੍ਰਮੁੱਖ ਹੈ, ਨੂੰ ਇੱਕ ਖੇਤਰੀ ਮੁੱਦੇ ਵਜੋਂ ਖਾਰਜ ਨਹੀਂ ਕੀਤਾ ਜਾਣਾ ਚਾਹੀਦਾ, ਭਾਵੇਂ ਕਿ ਇਸ ਮੀਟਿੰਗ ਵਿੱਚ ਦੱਖਣੀ ਰਾਜਾਂ ਦੀ ਮਜ਼ਬੂਤ ਮੌਜੂਦਗੀ ਸੀ, ਜਿਸਦੀ ਮੇਜ਼ਬਾਨੀ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੀਤੀ ਸੀ ਅਤੇ ਜਿਸ ਵਿੱਚ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ, ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਅਤੇ ਕਰਨਾਟਕ ਦੇ ਉਪ ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ ਸ਼ਾਮਲ ਸਨ। ਮੀਟਿੰਗ ਵਿੱਚ ਦੱਖਣ ਤੋਂ ਬਾਹਰੋਂ ਵੀ ਭਾਗੀਦਾਰੀ ਦੇਖਣ ਨੂੰ ਮਿਲੀ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਸ਼ਾਮਲ ਸਨ, ਜਿਨ੍ਹਾਂ ਨੇ ਇੱਕ ਔਨਲਾਈਨ ਸੰਬੋਧਨ ਵਿੱਚ, ਪ੍ਰਭਾਵਸ਼ਾਲੀ ਆਬਾਦੀ ਨਿਯੰਤਰਣ ਉਪਾਵਾਂ ਲਈ ਰਾਜਾਂ ਨੂੰ ਸਜ਼ਾ ਦੇਣ ਦੇ ਵਿਰੁੱਧ ਸੰਦੇਸ਼ ਨੂੰ ਮਜ਼ਬੂਤ ਕੀਤਾ। ਇਹ ਬਹੁਤ ਸਮੇਂ ਬਾਅਦ ਹੈ ਕਿ ਖੇਤਰਾਂ ਅਤੇ ਵਿਚਾਰਧਾਰਾਵਾਂ ਵਿੱਚ ਪਾਰਟੀਆਂ ਇੱਕ ਠੋਸ ਮੁੱਦੇ - ਪ੍ਰਤੀਨਿਧੀ ਲੋਕਤੰਤਰ - ’ਤੇ ਇੱਕਜੁੱਟ ਹੋ ਰਹੀਆਂ ਹਨ - ਨਾ ਕਿ ਮੌਕਾਪ੍ਰਸਤ ਚੋਣ ਗੱਠਜੋੜ ਬਣਾਉਣ ਦੀ ਬਜਾਏ ਜਿਸ ਵਿੱਚ ਨੀਤੀਗਤ ਤਾਲਮੇਲ ਦੀ ਘਾਟ ਹੁੰਦੀ ਹੈ। ਭਾਰਤ ਰਾਸ਼ਟਰ ਸਮਿਤੀ ਦੇ ਕਾਰਜਕਾਰੀ ਪ੍ਰਧਾਨ, ਕੇ.ਟੀ. ਰਾਮਾ ਰਾਓ, ਨੇ ਹੱਦਬੰਦੀ ਪ੍ਰਕਿਰਿਆ ਵਿੱਚ ਇੱਕ ਰਾਜ ਦੇ ਵਿੱਤੀ ਯੋਗਦਾਨ ਨੂੰ ਇੱਕ ਮਾਪਦੰਡ ਵਜੋਂ ਵਿਚਾਰਨ ਦਾ ਪ੍ਰਸਤਾਵ ਰੱਖਿਆ। ਇੱਕ ਅਜਿਹਾ ਵਿਚਾਰ ਹੈ ਜੋ ਦੱਖਣੀ ਰਾਜਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦਾ ਹੈ। ਪਰ ਇੱਕ ਸਾਲ ਤੋਂ ਦੂਜੇ ਸਾਲ ਵਿੱਚ ਬਦਲਣ ਵਾਲੇ ਕਾਰਕਾਂ ’ਤੇ ਹੱਦਬੰਦੀ ਵਰਗੇ ਲੰਬੇ ਸਮੇਂ ਦੇ ਨਤੀਜਿਆਂ ਵਾਲੇ ਫੈਸਲਿਆਂ ਦੀ ਭਵਿੱਖਬਾਣੀ ਕਰਨਾ ਸਮਝਦਾਰੀ ਨਹੀਂ ਹੋ ਸਕਦੀ। ਕਿਸੇ ਵੀ ਹਾਲਤ ਵਿੱਚ, ਕੇਂਦਰ ਸਰਕਾਰ ਨੂੰ ਵੱਖ-ਵੱਖ ਧਿਰਾਂ ਨੂੰ ਸ਼ਾਮਲ ਕਰਦੇ ਹੋਏ ਦੇਸ਼ ਵਿਆਪੀ ਸਲਾਹ-ਮਸ਼ਵਰੇ ਸ਼ੁਰੂ ਕਰਨ ਲਈ ਬਿਨਾਂ ਦੇਰੀ ਕੀਤੇ ਕਾਰਵਾਈ ਕਰਨੀ ਚਾਹੀਦੀ ਹੈ। ਹੱਦਬੰਦੀ ਕਮਿਸ਼ਨ ਸ਼ੁਰੂ ਕਰਨ ਤੋਂ ਪਹਿਲਾਂ, ਇਸਨੂੰ ਸੰਮਲਿਤ ਗੱਲਬਾਤ ਦੀ ਸਹੂਲਤ ਦੇਣੀ ਚਾਹੀਦੀ ਹੈ, ਭਾਵੇਂ ਕਿ ਇਹ ਇਕ ਜਰੂਰੀ ਸਵਾਲ ਹੈ ਕਿ ਅਗਲੀ ਜਨਗਣਨਾ - ਇੱਕ ਜ਼ਰੂਰੀ ਸ਼ਰਤ - ਕਦੋਂ ਕੀਤੀ ਜਾਂਦੀ ਹੈ। ਹੁਣ ਤੱਕ, ਕੇਂਦਰੀ ਮੰਤਰੀਆਂ ਦੇ ਬਿਆਨ ਸਪੱਸ਼ਟਤਾ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹਨ। ਕੇਂਦਰ ਨੂੰ ਇਸ ਅਣਜਾਣ ਦੇਰੀ ’ਤੇ ਪਾਰਦਰਸ਼ਤਾ ਅਤੇ ਸਲਾਹ-ਮਸ਼ਵਰੇ ਦੀ ਮਹੱਤਤਾ ਨੂੰ ਪਛਾਣਨਾ ਚਾਹੀਦਾ ਹੈ।



# ਪੁਸਤਕ ‘ਚਾਰ ਸਾਹਿਬਜ਼ਾਦੇ’ : ਜੀਵਨ ਅਤੇ ਯੋਗਦਾਨ ਦਾ ਰਿਵਿਊ

## ਸੰਪਾਦਕ. ਡਾ. ਪਰਮਵੀਰ ਸਿੰਘ ਅਤੇ ਡਾ. ਕੁਲਵਿੰਦਰ ਸਿੰਘ




ਚਾਰ ਸਾਹਿਬਜ਼ਾਦੇ ਪੁਸਤਕ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ, ਉਤਰਾਖੰਡ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸ਼ਹਾਦਤਾਂ ਉਹਨਾਂ ਸਿਧਾਂਤਾਂ-ਉਪਦੇਸ਼ਾਂ ਦਾ ਸ਼ੁੱਧ ਅਮਲ ਹੈ ਜਿਸ ਦੀ ਸਿਰਜਣਾ ਗੁਰੂ ਸਾਹਿਬ ਵੱਲੋਂ ਹੋ ਰਹੀ ਸੀ। ਗੁਰੂ ਸਾਹਿਬਾਨ ਦੇ ਪ੍ਰਗਟ ਸਰੂਪ (ਦੇਹ ਸਰੂਪ) ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਅਮਲ ਇਸ ਧਰਤੀ ’ਤੇ ਲਾਸਾਨੀ, ਅਦੁੱਤੀ ਤੇ ਨਿਆਰਾ ਹੈ। ਬ੍ਰਹਿਮੰਡ (ਲੋਕ) ਵਿੱਚ ਇਨਸਾਨੀਅਤ, ਮਨੁੱਖੀ ਨੈਤਿਕਤਾ ਅਤੇ ਸੱਭਿਆਚਾਰਕ ਪੱਧਰ ’ਤੇ ਜੇ ਕੋਈ ਅੰਤਿਮ ਰੁਤਬਾ ਹੈ ਤਾਂ ਉਹ ਸ਼ਹੀਦੀ ਜਾਂ ਸ਼ਹਾਦਤ ਦਾ ਹੈ। ਇਸ ਦਾ ਧਾਰਮਿਕ ਫ਼ਲਸਫ਼ੇ ਵਿੱਚ ਪ੍ਰਲੋਕੀ (ਅਲੌਕਿਕ) ਮਹੱਤਵ ਵੀ ਹੈ ਜਿਸ ਕਰ ਕੇ ਸ਼ਹੀਦ ‘ਅਮਰ’ ਪਦਵੀ ਨੂੰ ਪ੍ਰਾਪਤ ਹੋ ਜਾਂਦਾ ਹੈ। ਇਹ ਵਿਸ਼ਵਾਸ ਹੈ ਕਿ ਸ਼ਹੀਦ ਦੀ ਮੌਤ ਨਹੀਂ ਹੁੰਦੀ।ਮਨੋਵਿਗਿਆਨਕ ਨੁਕਤੇ ਤੋਂ ਸ਼ਹੀਦੀ ਪ੍ਰਵਾਨ ਕਰਨ ਵਾਲੇ ਪੁਰਸ਼ ਦਾ ਮੌਤ ਤੋਂ ਨਿਰਭੈ ਹੋਣਾ ਅਤੇ ਮੌਤ ਨੂੰ ਅਟੱਲ ‘ਹੋਣੀ’ ਸਵੀਕਾਰ ਕੇ ਖ਼ੁਸ਼ੀ ਨਾਲ ਗਲੇ ਲਾਉਣਾ, ਉਸ ਦਾ ‘ਮੌਤ’ ਤੋਂ ‘ਅਮਰ’ ਹੋਣ ਦਾ ਅਦ੍ਰਿਸ਼ਟ ਵਰਤਾਰਾ ਹੁੰਦਾ ਹੈ। ‘ਸ਼ਹਾਦਤ’ ਪਿੱਛੇ ਧਰਮ ਜਾਂ ਅਸੂਲ ਦੀ ਖਾਤਰ ਜ਼ਿੰਦਗੀ ਵਾਰ ਦੇਣ ਦਾ ਅਹਿਦ ਬੇਰੋਕ ਗਤੀਸ਼ੀਲ ਹੁੰਦਾ ਹੈ। ਮਨੁੱਖੀ ਜਾਂ ਭੌਤਿਕ ਪਧਰ ’ਤੇ ‘ਸ਼ਹੀਦ’ ਪਿਛਲਿਆਂ ਵਾਸਤੇ ਵਿਸ਼ਵਾਸ ਜਾਂ ਸੱਚ ਲਈ ਸਭ ਤੋਂ ਵੱਡੀ ਕੁਰਬਾਨੀ ਦੇ ਕੇ ਸੱਚ ਧਰਮ ਦੇ ਰਾਹ ’ਤੇ ਸਹੀ ਪਾ ਜਾਂਦਾ ਹੈ। ‘ਸ਼ਹਾਦਤ’ ਦੇ ਇਹਨਾਂ ਸਰੋਕਾਰਾਂ ਬਾਰੇ ਪੁਸਤਕ ਦੇ ਆਰੰਭਲੇ ਅਧਿਆਵਾਂ ਵਿੱਚ ਦਾਰਸ਼ਨਿਕ ਤੇ ਇਤਿਹਾਸਕ ਨਜ਼ਰੀਏ ਤੋਂ ਇੱਕ ਬਿਰਤਾਂਤ ਸਿਰਜਿਆ ਗਿਆ ਹੈ, ਜਿਹੜਾ ‘ਸ਼ਹਾਦਤ ਦਾ ਸਿੱਖ ਸੰਕਲਪ’ ਵਿਸ਼ੇ ਨੂੰ ਰੂਹਾਨੀ ਤੇ ਬੌਧਿਕ ਸਮਤੋਲ ਪ੍ਰਦਾਨ ਕਰਦਾ ਹੈ। ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਤੋਂ ਇਲਾਵਾ ਹੋਰ ਸਿੱਖ ਗ੍ਰੰਥਾਂ ਦੇ ਹਵਾਲਿਆਂ ਨਾਲ ਸਿੱਖ ਪੰਥ ਵਿਚਲੇ ‘ਸ਼ਹਾਦਤ’ ਦੇ ਸੰਲਕਪ/ਪਰੰਪਰਾ ਦਾ ਵਰਣਨਾਤਮਕ ਉਲੇਖ ਕੀਤਾ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਅੰਮ੍ਰਿਤ ਕੇ ਦਾਤੇ, ਕਲਗੀਧਰ, ਦਸਮੇਸ਼ ਪਿਤਾ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ, ਸਰਬੰਸਦਾਨੀ ਅਨੇਕਾਂ ਵਿਸੇਸ਼ਣ ਨਾਮ ਬਿਰਾਜਮਾਨ ਹਨ। ਇਸ ਤੋਂ ਇਹ ਸਮਝਣ ਵਿੱਚ ਕੋਈ ਦੁਬਿਧਾ ਨਹੀਂ ਰਹਿੰਦੀ ਕਿ ‘ਗੁਰੂ’ ਪਦ/ਪਦਵੀ ਕਰਕੇ ਸਿਫਤੀ ਨਾਮ ਜੁੜਨੇ ਸੁਭਾਵਕ ਹਨ ਕਿਉਂਕਿ ‘ਗੁਰੂ’ ਦਾ ਹਰ ਕਰਤਵ/ਕਾਰਜ ਕੌਤਕ ਹੈ। ਇਸੇ ਪ੍ਰਸੰਗ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਰਬੰਸਦਾਨੀ ਹੋਣਾ ਕੋਈ ਸਬੱਬੀ ਜਾਂ ਇਤਫਾਕੀਆ ਘਟਨਾ ਨਹੀਂ। ਸਰਬ ਸਮਰਥ ਗੁਰੂ ਵੱਲੋਂ ਸਰਬੰਸ ਵਾਰ ਦੇਣ ਦਾ ਸੰਸਾਰ ਦੇ ਇਤਿਹਾਸ ਵਿੱਚ ਇਕੋ-ਇੱਕ ਵਰਤਾਰਾ, ਜਿਥੇ ਗੁਰੂ ਸਾਹਿਬ ਨਾਲ ਸਰਬੰਸਦਾਨੀ ਹੋਣ ਦਾ ਵਿਸ਼ੇਸ਼ਣ ਜੋੜਦਾ ਹੈ ਉਥੇ ਇਸ ਰਹੱਸ ਦੇ ਡੂੰਘੇ ਭਾਵ-ਅਰਥ ਹਨ ਜਿਸ ਦੀ ਸਮਝ ਮਨੁੱਖੀ ਪੱਧਰ ’ਤੇ ਆਉਣੀ ਔਖੀ ਹੈ। ਲੇਕਿਨ ਧਰਤੀ ਉਪਰ ਧਰਮ ਦਾ ਰਾਜ ਸਥਾਪਿਤ ਕਰਨ ਲਈ ਅਤੇ ਜਬਰ-ਜ਼ੁਲਮ ਨੂੰ ਠੱਲ੍ਹ ਪਾਉਣ ਲਈ ‘ਸਰਬੰਸਦਾਨੀ’ ਦਾ ਵਰਤਾਰਾ ਰੂਹਾਨੀ ਪਧਰ ’ਤੇ ਮਾਰਗ ਦਰਸ਼ਨ ਕਰਦਾ ਹੈ।

31 ਲੇਖਾਂ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) ਦੇ ਸੰਗ੍ਰਹਿ ਦੇ ਰੂਪ ਵਿੱਚ ਜਿਥੇ ਇਹ ਪਹਿਲਾ ਕਾਰਜ ਹੈ ਉਥੇ ਇਸ ਵਿੱਚ ਨਾਮਵਰ ਵਿਦਵਾਨਾਂ ਦੇ ਲੇਖਾਂ ਨੂੰ ਵੀ ਸ਼ਾਮਿਲ ਕਰਨ ਦਾ ਪਲੇਠਾ ਕਾਰਜ ਕੀਤਾ ਗਿਆ ਹੈ। ਪੁਸਤਕ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਸਾਹਿਬਜ਼ਾਦਿਆਂ ਦੇ ਜੀਵਨ ਤੇ ਯੋਗਦਾਨ ਨੂੰ ਸਿਧਾਂਤਿਕ ਤੇ ਇਤਿਹਾਸਕ ਵਿਵਰਣ ਪਖੋਂ ਸਿੱਖੀ ਦੇ ਪਰਿਪੇਖ ਵਿੱਚ ਹੀ ਪੇਸ਼ ਕੀਤਾ ਗਿਆ ਹੈ। ਅਜਿਹੀ ਪੇਸ਼ਕਾਰੀ ਧਰਮ ਖੇਤਰ ਵਿੱਚ ਬਿਰਤਾਂਤ/ਘਟਨਾਵਾਂ ਦੇ ਘਟਾਓਵਾਦ ਤੋਂ ਬਚਾਅ ਦਾ ਉਤਮ ਕਾਰਜ ਕਰਦੀ ਹੈ। ਸ਼ਹਾਦਤ ਦੇ ਸੰਕਲਪ ਤੋਂ ਲੈ ਕੇ ਸਾਹਿਬਜ਼ਾਦਾ ਦਿਵਸ (ਦਸਮੇਸ਼ ਪਿਤਾ ਜੀ ਦਾ ਸਰਬੰਸਦਾਨੀ ਅਮਲ, ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ, ਮੋਤੀ ਰਾਮ ਮਹਿਰਾ, ਸਰਹੰਦ ਤੇ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਗੁਰਧਾਮਾਂ) ਤੱਕ ਦੇ ਵਿਭਿੰਨ ਅਮਲਾਂ, ਸਖਸ਼ੀਅਤਾਂ ਤੇ ਯਾਦਗਰਾਂ (ਸਮੇਤ ਤਸਵੀਰਾਂ) ਉੱਪਰ ਵਿਸਤ੍ਰਿਤ ਚਾਨਣਾ ਪਾਇਆ ਗਿਆ ਹੈ। ਦਰਅਸਲ ਇਸ ਕ੍ਰਮ ਅਨੁਸਾਰ ਸਮੁੱਚੇ ਇਤਿਹਾਸਕ ਅਮਲ ਦਾ ਵਰਣਨ ਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਇੱਕ ਬਝਵੀਂ ਵਿਆਖਿਆ ਜਾਂ ਪੇਸ਼ਕਾਰੀ ਕਰਨ ਦਾ ਕਾਰਗਰ ਤਰੀਕਾ ਕਿਹਾ ਜਾ ਸਕਦਾ ਹੈ।

ਮਾਤਾ ਗੁਜਰੀ ਜੀ ਦੀ ਸ਼ਖਸੀਅਤ ਆਮ ਨਹੀਂ ਸੀ। ਗੁਰੂ ਦੇ ਮਹਿਲ ਅਤੇ ਗੁਰੂ ਦੇ ਮਾਤਾ ਹੋਣ ਦਾ ਵੱਡਾ ਪ੍ਰਤਾਪ ਉਹਨਾਂ ਨੂੰ ਪ੍ਰਾਪਤ ਸੀ। ਸਾਹਿਬਜ਼ਾਦਿਆਂ ਨੂੰ ਜਿਹੜਾ ਥਾਪੜਾ ਮਾਤਾ ਜੀ ਦਾ ਸੀ ਉਹ ਅਗੰਮੀ ਤੇ ਪਵਿੱਤਰ ਸੀ। ਉਸ ਥਾਪੜੇ ਨੇ ਗੁਰੂ ਘਰ ਦੀ ਰੀਤ ਅਤੇ ਮਰਯਾਦਾ ਨੂੰ ਸਾਹਿਬਜਾਦਿਆਂ ਦੇ ਅੰਤਹਕਰਨ ਵਿੱਚ ਮੁਕੰਮਲ ਰੂਪ ਵਿੱਚ ਵਿਲੀਨ ਕਰ ਦਿੱਤਾ ਸੀ। ਸਾਹਿਬਜਾਦਿਆਂ ਦੇ ਦ੍ਰਿੜ ਹੌਸਲੇ ਤੇ ਇਰਾਦੇ ਪਿਛੇ ਇਹੀ ਤਾਕਤ ਸੀ। ਜੇ ਮੁਗਲ ਹਕੂਮਤ ਨੇ ਜ਼ੁਲਮੀ ਕਹਿਰ ਦੇ ਹੱਦ-ਬੰਨੇ ਟਪਾ ਦਿਤੇ ਤਾਂ ਸਾਹਿਬਜ਼ਾਦੇ ਨਿਰਭੈਤਾ ਤੇ ਸੂਰਬੀਰਤਾ ਦੀ ਸਿਖਰ ’ਤੇ ਅਪੜ ਗਏ ਸਨ। ਛੋਟੇ ਸਾਹਿਬਜ਼ਾਦਿਆਂ ਨੂੰ ਜਿੰਦਾ ਨੀਂਹਾ ਵਿੱਚ ਚਿਣ ਦੇਣ ਦੀ ਘਟਨਾ ਜੇ ਮੁਗ਼ਲਾਂ ਦੇ ਜ਼ੁਲਮ ਦੇ ਅੱਤ ਦੀ ਸਾਖੀ ਹੈ ਤਾਂ ਇਹ ਘਟਨਾ ਸਿੱਖ ਸ਼ਹਾਦਤ ਦੀ ਨੀਂਹ ਨੂੰ ਹੋਰ ਵੀ ਪਕੇਰੇ ਕਰਦੀ ਹੈ। ਇਹਨਾਂ ਵਿਚਾਰਾਂ ਨੂੰ ਇਹ ਪੁਸਤਕ ਤੱਥਾਂ ਤੇ ਪ੍ਰਮਾਣਾਂ ਸਹਿਤ ਬਾਖੂਬ ਪੇਸ਼ ਕਰਦੀ ਹੈ।

ਘਟਨਾਵਾਂ ਦੇ ਕਾਲ-ਕ੍ਰਮ ਦੀ ਪ੍ਰਮਾਣਿਕਤਾ ਲਈ ਇਨਸਾਇਕਲੋਪੀਡੀਆ ਆਫ ਸਿੱਖਿਜ਼ਮ ਨੂੰ ਸਰੋਤ ਵਜੋਂ ਲਿਆ ਗਿਆ ਹੈ।ਪੁਸਤਕ ਦੇ ਲੇਖਾਂ ਵਿਚ ਪ੍ਰਮਾਣ ਵਜੋਂ ਵਰਤੇ ਸ੍ਰੋਤ ਸਿੱਖ ਇਤਿਹਾਸ ਦੇ ਪ੍ਰਮੁੱਖ ਗ੍ਰੰਥ ਹਨ ਜੋ ਸੰਬੰਧਿਤ ਘਟਨਾਵਾਂ ਦੀ ਇਤਿਹਾਸਕ ਪ੍ਰਮਾਣਿਕਤਾ ’ਤੇ ਥੋੜ੍ਹੇ ਬਹੁਤੇ ਨਾਵਾਂ ਤੇ ਥਾਵਾਂ ਦੇ ਭੇਦ ਨਾਲ ਸਹੀ ਪਾਉਂਦੇ ਹਨ।

ਸਾਹਿਬਜ਼ਾਦਿਆਂ ਬਾਰੇ ਪੁਸਤਕ ਰੂਪ ਵਿੱਚ ਉਲੇਖ ਬਹੁਤ ਘੱਟ ਮਿਲਦਾ ਹੈ। ਇਹ ਪੁਸਤਕ ਵਿੱਚ ਇਸ ਘਾਟ ਨੂੰ ਪੂਰਾ ਕਰਨ ਦਾ ਨਿੱਗਰ ਉਪਰਾਲਾ ਹੈ। ਪੁਸਤਕ ਬੋਲੀ ਅਤੇ ਸ਼ੈਲੀ ਪੱਖੋਂ ਸਮੁੱਚੇ ਭਾਰਤ ਵਿੱਚ ਪਾਠਕਾਂ ਦੇ ਹੱਥਾਂ ਦਾ ਸ਼ਿੰਗਾਰ ਬਣਨ ਦੀ ਸਮਰਥਾ ਰਖਦੀ ਹੈ। ਇਸ ਪਹਿਲੇ ਛਾਪੇ ਵਿੱਚ ਕੁਝ ਕੁ ਸ਼ਾਬਦਿਕ ਤੇ ਭਾਸ਼ਾਈ ਊਣਤਾਈਆਂ ਦੇ ਬਾਵਜੂਦ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਜੀਵਨ ਤੇ ਯੋਗਦਾਨ ਬਾਰੇ ਇਹ ਪੁਸਤਕ ਸਵਾਗਤਯੋਗ ਹੈ। ਉਮੀਦ ਹੈ ਪਾਠਕ ਜਨ ਪੁਸਤਕ ਤੋਂ ਵਧ ਤੋਂ ਵਧ ਲਾਹਾ ਪ੍ਰਾਪਤ ਕਰਨਗੇ।

**ਗੁਰਤੇਜ ਸਿੰਘ ਠੀਕਰੀਵਾਲਾ (ਡਾ.)**
**ਸਹਾਇਕ ਡਾਇਰੈਕਟਰ**
**ਡਾਇਰੈਕਟੋਰੇਟ ਆਫ ਐਜੂਕੇਸ਼ਨ**
**ਬਹਾਦਰਗੜ੍ਹ (ਪਟਿਆਲਾ)**
94638-61316





# ਹਰ ਪਲ ਜਿੱਤਣ ਦਾ ਰੱਖੋ ਜਜ਼ਬਾ

**ਹਰਪ੍ਰੀਤ ਕੌਰ**

ਜ਼ਿੰਦਗੀ ਚੱਲਦੇ ਰਹਿਣ ਦਾ ਨਾਂ ਹੈ, ਇਹ ਕਥਨ ਅਕਸਰ ਸਾਨੂੰ ਸੁਣਨ ਜਾਂ ਪੜ੍ਹਨ ਨੂੰ ਮਿਲ ਜਾਂਦਾ ਹੈ। ਜ਼ਿੰਦਗੀ ਦਾ ਇਹ ਸਫ਼ਰ ਸਦਾ ਇੱਕੋ ਜਿਹਾ ਨਹੀਂ ਰਹਿੰਦਾ। ਜਿਵੇਂ ਹਾਰ-ਜਿੱਤ ਇੱਕੋ ਸਿੱਕੇ ਦੇ ਦੋ ਪਹਿਲੂ ਹਨ, ਉਸੇ ਤਰ੍ਹਾਂ ਜ਼ਿੰਦਗੀ 'ਚ ਆਉਣ ਵਾਲੇ ਉਤਰਾਅ-ਚੜ੍ਹਾਅ ਵੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਅਤੇ ਇਨ੍ਹਾਂ ਆਉਣ ਵਾਲੇ ਉਤਰਾਅ-ਚੜ੍ਹਾਵਾਂ ਨਾਲ ਨਜਿੱਠਣਾ ਹੀ ਜ਼ਿੰਦਗੀ ਜਿਊਣ ਦਾ ਮੂਲ ਹੈ। ਜੇ ਇਨਸਾਨ ਢੇਰੀ ਢਾਹ ਕੇ ਬੈਠ ਜਾਵੇ ਤਾਂ ਉਹ ਜ਼ਿੰਦਗੀ ਦੇ ਇਸ ਸਫ਼ਰ 'ਚ ਮਿਲਣ ਵਾਲੀ ਪ੍ਰਾਪਤੀਆਂ ਤੋਂ ਕਿਤੇ ਨਾ ਕਿਤੇ ਸੱਖਣਾ ਰਹਿ ਜਾਂਦਾ ਹੈ। ਇਸੇ ਹੀ ਸਥਿਤੀ ਨਾਲ ਨਜਿੱਠਣ ਲਈ ਉਸ 'ਚ ਜਜ਼ਬਾ ਹੋਣਾ ਅਤਿ ਜ਼ਰੂਰੀ ਹੈ।

ਜ਼ਿੰਦਗੀ 'ਚ ਕੁਝ ਪ੍ਰਾਪਤ ਕਰਨ ਲਈ ਜਾਂ ਕਿਸੇ ਮੰਜ਼ਿਲ ਤਕ ਪਹੁੰਚਣ ਲਈ ਇਨਸਾਨ ਦਾ ਪ੍ਰੇਰਨਾਦਾਇਕ ਹੋਣਾ ਲਾਜ਼ਮੀ ਹੈ। ਇਸ ਲਈ ਸਭ ਤੋਂ ਅਹਿਮ ਹੈ ਕਿ ਸਾਡੀ ਪ੍ਰੇਰਨਾ ਦੇ ਸਰੋਤ ਦੀ ਚੋਣ ਸਹੀ ਹੋਵੇ ਕਿਉਂਕਿ ਜ਼ਰੂਰੀ ਨਹੀਂ ਕਿ ਹਰ ਚਮਕਦੀ ਚੀਜ਼ ਸੋਨਾ ਹੀ ਹੋਵੇ।

**ਦੂਸਰਿਆਂ ਦੀ ਜ਼ਿੰਦਗੀ ਤੋਂ ਲਈਏ ਸੇਧ**

ਜੇ ਅਸੀਂ ਕਿਸੇ ਹੋਰ ਦੇ ਜੀਵਨ ਤੋਂ ਸੇਧ ਲੈ ਕੇ ਕੁਝ ਕਰਦੇ ਹਾਂ ਤਾਂ ਇਹ ਯਕੀਨੀ ਹੁੰਦਾ ਹੈ ਕਿ ਅਸੀਂ ਨਾਂਹ ਨਾਲੋਂ ਕੁਝ ਤਾਂ ਪ੍ਰਾਪਤ ਕਰ ਹੀ ਲਵਾਂਗੇ। ਉਨ੍ਹਾਂ ਦੇ ਅਨੁਭਵ ਤੇ ਤਜਰਬੇ ਸਾਡੇ ਲਈ ਲਾਭਕਾਰੀ ਸਿੱਧ ਹੁੰਦੇ ਹਨ, ਜੋ ਸਾਡੇ ਰਚਨਾਤਮਿਕ ਗਿਆਨ 'ਚ ਵਾਧਾ ਕਰਦੇ ਹਨ ਤੇ ਸਾਨੂੰ ਅਗਾਂਹਵਧੂ ਫ਼ੈਸਲੇ ਲੈਣ ਤੇ ਤਜਰਬੇ ਹਾਸਿਲ ਕਰਨ 'ਚ ਸਹਾਈ ਸਿੱਧ ਹੁੰਦੇ ਹਨ। ਇਸ ਲਈ ਸਾਨੂੰ ਆਪਣੇ ਸੋਚਣ ਤੇ ਪਰਖਣ ਦਾ ਘੇਰਾ ਵਿਸ਼ਾਲ ਕਰਨਾ ਪਵੇਗਾ।

**ਹਿੰਮਤ ਨਾ ਹਾਰੀਏ**

'ਹਿੰਮਤ-ਏ-ਮਰਦ, ਮਦਦ-ਏ-ਖ਼ੁਦਾ' ਇਹ ਕਥਨ ਅਸੀਂ ਸਾਰਿਆਂ ਨੇ ਸੁਣਿਆ ਹੈ ਪਰ ਜੇ ਅਸੀਂ ਇਸ 'ਤੇ ਪਹਿਰਾ ਦੇਈਏ ਤਾਂ ਹੀ ਜ਼ਿੰਦਗੀ ਦਾ ਸਫ਼ਰ ਤੈਅ ਕਰ ਸਕਦੇ ਹਾਂ। ਹਿੰਮਤ ਸਦਕਾ ਹੀ ਅਸੀਂ ਜ਼ਿੰਦਗੀ ਦੀਆਂ ਔਕੜਾਂ ਦਾ ਸਾਹਮਣਾ ਆਸਾਨੀ ਨਾਲ ਕਰ ਸਕਦੇ ਹਾਂ, ਜਿਸ ਦੀ ਜਿਉਂਦੀ-ਜਾਗਦੀ ਮਿਸਾਲ ਪੈਰਿਸ 'ਚ ਹੋਈਆਂ ਪੈਰਾਉਲੰਪਿਕ ਖੇਡਾਂ ਦੇ ਖਿਡਾਰੀ ਹਨ, ਜੋ ਆਪਣੇ ਹੌਸਲੇ ਲਈ ਦੂਜਿਆਂ ਨੂੰ ਵੀ ਪ੍ਰੇਰਿਤ ਕਰਨ ਵਿਚ ਸਹਾਇਕ ਹਨ।

**ਜ਼ਿੰਦਗੀ ਦਾ ਅਸਲ ਮਨੋਰਥ**

ਜੇ ਸਹੀ ਮਅਨਿਆਂ 'ਚ ਦੇਖਿਆ ਜਾਵੇ ਤਾਂ ਜ਼ਿੰਦਗੀ ਦਾ ਅਸਲ ਮਨੋਰਥ ਕਿਸੇ ਹੋਰ ਲਈ ਜਿਊਣ ਤੋਂ ਹੈ। ਇਹ ਤਾਂ ਹੀ ਸੰਭਵ ਹੈ, ਜੇ ਅਸੀਂ ਆਪਣੀ ਮਨੋਦ੍ਰਿਸ਼ਟੀ ਵਿਚ ਸੁਧਾਰ ਕਰਾਂਗੇ, ਜੋ ਸਾਡੇ ਵਿਚਾਰਾਂ ਤੇ ਅਨੁਭਵਾਂ ਅਨੁਸਾਰ ਪ੍ਰਭਾਵਿਤ ਹੁੰਦੀ ਹੈ। ਚੁਣੌਤੀਆਂ ਤੋਂ ਨਾ ਘਬਰਾਈਏ ਜ਼ਿੰਦਗੀ 'ਚ ਆਉਂਦੀਆਂ ਚੁਣੌਤੀਆਂ ਨਵੇਂ ਤਜਰਬੇ ਸਿਖਾਉਂਦੀਆਂਹਨ।



ਇਸ ਤੋਂ ਨਾ ਘਬਰਾਉਂਦਿਆਂ ਸਾਨੂੰ ਇਨ੍ਹਾਂ ਦਾ ਸਾਹਮਣਾ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਜੇ ਅਸੀਂ ਢੇਰੀ ਢਾਹ ਕੇ ਬੈਠ ਗਏ ਤਾਂ ਸਾਨੂੰ ਅੱਗੇ ਵਧਣ ਤੇ ਉਤਸ਼ਾਹਿਤ ਕਰਨ ਵਾਲੇ ਘੱਟ ਤੇ ਪੈਰ ਖਿੱਚਣ ਵਾਲੇ ਜ਼ਿਆਦਾ ਮਿਲਣਗੇ।

**ਅਸਫਲਤਾ ਨੂੰ ਚੁਣੌਤੀ ਵਜੋਂ ਕਰੋ ਸਵੀਕਾਰ**

ਜ਼ਿੰਦਗੀ 'ਚ ਅਸਫਲਤਾ ਨੂੰ ਚੁਣੌਤੀ ਵਜੋਂ ਸਵੀਕਾਰਨਾ ਸਫਲਤਾ ਵੱਲ ਵਧਣ ਦਾ ਪਹਿਲਾ ਕਦਮ ਹੈ। ਇਨਸਾਨੀ ਜ਼ਿੰਦਗੀ 'ਚ ਅਜਿਹਾ ਕੋਈ ਕਾਰਜ ਨਹੀਂ, ਜਿਸ 'ਚ ਵਿਅਕਤੀ ਸਫਲਤਾ ਹਾਸਿਲ ਨਾ ਕਰ ਸਕੇ, ਬਸ਼ਰਤੇ ਉਸ 'ਚ ਮਿਹਨਤ ਤੇ ਮਜ਼ਬੂਤ ਇਰਾਦਿਆਂ ਨਾਲ ਅੱਗੇ ਵਧਣ ਦੀ ਹਿੰਮਤ ਹੋਵੇ। ਅਸਫਲਤਾਵਾਂ ਤੋਂ ਨਿਰਾਸ਼ ਹੋ ਕੇ ਸਫਲਤਾ ਲਈ ਕੋਸ਼ਿਸ਼ਾਂ ਬੰਦ ਕਰ ਲੈਣ ਵਾਲੇ ਲੋਕ ਸਮਾਜ ਲਈ ਮਜ਼ਾਕ ਦੇ ਪਾਤਰ ਤੋਂ ਵੱਧ ਕੁਝ ਨਹੀਂ ਹੁੰਦੇ। ਹਰ ਇਨਸਾਨ ਨੂੰ ਹਮੇਸ਼ਾ ਇਹੋ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਫਲਤਾ ਦੇ ਮੁਕਾਮ 'ਤੇ ਪਹੁੰਚਣ ਲਈ ਉਸ ਦੀਆਂ ਕੋਸ਼ਿਸ਼ਾਂ ਹੋਰਨਾਂ ਲਈ ਪ੍ਰੇਰਨਾਸਰੋਤ ਬਣਨ।

**ਕੰਮ ਪ੍ਰਤੀ ਭਾਵਨਾਤਮਿਕ 'ਤੇ ਜੁੜਨਾ**

ਅਸੀਂ ਅਕਸਰ ਦੇਖਦੇ ਹਾਂ ਕਿ ਜਦੋਂ ਕੋਈ ਨਵਾਂ ਕੰਮ ਕਰਦੇ ਹਾਂ ਤਾਂ ਪਹਿਲਾਂ-ਪਹਿਲਾਂ ਤਾਂ ਉਸ ਨੂੰ ਬੜੇ ਉਤਸ਼ਾਹ ਨਾਲ ਕਰਦੇ ਹਾਂ ਪਰ ਬਾਅਦ 'ਚ ਉਹ ਉਤਸ਼ਾਹ ਓਨਾ ਨਹੀਂ ਰਹਿੰਦਾ ਤੇ ਆਖ਼ਰ ਅਸੀਂ ਉਸ ਚੀਜ਼ ਤੋਂ ਦੂਰ ਹਾਂ ਜਾਂਦੇ ਹਾਂ ਤੇ ਉਸ ਨੂੰ ਉੱਥੇ ਹੀ ਛੱਡ ਦਿੰਦੇ ਹਾਂ। ਅਸਲ 'ਚ ਇਹ ਉਹ ਚੀਜ਼ਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਅਸੀਂ ਦਿਲੋਂ ਭਾਵਨਾਤਮਿਕ ਤੌਰ 'ਤੇ ਜੁੜੇ ਨਹੀਂ ਹੁੰਦੇ। ਸਾਡਾ ਕੰਮ ਪ੍ਰਤੀ ਭਾਵਨਾਤਮਿਕ ਤੌਰ 'ਤੇ ਜੁੜੇ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਜ਼ਿੰਦਗੀ ਦਾ ਟੀਚਾ ਮਿੱਥਣ ਲੱਗਿਆਂ ਆਪਣੇ ਦਿਲ ਦੀ ਆਵਾਜ਼ ਸੁਣੋ। ਜਿੰਨਾ ਤੁਹਾਡੇ 'ਚ ਕੰਮ ਨੂੰ ਲੈ ਕੇ ਉਤਸ਼ਾਹ ਹੋਵੇਗਾ, ਨਤੀਜਾ ਵੀ ਓਨਾ ਵਧੀਆ ਹੋਵੇਗਾ। ਜੇ ਤੁਸੀਂ ਆਪਣੀ ਮੰਜ਼ਿਲ ਪ੍ਰਤੀ ਉਤਸ਼ਾਹਿਤ ਨਹੀਂ ਤਾਂ ਤੁਸੀਂ ਉਸ ਨੂੰ ਕਦੇ ਵੀ ਸਰ ਨਹੀਂ ਕਰ ਸਕਦੇ।

**ਹਮੇਸ਼ਾ ਕੁਝ ਸਿੱਖਣ ਲਈ ਰਹੀਏ ਤੱਤਪਰ**

ਸਾਡੀ ਹਮੇਸ਼ਾ ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਜਦੋਂ ਵੀ ਸਾਨੂੰ ਕੁਝ ਨਵਾਂ ਸਿੱਖਣ ਜਾਂ ਗ੍ਰਹਿਣ ਕਰਨ ਦਾ ਮੌਕਾ ਮਿਲੇ ਤਾਂ ਅਸੀਂ ਉਸ ਦਾ ਪੂਰਾ ਲਾਭ ਉਠਾਈਏ ਤੇ ਹਮੇਸ਼ਾ ਤੱਤਪਰ ਰਹੀਏ। ਇਹ ਗੁਣ ਜੇ ਅਸੀਂ ਛੋਟੀ ਉਮਰੇ ਗ੍ਰਹਿਣ ਕਰ ਲਈਏ ਤਾਂ ਇਹ ਜੀਵਨ ਦੇ ਹਰ ਪੜਾਅ 'ਚ ਸਾਡੇ ਲਈ ਲਾਭਕਾਰੀ ਸਿੱਧ ਹੋਵੇਗਾ। ਜ਼ਿੰਦਗੀ ਦੇ ਹਰ ਹਾਲਾਤ ਸਾਨੂੰ ਕੋਈ ਨਾ ਕੋਈ ਸੇਧ ਜਾਂ ਤਜਰਬਾ ਜ਼ਰੂਰ ਦਿੰਦੇ ਹਨ। ਜੇ ਅਸੀਂ ਉਸ ਨੂੰ ਆਪਣੇ ਜੀਵਨ ਵਿਚ ਢਾਲ ਲਈਏ ਤਾਂ ਉਹ ਸਦਾ ਲਈ ਸਾਡੇ ਅੰਦਰ ਵਸ ਜਾਂਦੇ ਹਨ। ਜੇ ਅਸੀਂ ਇਨ੍ਹਾਂ ਵਿੱਚੋਂ ਕੁਝ ਵਿਚਾਰ ਵੀ ਆਪਣੀ ਜ਼ਿੰਦਗੀ ਵਿੱਚ ਅਪਣਾ ਲਈਏ ਤਾਂ ਜ਼ਿੰਦਗੀ ਦੇ ਇਸ ਸਫ਼ਰ ਨੂੰ ਸੁੱਖਮਈ ਢੰਗ ਨਾਲ ਬਤੀਤ ਕਰ ਸਕਦੇ ਹਾਂ। ਜਜ਼ਬਾ ਰੱਖੋ ਹਰ ਪਲ ਜਿੱਤਣ ਦਾ ਕਿਉਂਕਿ ਸਫਲਤਾ ਖ਼ੈਰਾਤ ਵਿੱਚ ਨਹੀਂ, ਦ੍ਰਿੜ-ਨਿਸ਼ਚੇ, ਲਗਨ ਅਤੇ ਮਿਹਨਤ ਨਾਲ ਮਿਲਦੀ ਹੈ।

# ਅਸਫ਼ਲਤਾ ਤੋਂ ਸਫ਼ਲਤਾ ਦੀ ਖੇਡ !

**ਰਵਿੰਦਰ ਸਿੰਘ ਧਾਲੀਵਾਲ**



ਖ਼ੂਬਸੂਰਤ ਜ਼ਿੰਦਗੀ ਵਿੱਚ ਸਫ਼ਲਤਾ ਦਾ ਅਹਿਮ ਸਥਾਨ ਹੈ। ਇਸ ਦੇ ਰਾਹ ਅਸਫ਼ਲਤਾ ਦੇ ਵਲੇਵੇ 'ਚ ਨਿਕਲ ਕੇ ਸਫ਼ਲਤਾ ਵੱਲ ਲੈ ਜਾਂਦੇ ਹਨ। ਨਾਕਾਮੀ ਡਰੋ ਮਨ ਦੇ ਵਲਵਲੇ ਦਬਾਉਣੇ ਨਹੀਂ ਚਾਹੀਦੇ। ਜਦੋਂ ਮੁਸ਼ਕਲਾਂ ਆਵਣ ਤਾਂ ਸਮਝ ਜਾਣਾ ਜ਼ਿੰਦਗੀ ਕੁਝ ਨਵਾਂ ਸਿਖਾਉਣ ਵਾਲੀ ਹੈ। ਉਹ ਸਾਨੂੰ ਪਰਖਣ ਅਤੇ ਕੋਸ਼ਿਸ਼ਾਂ ਕਰਨ ਲਈ ਉਤਸ਼ਾਹਿਤ ਕਰਦੇ ਹਨ। ਵਿਸ਼ਵ ਪ੍ਰਸਿੱਧ ਦੌੜਾਕ ਉਸੈਨ ਬੋਲਟ ਲਿਖਦੇ ਹਨ ਕਿ ਮੈਨੂੰ ਨਹੀਂ ਲੱਗਦਾ ਜੀਵਨ ਵਿੱਚ ਸੀਮਾਵਾਂ ਹਨ ਪਰ ਅਸਫ਼ਲਤਾ ਦਾ ਡਰ ਕੁਝ ਲੋਕਾਂ ਨੂੰ ਸੀਮਿਤ ਕਰ ਦਿੰਦਾ ਹੈ ਜੇਕਰ ਉਹ ਕੋਸ਼ਿਸ਼ ਕਰਦੇ ਤਾਂ ਸਫ਼ਲ ਹੋ ਸਕਦੇ ਸਨ। ਟੀਚੇ ਲਈ ਚੁਨੌਤੀਆਂ ਦਾ ਸਾਹਮਣਾ ਕਰਨਾ ਜ਼ਰੂਰੀ ਹੈ। ਜਦੋਂ ਇਸ ਕਾਰਜ ਨੂੰ ਜ਼ਰੂਰੀ ਹਿੱਸੇ ਦੇ ਵਜੋਂ ਸਵੀਕਾਰ ਕਰਦੇ ਹੋ, ਤਾਂ ਕਦੇ ਵੀ ਹਾਰ ਮੰਨਣ ਲਈ ਰਾਜ਼ੀ ਨਹੀਂ ਹੋਵੋਗੇ। ਕਈ ਵਾਰ ਸਾਰੇ ਰਾਹ ਸਫ਼ਲਤਾ ਵੱਲ ਨਹੀਂ ਜਾਂਦੇ। ਆਪਣੇ ਇੱਛਕ ਨਤੀਜੇ ਲਈ ਅਣਥੱਕ ਕੋਸ਼ਿਸ਼ ਕਰਨੀ ਪੈ ਸਕਦੀ ਹੈ। ਜੇ ਕਦੇ ਅਸਫ਼ਲ ਨਹੀਂ ਹੋਏ, ਤਾਂ ਤੁਸੀਂ ਕੁਝ ਕੀਤਾ ਹੀ ਨਹੀਂ। ਲੋਕ ਅਸਫ਼ਲ ਹੋਣ ਜਾਂ ਇਸ ਬਾਰੇ ਗੱਲ ਕਰਨ ਤੋਂ ਵੀ ਡਰਦੇ ਹਨ। ਪਰੰਤੂ ਜਦੋਂ ਅਸਫ਼ਲ ਹੋ ਜਾਂਦੇ ਹੋ ਤਾਂ ਬਿਹਤਰ ਬਣਨਾ ਸਿੱਖੋ। ਹਵਾ ਵਿੱਚ ਹੱਥ ਨਾ ਮਾਰੋ। ਇਸ ਦੀ ਬਜਾਏ ਆਪਣੇ ਹੁਨਰ ਨੂੰ ਤਰਾਸ਼ੋ ਜਦੋਂ ਤੱਕ ਟੀਚਿਆਂ ਨੂੰ ਪ੍ਰਾਪਤ ਨਹੀਂ ਕਰ ਲੈਂਦੇ। ਵਿਸ਼ਵਾਸ, ਮਿਹਨਤ ਤੇ ਦ੍ਰਿੜ੍ਹ ਇਰਾਦੇ ਨਾਲ ਦੁਬਾਰਾ ਸਫ਼ਲ ਹੋਣਾ ਸੰਭਵ ਹੈ। ਇਹ ਤਿੰਨੇ ਗੁਣ ਉਸ ਸ਼ੀਸ਼ੇ ਦੀ ਸ਼ਕਤੀ ਵਾਂਗ ਹਨ ਜੋ ਸੂਰਜ ਦੀਆਂ ਕਿਰਨਾਂ ਨੂੰ ਇਕੱਤਰ ਕਰਕੇ ਕਾਗਜ਼ ਨੂੰ ਸਾੜ ਦਿੰਦਾ ਹੈ, ਖਿੰਡੀਆਂ ਕਿਰਨਾਂ ਲਈ ਸੰਭਵ ਨਹੀਂ। ਅਸਫ਼ਲਤਾ ਲੋੜੀਂਦੇ ਨਤੀਜੇ ਨਾ ਮਿਲਣ ਦੀ ਸਥਿਤੀ ਹੈ, ਸਫ਼ਲਤਾ ਇੱਕ ਟੀਚਾ, ਉਦੇਸ਼ ਜਾਂ ਇੱਛਕ ਨਤੀਜੇ ਤੱਕ ਪਹੁੰਚਣ ਦੀ ਪ੍ਰਾਪਤੀ ਹੈ। ਇਸ ਵਿੱਚ ਦੌਲਤ, ਖੁਸ਼ੀ, ਨੌਕਰੀ, ਤੰਦਰੁਸਤੀ ਅਤੇ ਸੰਤੁਸ਼ਟੀ ਸ਼ਾਮਲ ਹੋ ਸਕਦੀ ਹੈ। ਇਹ ਹਰੇਕ ਲਈ ਵੱਖਰੀ ਹੁੰਦੀ ਹੈ।




ਅਸਫ਼ਲਤਾ ਤੋਂ ਬਾਅਦ ਰੁਕਣਾ ਨਹੀਂ ਬਲਕਿ ਆਪਣੀ ਕਾਬਲੀਅਤ ਤੇ ਵਿਸ਼ਵਾਸ ਰੱਖੋ। ਇਹ ਵੱਡੇ ਫ਼ੈਸਲੇ ਲੈਣ ਦੇ ਕਾਬਿਲ ਬਣਾਉਂਦੀ ਹੈ। ਇਹ ਮੌਕਾ ਸਕਾਰਾਤਮਿਕ ਸੋਚ ਦੇ ਨਾਲ ਮਾਨਸਿਕ ਸੁਤੰਲਨ ਬਣਾਉਣ ਦਾ ਹੈ। ਕੰਮ ਪ੍ਰਤੀ ਰੁਚੀ ਅਤੇ ਜਿੱਤ ਦੇ ਲਾਵੇ ਅੰਦਰੋਂ ਹੀ ਫ਼ੁੱਟਦੇ ਹਨ। ਅਜਿਹਾ ਵਖਤ ਜ਼ਿੰਮੇਵਾਰ ਕਾਰਨਾਂ ਅਤੇ ਨਿਯਮਾਂ ਬਾਰੇ ਸ਼ਿਕਾਇਤ ਕਰਨ ਦਾ ਨਹੀਂ। ਇਸ ਨੂੰ ਸਵੀਕਾਰ ਕਰ ਅਤੇ ਅੱਗੇ ਵਧਣ ਦਾ ਹੈ। ਹਾਰਨ ਦਾ ਮਤਲਬ ਅਸਫ਼ਲ ਵਿਅਕਤੀ ਜਾਣ ਦਾ ਹੈ ਜੋ ਇਸ ਵਿਚੋਂ ਜਿੱਤ ਲਈ ਪ੍ਰੇਰਣਾ ਲੱਭਦਾ ਹੈ। ਹਰ ਸੱਚਾ ਜੇਤੂ ਜ਼ਿੰਦਗੀ ਦੇ ਇੱਕ ਬਿੰਦੂ 'ਤੇ ਹਾਰਿਆ ਹੈ। ਵਰਤਮਾਨ ਦੇ ਫ਼ੈਸਲੇ ਭਵਿੱਖ ਦੀ ਤਰੱਕੀ ਤੈਅ ਕਰਦੇ ਹਨ। ਅਸਫ਼ਲਤਾ ਪ੍ਰਤੀ ਕਿਰਿਆ ਦਾ ਪ੍ਰਭਾਵ ਤੁਹਾਡੇ ਭਵਿੱਖੀ ਨਤੀਜੇ ਨਿਰਧਾਰਤ ਕਰੇਗਾ। ਇਸ ਦਾ ਨਵੇਂ ਸਬਕ ਦ੍ਰਿਸ਼ਟੀਕੋਣ ਉੱਪਰ ਜੰਮੀ ਧੂੜ ਨੂੰ ਸਾਫ਼ ਕਰਦਾ ਹੈ। ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਕਦਰ ਕਰੋ। ਜੇ ਕਿਸੇ ਟੀਮ ਨਾਲ ਕੰਮ ਕਰਦੇ ਹੋ ਤਾਂ ਉਸ ਦੀ ਸ਼ਲਾਘਾ ਕਰੋ। ਇਹ ਸਮਝਣਾ, ਸੋਚਣਾ ਤੇ ਮੰਨਣਾ ਜਰੂਰੀ ਹੈ ਕਿ ਅਸੀਂ ਇੱਕ ਟੀਮ ਦੇ ਰੂਪ ਵਿੱਚ ਜਿੱਤ ਦੇ ਅਤੇ ਹਾਰਦੇ ਹਾਂ। ਟੀਮ ਦੀ ਲੋੜ ਅਟੱਲ ਹੈ, ਅਸਫ਼ਲਤਾ ਇੱਕ ਝਟਕਾ ਹੈ। ਜਿੱਤਣ ਲਈ ਕੁਝ ਬਦਲਾਅ ਜ਼ਰੂਰੀ ਹਨ। ਕਈ ਵਾਰ ਟੀਮ ਦੇ ਮੈਂਬਰ ਜਾਂ ਟੀਮ ਬਦਲਣੀ ਪੈ ਸਕਦੀ ਹੈ। ਇਹ ਸਭ ਬੜੀ ਸਿਆਣਪ ਨਾਲ ਕਰਨਾ ਚਾਹੀ ਦਾ ਹੈ ਜਿਸ ਨਾਲ ਕਿਸੇ ਦੇ ਵਿਸ਼ਵਾਸ ਨੂੰ ਨੁਕਸਾਨ ਨਾ ਪਹੁੰਚੇ।

ਆਪਣੀਆਂ ਗਲਤੀਆਂ ਦੀ ਪਹਿਚਾਣ ਕਰਕੇ ਵਧੀਆ ਸਿੱਖ ਸਕਦੇ ਹਾਂ। ਉਹਨਾਂ ਨੂੰ ਦੂਰ ਕਰਨ ਲਈ ਇਕਾਗਰਤਾ ਜ਼ਰੂਰੀ ਹੈ। ਜਿਸ ਨਾਲ ਆਉਣ ਵਾਲੀ ਤਿਲਕਣ ਬਾਜੀ ਵੀ ਘਟ ਜਾਵੇਗੀ । ਜਦੋਂ ਤੁਸੀਂ ਗਲਤੀਆਂ ਕਰਨ ਤੋਂ ਡਰੋਗੇ, ਤਾਂ ਤੁਸੀਂ ਵੱਖਰਾ ਕਰਨ ਦੀ ਕੋਸ਼ਿਸ਼ ਨਹੀਂ ਕਰੋਗੇ। ਅਸਫ਼ਲਤਾ ਨੂੰ ਸਫ਼ਲਤਾ ਵਿੱਚ ਬਦਲਣ ਲਈ ਡੂੰਘਾਈ ਨਾਲ ਵਿਚਾਰ ਕਰੋ। ਇਸ ਨੂੰ ਸਵੀਕਾਰ ਕਰਕੇ ਕਦਰ ਕਰਨੀ ਚਾਹੀ ਦੀ ਹੈ। ਜਿਉਂ ਜਿਉਂ ਤੁਸੀਂ ਕਰੀਅਰ ਵਿੱਚ ਅੱਗੇ ਵਧਦੇ ਹੋ, ਇਹਨਾਂ ਦੀਆਂ ਪਰਿਭਾਸ਼ਾਵਾਂ ਬਦਲਦੀਆਂ ਰਹਿੰਦੀਆਂ ਹਨ। ਸਥਿਤੀ ਦੀ ਪੜਚੋਲ ਨਾਲ ਗਲਤੀਆਂ ਦੂਰ ਹੁੰਦੀਆਂ ਹਨ। ਭਾਵੇਂ ਇਹ ਕਾਰੋਬਾਰ ਜਾਂ ਨਿੱਜੀ ਜੀਵਨ ਵਿੱਚ ਹੋਵਣ, ਇਹਨਾਂ ਨੂੰ ਸੁਲਝਾਉਣ ਲਈ ਸਮਾਂ ਕੱਢਣਾ ਲਾਜ਼ਮੀ ਹੈ।

ਕਈ ਬਾਰ ਵੱਡੇ ਬ੍ਰਾਂਡ ਵੀ ਅਸਫ਼ਲ ਹੋ ਜਾਂਦੇ ਹਨ। ਵਪਾਰੀ ਕਾਰੋਬਾਰ ਨੂੰ ਪ੍ਰਭਾਵਿਤ ਨਹੀਂ ਹੋਣ ਦਿੰਦੇ। ਉਨ੍ਹਾਂ ਦਾ ਸਹੀ ਮੁਲਾਂਕਣ ਕਰ ਮੁਨਾਫ਼ੇ ਵੱਲ ਧੱਕਦੇ ਹਨ। ਕੋਸ਼ਿਸ਼ ਨਾ ਕਰਨ ਨਾਲੋਂ ਕੋਸ਼ਿਸ਼ ਕਰ ਅਸਫ਼ਲ ਹੋਣਾ ਬਿਹਤਰ ਹੈ। ਇਸੇ ਤਰ੍ਹਾਂ ਬਹੁਤ ਉੱਦਮੀ ਸਫ਼ਲਤਾ ਦੇ ਮਾਹਿਰ ਬਣਦੇ ਹਨ। ਜੋ ਕਈ ਵਾਰ ਫ਼ੇਲ੍ਹ ਹੋਏ ਹੁੰਦੇ ਹਨ । ਉਂਜ ਅਸੀਂ ਸਿਰਫ਼ ਪ੍ਰਾਪਤੀਆਂ ਹੀ ਦੇਖਦੇ ਹਾਂ। ਉਹਨਾਂ ਆਪਣੀ ਅਦ੍ਰਿਸ਼ ਚੇਤਨਾ ਸਦਕੇ ਗਲਤੀਆਂ ਤੋਂ ਸਿੱਖਿਆ ਪ੍ਰਾਪਤ ਕੀਤੀ ਹੈ। ਭਾਵੇਂ ਸੰਭਾਵਿਤ ਟੀਚੇ ਖੁੰਝ ਗਏ ਸਨ ਪਰ ਉਹ ਸਮਾਂ ਰਹਿੰਦਿਆਂ ਸਫ਼ਲਤਾ ਦੀ ਬੇੜੀ ਦੁਆਰਾ ਮੁਸੀਬਤਾਂ ਦਾ ਸਮੁੰਦਰ ਪਾਰ ਕਰ ਗਏ।

ਹਰ ਕੰਮ ਲਈ ਵਿਉਂਤਬੰਦੀ ਜਰੂਰੀ ਹੈ। ਉਸ ਨੂੰ ਨੇਪਰੇ ਲਾਉਣ ਦੀ ਜਿੱਦ ਜਿੱਤਣ ਦੀ ਭਾਵਨਾ ਪੈਦਾ ਕਰਦੀ ਹੈ। ਤਜਰਬਾ ਸਾਡੀ ਮਨੋਦਸ਼ਾ ਨੂੰ ਮਜ਼ਬੂਤ ਕਰਦਾ ਹੈ । ਹੋ ਸਕਦਾ ਹੈ ਕਿ ਸਫ਼ਲਤਾ ਇੱਕ ਵਾਰ ਵਿੱਚ ਨਾ ਮਿਲੇ, ਪਰ ਤੁਸੀਂ ਉਸ ਕੰਮ ਲਈ ਚੋਖਾ ਤਜਰਬਾ ਪ੍ਰਾਪਤ ਕਰ ਲੈਂਦੇ ਹੋ। ਦ੍ਰਿੜ੍ਹਤਾ ਅਕਸਰ ਉਲਝਣਾ ਨਜਿੱਠਣ ਨਾਲ ਹੀ ਵਧਦੀ ਹੈ ਜਿਹੜੇ ਲੋਕ ਔਕੜਾਂ ਨਾਲ ਜੂਝਦੇ ਹਨ । ਉਹਨਾਂ ਵਿੱਚ ਵਧੇਰੇ ਕਾਬਲੀਅਤਾਂ, ਲਚਕਤਾ, ਦ੍ਰਿੜ੍ਹਤਾ ਅਤੇ ਹਿੰਮਤ ਵਿਕਸਿਤ ਹੁੰਦੀ ਹੈ।

(ਬਾਕੀ ਸਫ਼ਾ 31 'ਤੇ)

# ਫ਼ਸਲੀ ਚੱਕਰ ਵਧਾ ਰਿਹਾ ਜਲ ਸੰਕਟ

**ਮੁਖ਼ਤਾਰ ਗਿੱਲ**





ਜਲ ਜੀਵਨ ਹੈ। ਨਿਰਸੰਦੇਹ ਪਾਣੀ ਸਾਡੀ ਜੀਵਨ ਰੇਖਾ ਹੈ ਜੋ ਕੁਦਰਤ ਦਾ ਨਾਯਾਬ ਤੋਹਫ਼ਾ ਹੀ ਨਹੀਂ ਸਗੋਂ ਇੱਕ ਅਦਭੁਤ ਵਰਦਾਨ ਵੀ ਹੈ। ਕਾਦਰ ਦੀ ਮਨੁੱਖਤਾ ਨੂੰ ਅਨਮੋਲ ਦਾਤ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਾਣੀ ਜੀਵਨ ਦੀ ਅਹਿਮ ਲੋੜ ਹੈ। ਇੱਥੋਂ ਤੱਕ ਕਿ ਸਾਡੀਆਂ ਸਾਰੀਆਂ ਸੱਭਿਆਤਾਵਾਂ ਨਦੀਆਂ ਦੇ ਕਿਨਾਰਿਆਂ 'ਤੇ ਹੀ ਵਿਕਸਤ ਹੋਈਆਂ ਹਨ। ਸਾਡੇ ਬਹੁਤੇ ਸ਼ਹਿਰ ਨਦੀਆਂ ਦੇ ਕੰਢੇ ਹੀ ਵਸੇ ਅਤੇ ਵਧੇ-ਫੁੱਲੇ ਹਨ।

ਸਾਡੇ ਗੁਰੂਆਂ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ ਪਰ ਅਸਾਂ ਇਸ ਕੁਦਰਤ ਦੀ ਦਾਤ ਦੀ ਕੋਈ ਕਦਰ ਨਹੀਂ ਕੀਤੀ। ਪਾਣੀ ਦੀ ਬਰਬਾਦੀ ਜਾਰੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪੰਜਾਬ ਦੇ ਜਲ ਸਰੋਤ ਜਿਵੇਂ ਕਿ ਨਦੀਆਂ, ਨਹਿਰਾਂ, ਝੀਲਾਂ, ਤਾਲਾਬ ਆਦਿ ਸੁੱਕ ਚੁੱਕੇ ਹਨ। ਬੁੱਢੇ ਨਾਲੇ ਦਾ ਦੂਸ਼ਿਤ ਪਾਣੀ ਸਤਲੁਜ ਵਿੱਚ ਪਾ ਕੇ ਉਸ ਦੇ ਪਾਣੀ ਨੂੰ ਕਾਲਾ ਜ਼ਹਿਰੀਲਾ ਬਣਾਇਆ ਜਾ ਰਿਹਾ ਹੈ ਅਤੇ ਸ਼ਰਾਬ ਫੈਕਟਰੀਆਂ ਤੇ ਸਨਅਤਾਂ ਦਾ ਗੰਦਾ ਪਾਣੀ ਬਿਆਸ ਨੂੰ ਦੂਸ਼ਿਤ ਕਰ ਰਿਹਾ ਹੈ।

ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਹਰ ਦੂਸਰਾ ਵਿਅਕਤੀ ਪਾਣੀ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਭਾਰਤ ਦੀ ਆਬਾਦੀ ਦੁਨੀਆਂ ਦੀ ਆਬਾਦੀ ਦਾ ਤਕਰੀਬਨ 18 ਫ਼ੀਸਦੀ ਬਣਦੀ ਹੈ। ਅੱਜ ਦੁਨੀਆਂ ਦੀ ਇੱਕ-ਤਿਹਾਈ ਆਬਾਦੀ ਕੋਲ ਪੀਣ ਲਈ ਸਾਫ਼ ਪਾਣੀ ਉਪਲਬਧ ਨਹੀਂ ਹੈ। ਭਾਰਤ ਦੀ 60 ਕਰੋੜ ਆਬਾਦੀ ਭਿਆਨਕ ਜਲ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇੱਥੋਂ ਦੇ 8 ਕਰੋੜ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਨਹੀਂ ਹੈ। ਜਲ ਸੰਕਟ ਨਾ ਸਿਰਫ਼ ਵਾਤਾਵਰਨ ਪੱਖੋਂ ਚਿੰਤਾ ਦਾ ਵਿਸ਼ਾ ਹੈ ਬਲਕਿ ਇਹ ਦੇਸ਼ ਦੇ ਆਰਥਿਕ ਵਿਕਾਸ 'ਚ ਵੀ ਰੁਕਾਵਟ ਹੈ। ਘਟਦੇ ਜਲ ਸਰੋਤਾਂ ਅਤੇ ਵਧ ਰਹੀ ਪਾਣੀ ਦੀ ਮੰਗ ਕਾਰਨ ਮਨੁੱਖੀ ਜੀਵਨ ਅਤੇ ਪਸ਼ੂ-ਪੰਛੀਆਂ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ।

ਜਲ ਦੋਹਨ ਸਿੰਚਾਈ ਦਾ ਪ੍ਰਮੁੱਖ ਸਾਧਨ ਹੋਣ ਕਰ ਕੇ ਨਾ ਸਿਰਫ਼ ਪਾਣੀ ਦਾ ਪੱਧਰ ਹੇਠਾਂ ਹੀ ਹੇਠਾਂ ਜਾ ਰਿਹਾ ਹੈ ਸਗੋਂ ਧਰਤੀ ਹੇਠਲੇ ਪਾਣੀ ਨੂੰ ਕੱਢਣ ਦੀ ਦਰ ਵਿਚ ਦਸ ਗੁਣਾ ਵਾਧਾ ਹੋਇਆ ਹੈ। ਭਾਰਤ ਦੇ 17 ਰਾਜਾਂ ਦੇ 250 ਦੇ ਕਰੀਬ ਜ਼ਿਲ੍ਹੇ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਵਿੱਚੋਂ 17 ਜ਼ਿਲ੍ਹੇ ਪੰਜਾਬ ਦੇ ਹਨ।

ਕੇਂਦਰੀ ਜ਼ਮੀਨੀ ਜਲ ਮੁਲਾਂਕਣ ਬੋਰਡ ਨੇ ਆਪਣੀ ਰਿਪੋਰਟ ਵਿੱਚ ਪੰਜਾਬ ਦੇ ਜਿਨ੍ਹਾਂ 150 ਬਲਾਕਾਂ ਦੀ ਨਿਸ਼ਾਨਦੇਹੀ ਕੀਤੀ ਸੀ ਉਨ੍ਹਾਂ ਵਿੱਚੋਂ 114 (76.47 ਫ਼ੀਸਦੀ) ਨੂੰ ਪਾਣੀ ਦੀ ਲੋੜੋਂ ਵੱਧ ਬਰਬਾਦੀ, ਤਿੰਨ (1.96%) ਨੂੰ ਨਾਜ਼ੁਕ ਅਤੇ 20 ਬਲਾਕਾਂ (13.07 ਫ਼ੀਸਦੀ) ਨੂੰ ਸੁਰੱਖਿਅਤ ਸ਼੍ਰੇਣੀ ਵਿੱਚ ਰੱਖਿਆ ਹੈ। ਮੀਂਹ ਪਾਣੀ ਦਾ ਮੁੱਢਲਾ ਸੋਮਾ ਹੈ। ਜੇ ਪਾਣੀ ਤੇ ਮਿੱਟੀ ਹੈ, ਤਦ ਹੀ ਬਨਸਪਤੀ (ਜੰਗਲ) ਸੰਭਵ ਹੈ।

ਪੰਜਾਬ 'ਚ ਹੜ੍ਹਾਂ ਤੇ ਜਲ ਸੰਕਟ ਦਾ ਇਤਿਹਾਸ ਉਦੋਂ ਸ਼ੁਰੂ ਹੋਇਆ ਜਦ ਅਸਾਂ ਛੱਪੜਾਂ, ਤਾਲਾਬਾਂ, ਢਾਬਾਂ, ਛੰਭਾਂ ਅਤੇ ਕੁਦਰਤੀ ਜਲ ਵਹਿਣ ਤਬਾਹ ਕਰ ਦਿੱਤੇ। 'ਵਰਲਡ ਰਿਸੋਰਸਿਜ਼ ਇੰਸਟੀਚਿਊਟ' ਦੀ ਇੱਕ ਰਿਪੋਰਟ ਮੁਤਾਬਕ ਦੁਨੀਆਂ ਦੇ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੀ ਸੂਚੀ ਵਿੱਚ ਭਾਰਤ ਵੀ ਸ਼ਾਮਲ ਹੈ। ਭਾਰਤ ਦੇ ਕਈ ਵੱਡੇ ਸ਼ਹਿਰ ਜਲ ਸੰਕਟ ਦੀ ਲਪੇਟ ਵਿੱਚ ਹਨ।

ਨਦੀਆਂ ਸੁੱਕ ਰਹੀਆਂ ਹਨ। ਯੂਨੀਸੈੱਫ ਵੱਲੋਂ 18 ਮਾਰਚ 2021 ਨੂੰ ਜਾਰੀ ਕੀਤੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ 9.14 ਕਰੋੜ ਬੱਚੇ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਹੇ ਹਨ। ਜਲ ਸੰਕਟ ਲਈ ਅਤਿ ਸੰਵੇਦਨਸ਼ੀਲ ਮੰਨੇ ਜਾ ਰਹੇ 37 ਦੇਸ਼ਾਂ ਵਿੱਚ ਭਾਰਤ ਵੀ ਸ਼ਾਮਲ ਹੈ। ਸੰਯੁਕਤ ਰਾਸ਼ਟਰ ਦੀ ਵਰਲਡ ਵਾਟਰ ਡਿਵੈਲਪਮੈਂਟ ਦੀ ਇੱਕ ਰਿਪੋਰਟ ਅਨੁਸਾਰ ਏਸ਼ੀਆ ਦੀਆਂ ਨਦੀਆਂ ਦੁਨੀਆਂ ਭਰ ਵਿੱਚੋਂ ਸਭ ਤੋਂ ਵੱਧ ਪ੍ਰਦੂਸ਼ਿਤ ਹਨ। ਪਾਣੀ ਦੇ ਭੰਡਾਰਨ ਦਾ ਇੰਤਜ਼ਾਮ ਨਾ ਹੋਣ ਕਾਰਨ 80 ਫ਼ੀਸਦ ਅਣ-ਵਰਤਿਆ ਪਾਣੀ ਨਦੀਆਂ-ਨਾਲਿਆਂ ਰਾਹੀਂ ਸਮੁੰਦਰ ਵਿੱਚ ਚਲਾ ਜਾਂਦਾ ਹੈ। ਵਿਸ਼ਵ ਭਰ ਵਿੱਚ ਮੌਜੂਦ ਮਿੱਠੇ ਪਾਣੀ ਦਾ 70 ਫ਼ੀਸਦ ਹਿੱਸਾ ਸਿੰਚਾਈ ਲਈ ਖ਼ਰਚ ਹੁੰਦਾ ਹੈ। ਯੂਨੀਸੈੱਫ ਦੀ ਇਕ ਰਿਪੋਰਟ ਅਨੁਸਾਰ ਭਾਰਤ ਦੁਨੀਆਂ ਭਰ ਵਿੱਚੋਂ ਧਰਤੀ ਹੇਠਲੇ ਪਾਣੀ ਨੂੰ ਵਰਤੋਂ ਵਿੱਚ ਲਿਆਉਣ ਵਾਲਾ ਵੱਡਾ ਮੁਲਕ ਹੈ।

ਦੇਸ਼ ਦੇ ਕੇਂਦਰੀ ਜਲ ਬੋਰਡ ਦੀ ਰਿਪੋਰਟ ਮੁਤਾਬਕ ਅਗਲੇ 16 ਸਾਲਾਂ ਵਿੱਚ ਧਰਤੀ ਹੇਠਲਾ ਪਾਣੀ 1000 ਫੁੱਟ ਹੇਠਾਂ ਚਲਾ ਜਾਵੇਗਾ ਜੋ ਸਾਡੇ ਲਈ ਖ਼ਤਰੇ ਦੀ ਘੰਟੀ ਹੈ। ਦੇਸ਼ ਵਿੱਚ ਪਾਣੀ ਦੀ ਥੁੜ੍ਹ ਕਾਰਨ ਹਰ ਸਾਲ 2 ਲੱਖ ਲੋਕ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਆਂਧਰ ਪ੍ਰਦੇਸ਼, ਕਰਨਾਟਕ ਤੇ ਤਾਮਿਲਨਾਡੂ ਵਿੱਚ ਪਾਣੀ ਦੀ ਕਿੱਲਤ ਬਹੁਤ ਨਾਜ਼ੁਕ ਹੋ ਗਈ ਹੈ।

ਪੰਜਾਬ ਵਿੱਚ ਵੀ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਿਆ ਗਿਆ ਹੈ। ਇਹ ਸਭਨਾਂ ਲਈ ਬਹੁਤ ਵੱਡੀ ਚਿੰਤਾ ਵਾਲੀ ਗੱਲ ਹੈ। ਭਾਰਤ ਵਿੱਚ ਇਸ ਮਾਮਲੇ ਵਿੱਚ ਸਥਿਤੀ ਹੋਰ ਵੀ ਚਿੰਤਾਜਨਕ ਹੈ ਜਦਕਿ ਜਲ ਸਾਧਨ ਸੀਮਤ ਹਨ। ਪੰਜਾਬ ਵਿੱਚ ਫ਼ਸਲੀ ਚੱਕਰ ਬਦਲਣ ਦੀ ਲੋੜ ਹੈ। ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਵਾਲੀਆਂ ਫ਼ਸਲਾਂ ਦੇ ਵਰਗ 'ਚ 23 ਫ਼ਸਲਾਂ ਨੂੰ ਸ਼ਾਮਲ ਕੀਤਾ ਗਿਆ ਸੀ। ਪਹਿਲਾਂ ਇਸ 'ਚ ਗੰਨਾ, ਕਣਕ ਤੇ ਚੌਲ ਆਦਿ ਫ਼ਸਲਾਂ ਹੀ ਸਨ। ਇਨ੍ਹਾਂ ਨੂੰ ਕਿਸਾਨ ਪਹਿਲ ਦਿੰਦੇ ਹਨ। ਇਹੋ ਫ਼ਸਲਾਂ ਹਨ ਜਿਹੜੀਆਂ ਜਲ ਸੰਕਟ ਨੂੰ ਡੂੰਘਾ ਕਰਨ ਦਾ ਮੁੱਖ ਕਾਰਨ ਹਨ। ਮਾਹਿਰਾਂ ਅਨੁਸਾਰ ਇੱਕ ਕਿੱਲੋ ਝੋਨਾ ਪਾਲਣ ਵਾਸਤੇ 2000-3500 ਲੀਟਰ ਪਾਣੀ, ਇੱਕ ਕਿੱਲੋ ਕਣਕ ਪਾਲਣ ਲਈ 1654 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਸੱਠ ਫ਼ੀਸਦੀ ਜ਼ਮੀਨ ਧਰਤੀ ਹੇਠਲੇ ਪਾਣੀ ਨਾਲ ਸਿੰਜੀ ਜਾਂਦੀ ਹੈ।

ਸਰ੍ਹੋਂ, ਮੱਕੀ ਅਤੇ ਬਾਜਰਾ ਵਰਗੀਆਂ ਘੱਟ ਪਾਣੀ ਨਾਲ ਪਲਣ ਵਾਲੀਆਂ ਫ਼ਸਲਾਂ ਦੀ ਬਿਜਾਈ ਨੂੰ ਹੱਲਾਸ਼ੇਰੀ ਦਿੱਤੀ ਜਾਵੇ। ਜਲ ਸੰਕਟ ਨਾਲ ਜੂਝ ਰਹੇ ਖਿੱਤਿਆਂ ਵਿਚ ਚੌਲ, ਕਣਕ ਅਤੇ ਗੰਨੇ ਵਰਗੀਆਂ ਫ਼ਸਲਾਂ 'ਤੇ ਰੋਕ ਲਾਉਣੀ ਚਾਹੀਦੀ ਹੈ। ਪਰ ਇਨ੍ਹਾਂ ਬਦਲਵੀਆਂ ਫ਼ਸਲਾਂ ਲਈ ਮੰਡੀਕਰਨ ਅਤੇ ਕੀਮਤਾਂ ਤੈਅ ਕਰਨ ਦੀ ਠੋਸ ਨੀਤੀ ਦੀ ਲੋੜ ਹੈ। ਕੇਂਦਰੀ ਕੈਬਨਿਟ ਨੇ ਸਾਉਣੀ ਦੀਆਂ ਫ਼ਸਲਾਂ ਲਈ ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ) ਪ੍ਰਤੀ ਕੁਇੰਟਲ ਨੂੰ ਪ੍ਰਵਾਨਗੀ ਦਿੱਤੀ ਹੈ।

ਝੋਨਾ 2300, ਮੱਕੀ 2225, ਮੂੰਗੀ 8682, ਕਪਾਹ (ਲੰਮਾ ਰੇਸ਼ਾ) 7521 ਰੁਪਏ। ਕੇਂਦਰ ਸਰਕਾਰ ਦੇ ਇਸ ਫ਼ੈਸਲੇ ਨਾਲ ਫ਼ਸਲੀ ਚੱਕਰ ਨੂੰ ਉਤਸ਼ਾਹ ਮਿਲੇਗਾ। ਘਟ ਰਹੇ ਪਾਣੀ ਦੇ ਪੱਧਰ ਬਾਰੇ ਜਾਗਰੂਕਤਾ ਫੈਲਾਉਣ ਦੀ ਲੋੜ ਹੈ ਤਾਂ ਕਿ ਪਾਣੀ ਦੀ ਵਰਤੋਂ ਕਿਫ਼ਾਇਤ ਨਾਲ ਹੋ ਸਕੇ। ਖੇਤੀ ਲਈ ਉਹ ਨਵੇਂ ਬੀਜ ਈਜਾਦ ਕੀਤੇ ਜਾਣ ਜਿਨ੍ਹਾਂ ਸਦਕਾ ਘੱਟ ਪਾਣੀ ਵਰਤ ਕੇ ਵੱਧ ਪੈਦਾਵਾਰ ਲਈ ਜਾ ਸਕੇ। ਖੇਤਾਂ 'ਚ ਰਿਚਾਰਜ ਖੂਹਾਂ ਦਾ ਨਿਰਮਾਣ ਕੀਤਾ ਜਾਵੇ। ਜਦੋਂ ਬਰਸਾਤਾਂ ਦੇ ਦਿਨਾਂ ਵਿਚ ਸਿੰਚਾਈ ਦੀ ਲੋੜ ਨਹੀਂ ਹੁੰਦੀ ਤਾਂ ਪਾਣੀ ਵਿਅਰਥ ਨਾ ਜਾਵੇ। ਕਾਗਜ਼, ਕੋਲਡ ਡਰਿੰਕ ਤੇ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਪਾਣੀ ਦੀ ਬਰਬਾਦੀ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਨੱਥ ਪਾਉਣੀ ਚਾਹੀਦੀ ਹੈ। ਸਨਅਤਾਂ ਧਰਤੀ ਹੇਠਲੇ ਪਾਣੀ ਨੂੰ ਪਲੀਤ ਕਰਦੀਆਂ ਹਨ।

ਗੱਡੀਆਂ ਧੋਣ ਲਈ ਸਾਫ਼ ਤੇ ਪੀਣ ਵਾਲੇ ਪਾਣੀ ਨੂੰ ਵਰਤਿਆ ਜਾ ਰਿਹਾ ਹੈ। ਕੁਦਰਤ ਮਾਨਵਤਾ ਨੂੰ ਜਲ ਨਹੀਂ ਅੰਮ੍ਰਿਤ ਦਿੰਦੀ ਹੈ ਪਰ ਅਸੀਂ ਕੁਦਰਤੀ ਦਾਤਾਂ ਦੀ ਕਦਰ ਨਹੀਂ ਕੀਤੀ ਸਗੋਂ ਉਸ ਨਾਲ ਜ਼ਿਆਦਤੀ ਕੀਤੀ ਹੈ। ਸਾਫ਼ ਤੇ ਸਵੱਛ ਪਾਣੀ ਦੀ ਲੋੜ ਪੂਰੀ ਕਰਨ ਲਈ ਸਾਨੂੰ ਜਲ ਸਰੋਤਾਂ ਨੂੰ ਸੁਰੱਖਿਅਤ ਰੱਖਣਾ ਹੋਵੇਗਾ ਅਤੇ ਨਦੀਆਂ ਦੀ ਦੇਖਭਾਲ ਵੀ ਕਰਨੀ ਹੋਵੇਗੀ ਕਿਉਂਕਿ ਨਦੀਆਂ ਸ਼ੁੱਧ ਜਲ ਦਾ ਸਭ ਤੋਂ ਵਧੀਆ ਸਰੋਤ ਹਨ।

**(ਬਾਕੀ ਸਫ਼ਾ 31 'ਤੇ)**

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਰਿਸ਼ਤਿਆਂ ਨੂੰ ਖਾ ਗਿਐ ਆਧੁਨਿਕਤਾ ਦਾ ਮਾਡਲ



ਲਾਡੀ ਜਗਤਾਰ
9463603091

ਪੰਜਾਬੀਆਂ ਦੇ ਰਿਸ਼ਤਿਆਂ ਦੀ ਇਬਾਰਤ ਬੜੀ ਡੂੰਘੀ ਉੱਕਰੀ ਹੋਈ ਹੈ। ਇਸ ਵਰਨਮਾਲਾ ਵਿੱਚ ਬਹੁਤ ਤਰ੍ਹਾਂ ਦੇ ਰਿਸ਼ਤੇ ਹਨ। ਭਾਵੇਂ ਇਹ ਕਿਹਾ ਜਾਂਦਾ ਹੈ ਕਿ ਰਿਸ਼ਤੇਦਾਰ ਬਾਅਦ ਵਿੱਚ ਆਉਂਦੇ ਹਨ ਪਰ ਆਂਢ ਗੁਆਂਢ ਪਹਿਲਾਂ ਆ ਜਾਂਦਾ ਹੈ। ਗੁਆਂਢੀ ਵੀ ਫਿਰ ਹੀ ਪਹੁੰਚਦੇ ਹਨ ਜੇਕਰ ਉਹਨਾਂ ਨਾਲ ਰਿਸ਼ਤੇ ਵਧੀਆ ਹੋਣ। ਚੰਗਾ ਰਿਸ਼ਤੇਦਾਰ ਮੁਸ਼ਕਿਲ ਵਿੱਚ ਤੁਹਾਨੂੰ ਹਾਰਨ ਨਹੀਂ ਦਿੰਦਾ। ਹਰ ਸਮੱਸਿਆ, ਖੁਸ਼ੀ ਵਿੱਚ ਸੱਜੀ ਬਾਂਹ ਬਣ ਕੇ ਖੜ੍ਹਦਾ ਹੈ। ਜਦ ਪੈਸਾ ਆ ਜਾਵੇ ਉਸ ਵੇਲੇ ਰਿਸ਼ਤਿਆਂ ਵਿੱਚ ਬਹੁਤੀ ਵਾਰ ਤਰੇੜਾਂ ਵੀ ਆ ਜਾਂਦੀਆਂ ਹਨ। ਇਸ ਕਰਕੇ ਆਪਣਿਆਂ ਤੋਂ ਦੂਰੀ ਨਹੀਂ ਬਣਾਉਣੀ ਚਾਹੀਦੀ। ਰਿਸ਼ਤੇ ਸਾਨੂੰ ਜ਼ਿੰਦਗੀ ਦੀ ਚਾਲ ਨਾਲ ਜੋੜੀ ਰੱਖਦੇ ਹਨ।

ਪੰਜਾਬੀ ਵਿਅਕਤੀ ਬਚਪਨ ਤੋਂ ਬੁਢਾਪੇ ਤੱਕ ਅਣਗਿਣਤ ਰਿਸ਼ਤੇ ਹੰਢਾਉਂਦਾ ਹੈ। ਵੈਸੇ ਗਿਣਤੀ ਵਿੱਚ ਇਹ ਬਹੁਤ ਜ਼ਿਆਦਾ ਹੋ ਜਾਂਦੇ ਹਨ। ਪਰ ਮੁੱਖ ਰੂਪ ਵਿੱਚ ਜੇਕਰ ਦੇਖਿਆ ਜਾਵੇ ਤਾਂ ਸਭ ਤੋਂ ਪਹਿਲਾਂ ਮਨੁੱਖ ਦੇ ਖ਼ੂਨ ਦੇ ਰਿਸ਼ਤੇ ਮਿਲਦੇ ਹਨ। ਇਸ ਵੰਨਗੀ ਦੇ ਅੰਤਰਗਤ ਮਾਂ-ਪੁੱਤ, ਮਾਂ-ਧੀ, ਪਿਉ-ਧੀ, ਪਿਉ-ਪੁੱਤ ਦੇ ਰਿਸ਼ਤੇ ਸ਼ਾਮਲ ਹੁੰਦੇ ਹਨ।

ਪਰਿਵਾਰਕ ਰਿਸ਼ਤਿਆਂ ਦੇ ਤਹਿਤ ਚਾਚਾ-ਭਤੀਜਾ, ਤਾਇਆ-ਭਤੀਜਾ, ਮਾਮਾ-ਭਾਣਜਾ, ਮਾਮਾ-ਭਣੇਵੀ, ਨਾਨਾ-ਦੋਹਤਾ, ਨਾਨੀ-ਦੋਹਤੀ, ਦਾਦਾ-ਪੋਤਾ, ਦਾਦੀ-ਪੋਤੀ, ਚਾਚੀ-ਤਾਈ, ਮਾਮੀ-ਭੂਆ ਅਤੇ ਇਹਨਾਂ ਦੀ ਔਲਾਦ ਨਾਲ ਸੰਬੰਧਿਤ ਰਿਸ਼ਤੇ ਗਿਣੇ ਜਾ ਸਕਦੇ ਹਨ।

ਵਿਆਹ ਰਾਹੀਂ ਬਣਦੇ ਰਿਸ਼ਤੇ ਵਿੱਚ ਸੱਸ-ਨੂੰਹ, ਸਹੁਰਾ-ਨੂੰਹ, ਸਹੁਰਾ-ਜਵਾਈ, ਸੱਸ-ਜਵਾਈ, ਸਾਲਾ-ਭਣੋਈਆ, ਸਾਲਾ-ਸਾਲਿਹਾਰ, ਨਣਦ-ਭਰਜਾਈ, ਸਾਲੀ-ਸਾਢੂ, ਦਿਉਰ-ਭਰਜਾਈ, ਜੇਠ-ਜਠਾਣੀ, ਪਤੀਸ, ਕੁੜਮ-ਕੁੜਮਣੀ ਤੇ ਇਹਨਾਂ ਦੇ ਨਾਲ ਸੰਬੰਧਿਤ ਅਨੇਕਾਂ ਹੀ ਹੋਰ ਰਿਸ਼ਤੇ ਸ਼ਾਮਲ ਹਨ।

ਕੁਝ ਰਿਸ਼ਤੇ ਸਮਾਜ ਵਿੱਚ ਰਹਿ ਕੇ ਕਿਸੇ ਨਾਲ ਕੰਮ ਕਰਦਿਆਂ,ਆਂਢ ਗੁਆਂਢ ਰਹਿੰਦਿਆਂ ਮਨੁੱਖੀ ਭਾਵਾਂ, ਪਿਆਰ ਅਤੇ ਸਤਿਕਾਰ ਆਦਿ ਦੇ ਮਾਧਿਅਮ ਨਾਲ ਸਹਿਜੇ ਸਿਰਜ ਲਏ ਜਾ ਸਥਾਪਤ ਕਰ ਲਏ ਜਾਂਦੇ ਹਨ। ਇਸ ਪ੍ਰਕਾਰ ਦੇ ਰਿਸ਼ਤਿਆਂ ਵਿੱਚ ਦੋਸਤ, ਮਿੱਤਰ, ਸਹਿਕਰਮੀ, ਵਿਦਿਆਰਥੀ, ਅਧਿਆਪਕ ਆਦਿ ਸ਼ਾਮਲ ਹੁੰਦੇ ਹਨ।

ਕੁਝ ਰਿਸ਼ਤਿਆਂ ਨੂੰ ਅਪ੍ਰਵਾਨਗੀ ਵੀ ਦਿੱਤੀ ਜਾਂਦੀ ਹੈ , ਜਿਨ੍ਹਾਂ ਨੂੰ ਅਕਸਰ ਨਾਮ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ ਭਾਵ ਅਪ੍ਰਵਾਨਿਤ ਰਿਸ਼ਤੇ ਕਿਹਾ ਹੈ।



ਸਧਾਰਨ ਜਿਹੀ ਵੰਡ ਕਰੀਏ ਤਾਂ ਇਸ ਨੂੰ ਦਾਦਕਿਆਂ, ਨਾਨਕਿਆਂ ਅਤੇ ਸਮਾਜ ਵਿੱਚ ਰਹਿੰਦੇ ਪੈਦਾ ਹੋਣ ਵਾਲਿਆਂ ਰਿਸ਼ਤਿਆਂ ਵਿੱਚ ਵੀ ਵੰਡਿਆ ਜਾ ਸਕਦਾ ਹੈ।

ਇਹਨਾਂ ਰਿਸ਼ਤਿਆਂ ਦਾ ਆਪਣਾ ਹੀ ਮਹੱਤਵ ਹੈ। ਸਮਾਜ ਦਾ ਬਾਨ੍ਹਣੂ ਇਹਨਾਂ ਰਿਸ਼ਤਿਆਂ ਕਰਕੇ ਹੀ ਬੱਝਿਆ ਹੈ। ਇਹ ਸਾਡੇ ਬਚਪਨ ਤੋਂ ਲੈ ਕੇ ਮਰਨ ਤੱਕ ਦੀ ਰਸਮਾਂ ਵਿੱਚ ਹਿੱਸਾ ਬਣਦੇ ਹਨ। ਵਿਆਹ, ਭੋਗ, ਕਿਸੇ ਦੀ ਮੌਤ ਵੇਲੇ ਹਰ ਸਮੇਂ ਰਿਸ਼ਤੇ ਤੇ ਰਿਸ਼ਤੇਦਾਰਾਂ ਦੀ ਜ਼ਰੂਰਤ ਪੈਂਦੀ ਹੈ। ਸਾਡੀਆਂ ਖੁਸ਼ੀਆਂ ਵਿੱਚ ਤੇ ਦੁੱਖ ਵਿੱਚ ਸ਼ਾਮਲ ਹੋਣ ਵਾਲੇ ਤੇ ਇਹਨਾਂ ਨੂੰ ਸਾਂਝਾ ਕਰਨ ਵਾਲਾ ਕੋਈ ਚਾਹੀਦਾ ਹੈ। ਜੋ ਖੁਸ਼ੀਆਂ ਵਧਾ ਸਕੇ ਤੇ ਦੁੱਖ ਵੰਡ ਸਕੇ। ਵਿਆਹ, ਲੋਹੜੀਆਂ, ਦਵਾਲੀਆਂ, ਜਨਮ ਆਪਣਿਆਂ ਨਾਲ ਹੀ ਸੋਹਣੇ ਲੱਗਦੇ ਹਨ। ਦੁੱਖ ਵਿੱਚ ਵੀ ਆਪਣੇ ਹੀ ਦਰਦ ਵੰਡਾਉਂਦੇ ਹਨ। ਸਾਡੇ ਜਨਮ, ਲੋਹੜੀਆਂ, ਰੱਖੜੀਆਂ, ਦਿਵਾਲੀਆਂ ਤੇ ਵਿਆਹ ਦੇ ਗੀਤ ਵੀ ਇਸੇ ਤਰ੍ਹਾਂ ਦੇ ਸਿਰਜੇ ਗਏ ਹਨ।

****

ਵੱਡੇ ਕਾਰਨ ਬਣੇ ਹਨ ਰਿਸ਼ਤਿਆਂ ਨੂੰ ਖ਼ਤਮ ਕਰਨ ਲਈ। ਪੈਸੇ ਦੀ ਅੰਨ੍ਹੀ ਲਾਲਸਾ ਨਾਲ ਰਿਸ਼ਤੇ ਬੋਝ ਲੱਗ ਪਏ ਹਨ। ਬੱਚੇ ਵਿਗੜ ਰਹੇ ਹਨ। ਪਹਿਲਾ ਚਾਚੇ ਤਾਇਆਂ ਦਾ ਵੀ ਡਰ ਹੁੰਦਾ ਸੀ। ਹੁਣ ਨਾ ਰਿਸ਼ਤੇ ਰਹੇ ਨੇ ਨਾ ਇਹਨਾਂ ਨੂੰ ਜਵਾਕ ਮੰਨਦੇ ਨੇ। ਬੱਚੇ ਬੰਦ ਕਮਰਿਆਂ ਵਿੱਚ ਮੋਬਾਇਲ ਨਾਲ ਚਿੰਬੜੇ ਇਕੱਲਾ ਰਹਿਣਾ ਪਸੰਦ ਕਰਦੇ ਹਨ। ਪਹਿਲਾਂ ਸੰਯੁਕਤ ਪਰਿਵਾਰਾਂ ਵਿੱਚ ਬੱਚੇ ਪਲ ਜਾਂਦੇ ਸੀ ਪਤਾ ਨਹੀਂ ਸੀ ਚੱਲਦਾ ਤੇ ਪਰਿਵਾਰਕ ਮਹੌਲ ਵਿੱਚ ਬਹੁਤ ਕੁਝ ਸਿੱਖਦੇ ਸੀ। ਇੱਕ ਦੂਜੇ ਨਾਲ ਦਰਦ ਵੰਡਾਉਂਦੇ ਸੀ। ਹੁਣ ਲੋਕ ਇਕੱਲੇ ਹਸਪਤਾਲਾਂ ਵਿੱਚ ਪਏ ਰਹਿੰਦੇ ਹਨ, ਕੋਈ ਹਾਲ ਚਾਲ ਪੁੱਛਣ ਵਾਲਾ ਵੀ ਨਹੀਂ ਆਉਂਦਾ। ਲੋਕ ਬਿਨਾਂ ਗੱਲਬਾਤ ਤੋਂ ਦਿਮਾਗ਼ ਦੇ ਬੋਝ ਹੇਠ ਮਤਲਬ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ। ਜੋ ਰਿਸ਼ਤੇ ਬਚੇ ਹਨ ਉਹ ਮਤਲਬੀ ਹੋ ਚੁੱਕੇ ਹਨ। ਪੈਸੇ ਦੀ ਅੰਨ੍ਹੀ ਲਾਲਸਾ ਤੇ ਪਦਾਰਥਵਾਦੀ ਸੋਚ ਨੇ ਭਾਵਨਾਵਾਂ ਨੂੰ ਪਿੱਛੇ ਛੱਡ ਦਿੱਤਾ ਹੈ। ਪੈਸੇ ਲੋਕਾਂ ਕੋਲ ਵਾਧੂ ਹਨ ਪਰ ਸੁੱਖ ਦੁੱਖ ਕਰਨ ਵਾਲਾ ਕੋਈ ਨਹੀਂ ਹੈ। ਬੰਦ ਕਮਰਿਆਂ ਵਿੱਚ ਰਹਿੰਦੇ ਖ਼ੂੰਹਦੇ ਰਿਸ਼ਤੇ ਆਖ਼ਰੀ ਸਾਹ ਲੈਂਦੇ ਪ੍ਰਤੀਤ ਹੋ ਰਹੇ ਹਨ। ਇਹਨਾਂ ਹਾਲਾਤਾਂ ਨੂੰ ਕਈ ਕਵੀਆਂ ਨੇ ਵੀ ਸ਼ਬਦਾਂ ਵਿੱਚ ਬਿਆਨ ਕੀਤਾ ਹੈ।

ਵਸਤੂਆਂ ਦੀ ਲਾਲਸਾ ਦੇ ਦੌਰ ਦਾ ਦੇਖੋ ਕਮਾਲ,
ਵਾਕਫ਼ੀਅਤ,ਸਾਂਝ, ਰਿਸ਼ਤੇ ਰਹਿ ਗਏ ਬਣ ਕੇ ਸਵਾਲ।

***

ਸਿਰ 'ਤੇ ਉੱਗੇ ਹਉਮੈ ਦੇ ਸਿੰਗ ਬੰਦਾ ਬਣਿਆ ਡੰਗਰ ਵਰਗਾ,
ਹੈਂਕੜਬਾਜ਼ੀ ਮਾਨਵਤਾ ਦੇ ਏਦਾਂ ਘੇਰੇ ਰਿਸ਼ਤੇ ਨਾਤੇ।

****

ਕਿਤੇ ਭੈਣ ਵੀਰ ਨੂੰ ਵਾਸਤੇ ਪਾ ਰਹੀ ਹੈ;

ਟੁੱਟ ਕੇ ਨਾ ਬਹਿਜੀ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ।

****

ਪਹਿਲਾਂ ਦਿਲ ਦੇ,ਖ਼ੂਨ ਤੇ ਰੂਹ ਦੇ ਹੁੰਦੇ ਸੀ,
ਅੱਜ-ਕੱਲ੍ਹ ਰਿਸ਼ਤੇ ਹੋ ਗਏ ਸਿਰਫ਼ ਦਿਮਾਗਾਂ ਦੇ।

ਆਦਮੀ ਪੈਸਾ ਜਿੰਨਾ ਮਰਜ਼ੀ ਕਮਾ ਲਵੇ। ਪਰ ਜੇਕਰ ਉਸ ਦੇ ਦਿਲ ਦੇ ਦਰਦ ਨੂੰ ਸਮਝਣ ਵਾਲਾ ਕੋਈ ਨਹੀਂ ਜਾ ਉਸ ਦੀ ਆ ਤਕਲੀਫ਼ਾਂ ਨੂੰ ਸਮਝਣ ਵਾਲਾ ਕੋਈ ਨਹੀਂ ਤਾਂ ਸਭ ਬੇਕਾਰ ਹੈ। ਅੱਜ ਬੱਚੇ ਸਾਡੇ ਕਾਬੂ ਵਿੱਚ ਨਹੀਂ। ਨਾ ਉਹਨਾਂ ਵਿੱਚ ਆਦਰ ਸਤਿਕਾਰ ਦੇ ਗੁਣ ਹਨ। ਕੋਈ ਆ ਜਾਵੇ ਸਭ ਮੋਬਾਇਲ ਵਿੱਚ ਰੁੱਝ ਜਾਂਦੇ ਹਨ। ਦੁੱਖ ਸੁੱਖ ਕੌਣ ਫ਼ਰੋਲੇ। ਵਧਦੀ ਮਹਿੰਗਾਈ



ਚਾਚੇ ਰਾਜੇ ਨੇ ਬਾਗ ਲਵਾਇਆ, ਮਾਲਣ ਚੁਗਦੀ ਏ ਕਲੀਆਂ,
ਤੂੰ ਚੁਣ ਤੂੰ ਗੁੰਦ ਮਾਲਣ ਸਿਹਰਾ, ਮੇਰੇ ਰਾਮ ਚੰਦਰ ਜੀ ਦਾ ਸਿਹਰਾ,
ਨੀ ਚੁਰਾਸੀ ਨੇ ਲੜੀਆਂ, ਤੂੰ ਚੁਣ ਤੂੰ ਗੁੰਦ।

****

ਵੀਰਾ ਮਾਮੇ ਨੂੰ ਕਰ ਲੈ ਤਿਆਰ ਜੰਞੇ ਜਾਣੇ ਨੂੰ।
ਵੀਰਾ ਮਹਿਲੀਂ ਖੜੀ ਮੁਟਿਆਰ ਲਾਵਾਂ ਲੈਣੇ ਨੂੰ।

*****

ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓਏ
ਛੋਟਾ ਦੇਵਰਾ ਭਾਬੀ ਨਾਲ ਲੜਿਆ ਈ ਓਏ।

****

ਸਮਾਂ ਬਦਲਿਆ ਰਿਸ਼ਤਿਆਂ ਨੇ ਵੀ ਕਰਵਟ ਬਦਲੀ, ਜਦ ਦਾ ਪੈਸੇ ਦਾ ਚਲਣ ਵਧਿਆ ਹੈ। ਮਹਿੰਗਾਈ ਨੇ ਸ਼ਿਕੰਜਾ ਕਸਿਆ ਹੈ। ਮੋਬਾਇਲ ਕਲਚਰ ਆਇਆ ਹੈ ਇੱਕ ਬੱਚਾ ਦਾ ਸਭਿਆਚਾਰ ਚੱਲਿਆ ਹੈ। ਪਰਿਵਾਰ ਨਿਯੋਜਨ ਪ੍ਰੋਗਰਾਮ ਚੱਲੇ ਹਨ। ਰਿਸ਼ਤਿਆਂ ਨੂੰ ਕੋਈ ਖਾ ਗਿਆ ਹੈ।

ਬਹੁਤ ਬੱਚਿਆਂ ਨੂੰ ਤਾਈ ਚਾਚੀ ਭੂਆ ਦਾ ਪਤਾ ਨਹੀਂ ਹੈ। ਸਿੰਗਲ ਫ਼ੈਮਲੀ ਸੱਭਿਆਚਾਰ ਨੇ ਘਾਣ ਕਰਕੇ ਰੱਖ ਦਿੱਤਾ ਹੈ। ਅੰਗਰੇਜ਼ੀ ਦੇ ਆਂਟੀ ਸ਼ਬਦ ਨੇ ਸਭ ਕੁਝ ਹੀ ਜ਼ੀਰੋ ਕਰਕੇ ਸਾਰੇ ਰਿਸ਼ਤੇ ਇਸੇ ਵਿੱਚ ਸਮੇਟ ਦਿੱਤੇ ਹਨ। ਸਭ ਤੋਂ ਮਾੜਾ ਧੀਆਂ ਨੂੰ ਮਾਰਨ ਦਾ ਰੁਝਾਨ ਚੱਲਿਆ ਹੈ, ਬਹੁਤੇ ਰਿਸ਼ਤੇ ਦਮ ਤੋੜ ਗਏ ਹਨ। ਧੀਆਂ ਦੀ ਗਿਣਤੀ ਘਟਣ ਕਾਰਨ ਕਿੰਨੇ ਰਿਸ਼ਤੇ ਖਤਮ ਹੋ ਗਏ ਨੇ। ਧੀਆਂ ਡਾਕਟਰ ਦੇ ਲਾਲਚਾਂ ਅਤੇ ਦਹੇਜ ਦੇ ਲਾਲਚ ਤੇ ਸਮਾਜ ਮਰਦ ਪ੍ਰਧਾਨ ਫੋਕੀ ਇੱਜ਼ਤ ਦੇ ਲਪੇਟੇ ਵਿੱਚ ਆਕੇ ਇਹਨਾਂ ਦੀ ਹੋਂਦ ਨੂੰ ਖ਼ਤਰਾ ਪੈਦਾ ਕਰ ਦਿੱਤਾ। ਜਿਸ ਨਾਲ ਭੈਣ ਭੂਆ ਵਰਗੇ ਰਿਸ਼ਤਿਆਂ ਨੂੰ ਵੱਡਾ ਧੱਕਾ ਲੱਗਾ ਹੈ। ਮੁੰਡਿਆ ਲਈ ਕੁੜੀਆਂ ਵੀ ਨਹੀਂ ਲੱਭ ਰਹੀਆਂ। ਇਸ ਕਰਕੇ ਇਹ ਤੇ ਕੁੜੀ ਨੂੰ ਝੂਠੀ ਇੱਜ਼ਤ ਦਾ ਲੋਗੋ ਬਣਾਕੇ ਖਤਮ ਕਰਨਾ ਰਿਸ਼ਤਿਆਂ ਨੂੰ ਲੈ ਕੇ ਬਹਿ ਗਿਆ ਹੈ। ਨਾ ਬੱਚਿਆਂ ਨਾਲ ਕੋਈ ਖੇਡਣ ਵਾਲਾ, ਨਾ ਭਾਵਨਾਵਾਂ ਵੰਡਣ ਵਾਲਾ, ਨਾ ਚਾਚੇ ਕੀ ਹੁੰਦੇ ਨੇ , ਨਾ ਭੂਆ ਦਾ ਪਤਾ। ਸਭ ਮੋਬਾਇਲ, ਮਹਿੰਗਾਈ, ਲਾਲਸਾ, ਘਟਦੀ ਜ਼ਮੀਨ, ਫ਼ੋਕੀ ਇੱਜ਼ਤ ਸਭ ਕਾਰਨ ਸਾਡੇ ਰਿਸ਼ਤੇ ਕਿਧਰੇ ਗੁੰਮ ਹੋ ਗਏ ਹਨ। ਬਿਰਧ ਆਸ਼ਰਮਾਂ ਦੀ ਗਿਣਤੀ ਵਧ ਰਹੀ ਹੈ। ਬਜ਼ੁਰਗਾਂ ਨੂੰ ਅੰਤਿਮ ਸੰਸਕਾਰ ਕਰਨ ਵਾਲਾ ਵੀ ਨਹੀਂ ਲੱਭ ਰਿਹਾ ਕੋਈ। ਪਿੱਛੇ ਜਿਹੇ ਕੈਨੇਡਾ ਤੋਂ ਆਈ ਲੇਡੀਜ਼ ਲਈ ਆਪਣੇ ਸਕੇ ਸੰਬੰਧੀ ਦਾ ਸੰਸਕਾਰ ਕਰਨ ਲਈ ਵੀ ਟਾਇਮ ਨਹੀਂ ਸੀ। ਜਦ ਉਸ ਨੂੰ ਕਿਹਾ ਕਿ ਇਸ ਹਿੱਸੇ ਵਿੱਚੋਂ ਕੁਝ ਤੁਹਾਨੂੰ ਵੀ ਮਿਲਣਾ ਹੈ,ਉਹ ਸੰਸਕਾਰ ਕਰਨ ਲਈ ਪਹੁੰਚੀ। ਅੰਤਿਮ ਸੰਸਕਾਰ ਲਈ ਕਲੱਬ ਹੋਂਦ ਵਿੱਚ ਆ ਗਏ ਹਨ। ਉਹ ਪ੍ਰੀ ਬੁਕਿੰਗ ਕਰ ਰਹੇ ਹਨ। ਸਮਾਜ ਦਾ ਇਹ ਮਾੜਾ ਪੱਖ ਸਾਬਤ ਹੋ ਰਿਹਾ ਹੈ। ਜ਼ਿੰਦਗੀ ਦੇ ਇਹ ਨਵੇਂ ਮਾਡਲ ਸਾਡੇ ਸਮਾਜ ਲਈ ਘਾਤਕ ਸਿੱਧ ਹੋ ਰਹੇ ਹਨ।

ਰਿਸ਼ਤਿਆਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਨਹੀਂ ਫ਼ਿਰ ਅਸੀਂ ਉਜਾੜੇ ਦੀ ਉਸ ਦਹਿਲੀਜ਼ ਤੇ ਪਹੁੰਚ ਜਾਵਾਂਗੇ, ਜਿੱਥੋਂ ਅਸੀਂ ਵਾਪਸ ਨਹੀਂ ਮੁੜ ਸਕਾਂਗੇ। ਇਸ ਲਈ ਧੀਆਂ ਦੀ ਗਿਣਤੀ ਵਧਾਉਣ ਦੀ ਲੋੜ ਹੈ ਤਾਂ ਕਿ ਅੱਗੇ ਰਿਸ਼ਤਿਆਂ ਦੀ ਡੋਰ ਜੁੜ ਸਕੇ। ਮੋਬਾਈਲ ਨਾਲੋਂ ਬੱਚਿਆਂ ਨੂੰ ਤੋੜ ਕੇ ਆਂਢ ਗੁਆਂਢ ਨਾਲ ਜੋੜਨਾ ਤੇ ਬਜ਼ੁਰਗਾਂ ਨਾਲ ਸਾਂਝ ਪੈਦਾ ਕਰਨ ਦੀ ਲੋੜ ਹੈ। ਜੇਕਰ ਸਮਾਂ ਰਹਿੰਦੇ ਇਹ ਨਹੀਂ ਹੁੰਦਾ ਤਾਂ ਸਾਡੇ ਕੋਲ ਕੈਸ਼/ ਕੋਠੀਆਂ ਤਾਂ ਹੋਣਗੀਆਂ ਪਰ ਸਾਡੇ ਕੋਲ ਦੁੱਖ ਸੁੱਖ ਕਰਨ ਵਾਲਾ ਕੋਈ ਨਹੀਂ ਹੋਣਾ। ਮਾਨਸਿਕ ਰੋਗੀਆਂ ਦੀ ਗਿਣਤੀ ਵੱਡੀ ਪੱਧਰ 'ਤੇ ਹੋਣ ਕਰਕੇ ਇਹ ਹਸਪਤਾਲ ਹੀ ਵੱਧ ਖੁੱਲ੍ਹਣਗੇ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਰਿਸ਼ਤਿਆਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਖਤਮ ਹੋ ਰਹੇ ਰਿਸ਼ਤਿਆਂ ਦੀ ਸਾਰ ਲਈ ਜਾਵੇ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਾਈ ਨੰਦ ਲਾਲ ਗੋਯਾ

## (52 ਕਵੀਆਂ ਵਿਚੋਂ)

ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬੜੇ ਸ਼ਰਧਾਵਾਨ ਸ਼ਰਧਾਲੂ ਸਨ। ਉਹ ਪੰਜਾਬ ਖੇਤਰ ਵਿੱਚ ਸਤਾਰਵੀਂ ਸਦੀ ਦੇ ਇੱਕ ਪੰਜਾਬੀ, ਫ਼ਾਰਸੀ ਅਤੇ ਅਰਬੀ ਦੇ ਕਵੀ ਸਨ।ਉਹਨਾਂ ਆਪਣੇ ਪਿਤਾ ਪਾਸੋਂ ਇਹ ਭਾਸ਼ਾਵਾਂ ਸਿੱਖ ਲਈਆਂ ਸਨ।ਉਹਨਾਂ 12 ਸਾਲ ਦੀ ਉਮਰ ਵਿੱਚ ਗੋਯਾ ਤਖਲਸ ਹੇਠ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਹ ਗੁਰੂ ਸਾਹਿਬ ਜੀ ਦੀ ਸਿੱਖਿਆ ਅਤੇ ਸਿਧਾਂਤ ਦੇ ਖੋਜ਼ੀ ਸਨ।ਉਸ ਦੀ ਕਵਿਤਾ 'ਜੋਤ ਵਿਗਾਸ' ਪੰਜਾਬੀ ਵਿੱਚ ਹੈ ਤੇ ਪ੍ਰਵਾਨਿਤ ਸਿੱਖ ਸਿਧਾਂਤ ਦਾ ਹਿੱਸਾ ਹੈ ਅਤੇ ਸਿੱਖ ਧਾਰਮਿਕ ਦੀਵਾਨਾਂ ਵਿੱਚ ਸ਼ਾਸ਼ਤਰੀ ਬਾਣੀ ਨਾਲ ਸੁਣਾਈ ਜਾ ਸਕਦੀ ਹੈ।ਉਹਨਾਂ ਦੀ ਰਚਨਾ ਵਿੱਚ ਸੰਗੀਤਕ ਪੇਸ਼ਕਾਰੀ ਵੀ ਹੈ।ਬਾਕੀ ਦੀ ਕਵਿਤਾ ਫਾਰਸੀ ਵਿੱਚ ਹੈ।

ਗੋਯਾ ਦਾ ਜਨਮ 1633 ਈਸਵੀ ਵਿੱਚ ਅਫ਼ਗਾਨਿਸਤਾਨ ਦੇ ਗਜ਼ਨੀ ਕਸਬੇ ਵਿੱਚ ਖੱਤਰੀ ਪ੍ਰਵਾਰ ਵਿੱਚ ਹੋਇਆ। ਇਹਨਾਂ ਦਾ ਵਰਗ ਮੁਗਲ ਕਾਲ ਵਿੱਚ ਫ਼ਾਰਸੀ, ਜੋ ਕਿ ਸਰਕਾਰੀ ਭਾਸ਼ਾ ਸੀ, ਨੂੰ ਸਿੱਖਣ ਵਿੱਚ ਵਿਵਹਾਰਕ ਮੁਹਾਰਤ ਰੱਖਣ ਲਈ ਵੱਖਰਾ ਸੀ। ਉਹਨਾਂ ਦੇ ਪਿਤਾ ਛੱਜੂ ਮੱਲ ਜੀ ਗਜ਼ਨੀ ਦੇ ਨਵਾਬ ਕੋਲ ਮੀਰ ਮੁਨਸ਼ੀ ਸਨ। ਨਵਾਬ ਉਨ੍ਹਾਂ 'ਤੇ ਬੜਾ ਵਿਸ਼ਵਾਸ ਕਰਦਾ ਸੀ। ਇਸ ਲਈ ਕਈ ਮਹੱਤਵਪੂਰਨ ਮਹਿਕਮੇ ਜਿਵੇਂ ਲੋਕ ਸੇਵਾ, ਰਾਜ ਸੇਵਾ, ਸੈਨਾ, ਆਬਕਾਰੀ ਆਦਿ ਮਿਲੇ ਹੋਏ ਸਨ। ਉਸ ਦੀ 50 ਸਾਲ ਦੀ ਉਮਰ ਤੱਕ ਕੋਈ ਔਲਾਦ ਨਹੀਂ ਸੀ ਕਿਉਂਕਿ ਹਰ ਬੱਚਾ 2-3 ਸਾਲ ਦੀ ਉਮਰ ਵਿੱਚ ਮਰ ਜਾਂਦਾ ਸੀ। ਤਦ 51 ਸਾਲ ਦੀ ਉਮਰ ਵਿੱਚ ਪੁੱਤਰ ਨੰਦ ਲਲ ਪੈਦਾ ਹੋਇਆ ਪਰ ਕੋਈ ਖੁਸ਼ੀ ਦੀ ਰਸਮ ਨਾ ਕੀਤੀ ਗਈ ਕਿਉਂਕਿ ਪੁੱਤਰ ਦੇ ਬੱਚਣ ਦੀ ਕੋਈ ਉਮੀਦ ਨਹੀਂ ਸੀ।

ਜਦੋਂ ਨੰਦ ਲਾਲ 6 ਸਾਲ ਹੋਇਆ ਤਾਂ ਮੌਲਵੀ ਕੋਲੋਂ ਫਾਰਸੀ ਪੜਨੀ ਸ਼ੁਰੂ ਕੀਤੀ, ਜੋ ਸਰਕਾਰੀ ਭਾਸ਼ਾ ਸੀ। ਉਸ ਨੇ ਅਰਬੀ ਵੀ ਸਿੱਖ ਲਈ, ਉਹ ਬਚਪਣ ਤੋਂ ਹੀ ਇੱਕ ਹੁਸ਼ਿਆਰ ਚਿੰਤਕ ਸੀ। ਦੀਵਾਨ ਛੱਜੂ ਰਾਮ ਬੈਰਾਗੀ ਮੱਤ ਦੇ ਬਾਨੀ ਗੋਸੈਨ ਰਾਮਾਨੰਦ ਦੇ ਸ਼ਰਧਾਲੂ ਸੀ।ਜਦੋਂ ਨੰਦ ਲਾਲ 12 ਸਾਲ ਦਾ ਹੋਇਆ ਤਾਂ ਪਿਤਾ ਨੇ ਕੈਂਠੀ ਦੀ ਰਸਮ ਅਦਾ ਕਰਨ ਲਈ ਆਪਣੇ ਗੁਰੂ ਨੂੰ ਬੁਲਾਇਆ ਅਤੇ ਭੰਡਾਰਾ ਚਲਾਇਆ। ਗੁਰੂ ਜੀ ਨੇ ਕੈਂਠੀ ਦੀ ਰਸਮ ਲਈ ਨੰਦ ਲਾਲ ਨੂੰ ਕੈਂਠੀ ਪਾਉਣ ਲਈ ਕਿਹਾ। ਨੰਦ ਲਾਲ ਨੇ ਨਾਂਹ ਕਰ ਦਿੱਤੀ ਕਿ ਇਹ ਤਾਂ ਲਕੜੀ ਉਤੇ ਵਲੇਟੇ ਧਾਗੇ ਦੀ ਬਣੀ ਹੈ ਕਦੇ ਵੀ ਟੁੱਟ ਸਕਦੀ ਹੈ। ਮੈਨੂੰ ਤਾਂ ਰੱਬ ਦੇ ਨਾਮ ਦੀ ਮਾਲਾ ਚਾਹੀਦੀ ਹੈ, ਜੋ ਮੇਰੇ ਨਾਲ ਨਿਭੇ। ਪਿਤਾ ਬੜੇ ਨਾਰਾਜ਼ ਹੋਏ ਤੇ ਮੁੜ ਵਿਚਾਰ ਕਰਨ ਲਈ ਕਿਹਾ।

ਤਿੰਨ ਦਿਨਾਂ ਬਾਅਦ ਫਿਰ ਪਿਤਾ ਗੁਰੂ ਕੋਲ ਗਿਆ ਕਿ ਮੇਰੇ ਪੁੱਤਰ ਨੂੰ ਕੈਂਠੀ ਪਾਓ। ਗੁਰੂ ਨੇ ਕਿਹਾ ਕਿ ਨੰਦ ਲਾਲ ਨੂੰ ਆਜ਼ਾਦ ਰਹਿਣ ਦਿਓ। ਪਿਤਾ ਨੇ ਇਹ ਕੈਂਠੀ ਪਾਉਣ ਦਾ ਖ਼ਿਆਲ ਹਮੇਸ਼ਾ ਲਈ ਛੱਡ ਦਿੱਤਾ। ਨੰਦ ਲਾਲ ਹੁਣ ਤੱਕ ਇੱਕ ਵਿਦਵਾਨ ਬਣ ਚੁੱਕਾ ਸੀ। ਉਸ ਦੀ ਕਵਿਤਾ ਦੀ ਮਹਿਕ ਦੂਰ ਦੂਰ ਤੱਕ ਫੈਲ ਗਈ। ਉਸ ਦੇ ਚਰਚੇ ਹੋਣ ਲੱਗੇ। ਜਦੋਂ ਉਹ 17 ਸਾਲ ਦਾ ਸੀ, ਮਾਤਾ ਦਾ ਦੇਹਾਂਤ ਹੋ ਗਿਆ। ਫਿਰ ਜਦ 19 ਸਾਲ ਦਾ ਹੋਇਆ ਤਾਂ ਪਿਤਾ ਦਾ ਵੀ ਦੇਹਾਂਤ ਹੋ ਗਿਆ।

ਆਪਣੇ ਪਿਤਾ ਦੀਆਂ ਅੰਤਮ ਰਸਮਾਂ ਨਿਭਾਉਣ ਤੋਂ ਬਾਅਦ ਉਹ ਨਵਾਬ ਕੋਲ ਗਿਆ ਕਿ ਮੈਨੂੰ ਮੇਰੇ ਪਿਤਾ ਦੀ ਨੌਕਰੀ 'ਤੇ ਰੱਖ ਲਓ। ਨਵਾਬ ਨੇ ਕਿਹਾ ਕਿ ਤੇਰੇ ਪਿਤਾ ਕੋਲ ਤਜਰਬਾ ਸੀ, ਤੇਰੇ ਕੋਲ ਅਜੇ ਉਹ ਤਜਰਬਾ ਨਹੀਂ ਹੈ। ਇਸ ਲਈ ਤੂੰ ਹੇਠਲੇ ਦਰਜੇ ਦੀ ਨੌਕਰੀ ਕਰ ਲੈ। ਨੰਦ ਲਾਲ ਨੇ ਨੌਕਰੀ ਤੋਂ ਨਾਂਹ ਕਰ ਦਿੱਤੀ। ਉਸ ਨੇ ਗਜ਼ਨੀ ਨੂੰ ਛੱਡਣ ਦਾ ਇਰਾਦਾ ਬਣਾ ਲਿਆ। ਦੀਵਾਨ ਛੱਜੂ ਰਾਮ ਨੇ ਆਪਣੀ ਜਾਇਦਾਦ ਬਣਾਈ ਹੋਈ ਸੀ। ਗੋਯਾ ਨੇ ਸਾਰੀ ਜਾਇਦਾਦ ਦਾ ਮੁੱਲ ਵੱਟ ਲਿਆ। ਉਸ ਨੇ ਦੋ ਨੌਕਰ ਰੱਖ ਲਏ। ਤਦ ਪਠਾਣਾ ਦਾ ਇੱਕ ਕਾਫ਼ਲਾ ਵੀ ਮੁਲਤਾਨ ਛੱਡਣ ਦੀ ਤਿਆਰੀ ਕਰ ਰਿਹਾ ਸੀ। ਉਸ ਦਾ ਪਿਤਾ ਗੋਯਾ ਦੇ ਪਿਤਾ ਦਾ ਦੋਸਤ ਸੀ। ਉਸ ਨੇ ਕਿਹਾ ਕਿ ਉਹ ਤੈਨੂੰ ਆਪਣੇ ਨਾਲ ਮੁਲਤਾਨ ਲੈ ਜਾਵੇਗਾ।

ਇੱਕ ਮਹੀਨੇ ਬਾਅਦ ਕਾਫ਼ਲਾ ਤੁਰਨ ਲਈ ਤਿਆਰ ਸੀ। ਮੁਲਤਾਨ ਜਾਣ ਲਈ ਗੋਯਾ ਨੇ ਦੋ ਖੱਚਰਾਂ ਲੈ ਲਈਆਂ। ਇੱਕ 'ਤੇ ਆਪਣਾ ਸਮਾਨ ਅਤੇ ਦੂਸਰੀ 'ਤੇ ਨੌਕਰਾਂ ਦਾ ਸਮਾਨ ਲੱਦ ਲਿਆ। ਯਾਤਰਾ ਤੋਂ ਬਾਅਦ ਗੋਯਾ ਮੁਲਤਾਨ ਪਹੁੰਚ ਗਿਆ। ਉਹ ਮੁਲਤਾਨ ਕਸਬੇ ਵਿੱਚ ਆਪਣੇ ਨੌਕਰਾਂ ਸਮੇਤ ਰਹਿਣ ਲੱਗਾ ਪਰ ਕਸਬਾ ਸੰਘਣੀ ਆਬਾਦੀ ਦਾ ਸੀ। ਉਸ ਨੂੰ ਜਗ੍ਹਾ ਪਸੰਦ ਨਲ ਆਈ। ਇੱਕ ਦਿਨ ਉਹ ਘੁੰਮਣ ਲਈ ਨਿਕਲਿਆ ਤਾਂ ਦਿੱਲੀ ਗੇਟ ਦੇ ਇਲਾਕੇ ਵਿੱਚ ਪਹੁੰਚ ਗਿਆ। ਨੇੜੇ ਹੀ ਉਸ ਨੇ ਖੂਹ ਵੇਖਿਆ ਉਥੇ 2-3 ਖੱਤਰੀਆਂ ਦੇ ਘਰ ਸਨ। ਉਹ ਉਹਨਾਂ ਨੂੰ ਮਿਲਿਆ। ਉਥੇ ਰਹਿਣ ਦਾ ਮਨ ਬਣਾ ਲਿਆ। ਉਸ ਨੇ ਕੁਝ ਜ਼ਮੀਨ ਖਰੀਦ ਕੇ ਆਪਣੇ ਰਹਿਣ ਲਈ ਇੱਕ ਸੁੰਦਰ ਮਕਾਨ ਬਣਾ ਲਿਆ। ਉਸ ਨੇ ਹੋਰ ਲੋਕਾਂ ਨੂੰ ਵੀ ਉਥੇ ਆ ਕੇ ਵੱਸਣ ਲਈ ਪ੍ਰੇਰਿਆ। ਲੋੜਵੰਦਾਂ ਨੂੰ ਮਕਾਨ ਬਣਾਉਣ ਲਈ ਕਰਜ਼ਾ ਵੀ ਦਿੱਤਾ। ਇਸ ਤਰਾਂ ਕਈ ਹਿੰਦੂ ਅਤੇ ਮੁਸਲਮਾਨਾਂ ਨੇ ਉਥੇ ਘਰ ਬਣਾ ਲਏ। ਜਦੋਂ ਆਬਾਦੀ ਵੱਧ ਗਈ ਤਾਂ ਜਗ੍ਹਾ ਦਾ ਨਾਓਂ ਉਸ ਨੇ ਆਗਾਪੁਰ ਰੱਖ ਦਿੱਤਾ। ਉਸ ਦੇ ਨੌਕਰ ਉਸ ਨੂੰ ਆਗਾ ਬੁਲਾਉਂਦੇ ਸਨ।

ਉਥੇ ਦਾ ਇੱਕ ਖੱਤਰੀ ਵੇਖ ਰਿਹਾ ਸੀ ਕਿ ਇਹ ਨੌਜਵਾਨ ਚੰਗਾ ਹੈ, ਪੜਿਆ ਲਿਖਿਆ ਹੈ, ਪੈਸੇ ਵਾਲਾ ਵੀ ਹੈ। ਉਸ ਨੇ ਆਪਣੀ ਧੀ ਦਾ ਵਿਆਹ ਗੋਯਾ ਨਾਲ ਕਰ ਦਿੱਤਾ। ਉਸ ਦੀ ਘਰਵਾਲੀ ਚੰਗੀ ਘਰੇਲੂ ਸੁਆਣੀ ਸੀ।

ਆਪਣੀ 21 ਸਾਲ ਦੀ ਉਮਰ ਤੱਕ ਗੋਯਾ ਕਿਸੇ ਧਰਮ ਦਾ ਸ਼ਰਧਾਲੂ ਨਹੀਂ ਸੀ ਪਰ ਉਸ ਦੀ ਘਰ ਵਾਲੀ ਗੁਰੂ ਨਾਨਕ ਦੀ ਬਾਣੀ ਵਿੱਚ ਵਿਸ਼ਵਾਸ ਰੱਖਣ ਵਾਲੇ ਪ੍ਰਵਾਰ ਵਿਚੋਂ ਸੀ। ਉਹ ਸਾਰੇ ਗੁਰਬਾਣੀ ਗਾਉਂਦੇ ਸਨ। ਨੇੜੇ ਹੀ ਬੇਦੀ ਸਿੱਖਾਂ ਦਾ ਗੁਰਦੁਆਰਾ ਸੀ। ਜਿਸਦਾ ਨਾਉਂ ਬਾਅਦ ਵਿੱਚ ਧਰਮਸ਼ਾਲਾ ਬਾਵਾ ਕਾਹਨਪੱਤ ਹੋ ਗਿਆ। ਉਹ ਵੀ ਪ੍ਰਵਾਰ ਨਾਲ ਗੁਰਦੁਆਰੇ ਜਾਣ ਲੱਗੇ। ਗੁਰਮੁੱਖੀ ਵੀ ਸਿੱਖ ਲਈ ਤੇ ਬਹੁਤ ਸਾਰੀ ਗੁਰਬਾਣੀ ਹਿਰਦੇ ਵਿੱਚ ਵਸਾ ਲਈ।



ਉਹ ਉਸ ਸਮੇਂ ਸਾਹਿਤ ਨਾਲ ਜੁੜ ਗਿਆ ਤੇ ਫਾਰਸੀ ਵਿੱਚ ਪੁਸਤਕਾਂ ਲਿਖੀਆਂ। ਬਹੁਤ ਸਾਰੇ ਲੋਕਾਂ ਨੇ ਉਸ ਦੀਆਂ ਪੁਸਤਕਾਂ ਪੜ ਕੇ ਗਿਆਨ ਪ੍ਰਾਪਤ ਕੀਤਾ। ਉਸ ਦੀਆਂ ਪੁਸਤਕਾਂ ਮਸ਼ਹੂਰ ਹੋ ਗਈਆਂ ਤੇ ਲੋਕ ਉਸ ਕੋਲ ਫਾਰਸੀ ਸਿੱਖਣ ਆਉਣ ਲੱਗੇ। ਉਸ ਦੇ ਬਾਅਦ ਵੀ ਉਸ ਦੇ ਉਤਰਾਧਿਕਾਰੀਆਂ ਨੇ ਫਾਰਸੀ ਪੜਾਉਣੀ ਜਾਰੀ ਰਖੀ। ਹਿੰਦੂਆਂ ਨੇ ਵੀ ਸਿੱਖਿਆ ਪ੍ਰਾਪਤ ਕੀਤੀ। ਜਿਥੇ ਉਹ ਪੜਾਇਆ ਕਰਦੇ ਸਨ ਲੋਕ ਉਸ ਜਗਾ 'ਤੇ ਸਿਰ ਝੁਕਾਉਂਦੇ ਸਨ।

ਉਹਨਾਂ ਦਿਨਾਂ ਵਿੱਚ ਮੁਲਤਾਨ ਕਾਬਲ ਦਾ ਹਿੱਸਾ ਸੀ ਤੇ ਇੱਕ ਰਾਜਪਾਲ ਨਿਯੁਕਤ ਸੀ। ਜਦੋਂ ਰਾਜਪਾਲ ਨੇ ਗੋਯਾ ਬਾਰੇ ਸੁਣਿਆ ਤੇ ਉਸ ਨੂੰ ਬੁਲਾਇਆ ਅਤੇ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਜਿਵੇਂ ਕਿ ਗੋਯਾ ਇੱਕ ਸਿਖਿਅਤ ਦਾਰਸ਼ਨਿਕ ਸੀ ਤਾਂ ਰਾਜਪਾਲ ਉਸਦੇ ਕੰਮ ਤੋਂ ਬਹੁਤ ਖੁਸ਼ ਸੀ। ਉਹ ਗੋਯਾ ਦਾ ਬੜਾ ਸਤਿਕਾਰ ਕਰਦਾ ਸੀ। ਇਹ ਵੇਖ ਕੇ ਦੂਸਰੇ ਅਹਿਲਕਾਰ ਗੋਯਾ ਨਾਲ ਈਰਖਾ ਕਰਨ ਲੱਗੇ। ਉਸ ਬਾਰੇ ਝੂਠੀਆਂ ਸ਼ਿਕਾਇਤਾਂ ਕਰਨ ਲੱਗੇ ਤਾਂ ਗੋਯਾ ਨੇ 6 ਕੁ ਸਾਲ ਦੀ ਨੌਕਰੀ ਛੱਡ ਦਿੱਤੀ।

40 ਸਾਲ ਦੀ ਉਮਰ ਵਿੱਚ ਉਸ ਦੇ ਘਰ ਪੁੱਤਰ ਪੈਦਾ ਹੋਇਆ। ਜਿਸ ਦਾ ਨਾਉਂ ਲੱਖਪੱਤ ਰਾਏ ਰੁਖਿਆ। ਦੋ ਸਾਲ ਬਾਅਦ ਦੂਸਰਾ ਪੁੱਤਰ ਜਨਮਿਆ, ਉਸ ਦਾ ਨਾਉਂ ਲੀਲਾ ਰਾਮ ਰੱਖਿਆ। ਜਦੋਂ ਵੱਡਾ ਪੁੱਤਰ 5 ਸਾਲ ਅਤੇ ਛੋਟਾ ਤਿੰਨ ਸਾਲ ਦਾ ਹੋਇਆ ਤਾਂ ਉਸ ਨੇ ਆਪਣੇ ਪ੍ਰਵਾਰ ਨੂੰ ਆਪਣੇ ਸਹੁਰੇ ਭੇਜ ਦਿੱਤਾ। ਉਹਨਾਂ ਨੂੰ ਕਾਫੀ ਜਾਇਦਾਦ ਦੇ ਕੇ ਆਪਣਾ ਮੁਲਤਾਨ ਛੱਡ ਦਿੱਤਾ। ਇੱਕ ਨੌਕਰ ਆਪਣੇ ਪ੍ਰਵਾਰ ਨੂੰ ਦੇ ਆਇਆ, ਇੱਕ ਨਾਲ ਰੱਖ ਲਿਆ। ਉਹ ਲਾਹੌਰ ਪਹੁੰਚ ਗਿਆ, ਕੁਝ ਦਿਨ ਉਥੇ ਰਿਹਾ। ਅੰਮ੍ਰਿਤਸਰ ਅਤੇ ਕੁਝ ਹੋਰ ਸ਼ਹਿਰਾਂ ਵਿਚੋਂ ਹੁੰਦਾ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਆਗਰਾ ਚਲਾ ਗਿਆ।

ਉਹਨਾਂ ਦਿਨਾਂ ਵਿੱਚ ਔਰੰਗਜੇਬ ਦਾ ਵੱਡਾ ਪੁੱਤਰ ਬਹਾਦਰ ਸ਼ਾਹ ਆਗਰਾ ਦਾ ਰਾਜਪਾਲ ਸੀ। ਗੋਯਾ ਨੇ ਬਾਦਸ਼ਾਹ ਦੀ ਸਿਫ਼ਤ ਵਿੱਚ ਇੱਕ ਲੰਬੀ ਕਵਿਤਾ ਦਰਬਾਰ ਵਿੱਚ ਸੁਣਾਈ। ਬਹਾਦਰ ਸ਼ਾਹ ਸ਼ਹਿਜਾਦਾ ਬਹੁਤ ਪ੍ਰਸੰਨ ਹੋਇਆ। ਉਸ ਨੇ ਗੋਯਾ ਨੂੰ ਅਗਲੇ ਦਿਨ ਬੁਲਾ ਕੇ ਬੜੇ ਸਤਿਕਾਰ ਨਾਲ ਬਿਠਾਇਆ। ਸੰਖੇਪ ਗੱਲਬਾਤ ਕਰਨ ਤੋਂ ਬਾਅਦ ਸ਼ਹਿਜ਼ਾਦੇ ਨੇ ਗੋਯਾ ਨੂੰ ਮੀਰ ਮੁਨਸ਼ੀ ਨਿਯੁਕਤ ਕਰ ਲਿਆ।

ਉਸ ਨੇ ਬੜੀ ਮਿਹਨਤ ਅਤੇ ਲਗਨ ਨਾਲ ਆਪਣੀ ਜਿੰਮੇਵਾਰੀ ਨਿਭਾਈ ਕਿ ਉਸ ਦੇ ਕੰਮ ਦੇ ਚਰਚੇ ਦਿੱਲੀ ਤੱਕ ਹੋਣ ਲੱਗੇ। ਇੱਕ ਵਾਰ ਮੁਗਲ ਬਾਦਸ਼ਾਹ ਔਰੰਗਜੇਬ ਨੇ ਆਗਰਾ ਦਾ ਦੌਰਾ ਕੀਤਾ। ਸ਼ਾਹੀ ਦਰਬਾਰ ਸਜਿਆ ਬਹੁਤ ਸਾਰੇ ਪ੍ਰਚਾਰਕਾਂ ਨੇ ਆਪਣੇ ਵਿਚਾਰ ਰੱਖੇ। ਹਰ ਇੱਕ ਨੇ ਧਾਰਮਿਕ ਤੌਰ 'ਤੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਬਾਦਸ਼ਾਹ ਕੁਰਾਨ ਦੀ ਇੱਕ ਆਇਤ ਦੇ ਢੁੱਕਵੇਂ ਅਰਥ ਜਾਨਣਾ ਚਾਹੁੰਦਾ ਸੀ। ਉਸ ਨੇ ਬਹੁਤ ਸਾਰੇ ਵਿਦਵਾਨਾਂ ਨਾਲ ਮਸਵਰਾਂ ਕੀਤਾ, ਪਰ ਤਸੱਲੀ ਬਖਸ਼ ਜੁਆਬ ਨਾ ਮਿਲਿਆ। ਉਸ ਨੇ ਆਪਣੇ ਸ਼ਹਿਜਾਦੇ ਬਹਾਦਰ ਸ਼ਾਹ ਨੂੰ ਵੀ ਪੁਛਿਆ। ਬਹਾਦਰ ਸ਼ਾਹ ਨੇ ਕੁਝ ਸਮਾਂ ਮੰਗਿਆ, ਬਾਦਸ਼ਾਹ ਨੇ 8 ਦਿਨਾਂ ਦਾ ਸਮਾਂ ਦਿੱਤਾ।

ਬਹਾਦਰ ਸ਼ਾਹ ਨੇ ਆਇਤ 'ਤੇ ਖੋਜ ਕੀਤੀ ਪਰ ਸਫਲ ਨਾ ਹੋਇਆ। ਕਾਜੀ ਮੁੱਲਾਂ ਦੀ ਵੀ ਸਲਾਹ ਲਈ ਪਰ ਗੱਲ ਨਾ ਬਣੀ। ਉਸ ਨੇ ਗੋਯਾ ਨਾਲ ਗੱਲ ਕੀਤੀ। ਗੋਯਾ ਨੇ ਚੰਗੇ ਤਰੀਕੇ ਨਾਲ ਆਇਤ ਦੇ ਅਰਥ ਕਰ ਦਿੱਤੇ। ਬਹਾਦਰ ਸ਼ਾਹ ਦਰਬਾਰ ਹਾਜ਼ਰ ਹੋਇਆ। ਬਹੁਤ ਸਾਰੇ ਵਿਦਵਾਨ ਬੈਠੇ ਸਨ। ਬਹਾਦਰ ਸ਼ਾਹ ਨੇ ਅਰਥ ਦਸੇ। ਬਾਦਸ਼ਾਹ ਦੀ ਤਸੱਲੀ ਹੋ ਗਈ। ਬਾਦਸ਼ਾਹ ਨੇ ਪੁਛਿਆ ਕਿ ਇਹ ਅਰਥ ਤੇਰੇ ਕੀਤੇ ਹਨ ਤਾਂ ਬਹਾਦਰ ਸ਼ਾਹ ਨੇ ਕਿਹਾ ਕਿ ਇਸ ਦਾ ਸਿਹਰਾ ਗੋਯਾ ਮੀਰ ਮੁਨਸ਼ੀ ਨੂੰ ਜਾਂਦਾ ਹੈ। ਬਾਦਸ਼ਾਹ ਨੇ ਗੋਯਾ ਨੂੰ 500 ਰੁਪਏ ਦਾ ਇਨਾਮ ਦਿੱਤਾ ਪਰ ਨਾਲ ਹੀ ਆਪਣੇ ਪੁੱਤਰ ਨੂੰ ਕਿਹਾ ਕਿ ਇਹ ਵਿਦਵਾਨ ਹਿੰਦੂ ਧਰਮ ਵਿੱਚ ਨਹੀਂ ਰਹਿਣਾ ਚਾਹੀਦਾ। ਇਸ ਨੂੰ ਤੁਰੰਤ ਇਸਲਾਮ ਵਿੱਚ ਲਿਆਓ।

ਬਹਾਦਰ ਸ਼ਾਹ ਨੇ ਆਪਣੀ ਕੋਸ਼ਿਸ ਵਿੱਚ ਗੋਯਾ ਨੂੰ ਲਾਲਚ ਦੇਣ ਦੇ ਇਰਾਦੇ ਵਿੱਚ ਉਸਦੀ ਤਨਖਾਹ ਵਧਾ ਦਿੱਤੀ ਤੇ ਹੋਰ ਵੀ ਇੱਜਤ ਮਾਣ ਦੇਣ ਲੱਗਿਆ। ਕੁਝ ਦਿਨਾਂ ਵਿੱਚ ਭੇਦ ਖੁਲ੍ਹਿਆ ਕਿ ਬਾਦਸ਼ਾਹ ਤੈਨੂੰ ਤੁਰੰਤ ਇਸਲਾਮ ਵਿੱਚ ਲਿਆਉਣਾ ਚਾਹੁੰਦਾ ਹੈ। ਗੋਯਾ ਹੈਰਾਨ ਸੀ ਤੇ ਚੁੱਪ ਰਿਹਾ। ਫਿਰ ਕਿਹਾ ਕਿ ਕੁਝ ਦਿਨ ਦਾ ਸਮਾਂ ਚਾਹੀਦਾ ਹੈ।

ਪ੍ਰੇਸ਼ਾਨ ਹੋਏ ਗੋਯਾ ਨੇ ਇਹ ਗੱਲ ਕੋਤਵਾਲ ਗਿਆਸ ਓ ਦੀਨ ਨਾਲ ਸਾਂਝੀ ਕੀਤੀ ਕਿ ਉਹ ਇਸਲਾਮ ਕਬੂਲ ਨਹੀਂ ਕਰਨਾ ਚਾਹੁੰਦਾ। ਗਿਆਸ ਓ ਦੀਨ ਨੇ ਕਿਹਾ ਕਿ ਮੈਂ ਤੈਨੂੰ ਇਥੋਂ ਜਾਣ ਵਿੱਚ ਪੂਰੀ ਮਦਦ ਕਰਾਂਗਾ। ਆਪਾਂ ਦੋਵੇਂ ਇੱਥੋਂ ਨਿਕਲ ਜਾਵਾਂਗੇ। ਗੋਯਾ ਨੇ ਕਿਹਾ ਕਿ ਜੇ ਦੋਵੇਂ ਇਕੱਠੇ ਨਿਕਲੇ ਤਾਂ ਫੜੇ ਜਾਵਾਂਗੇ। ਮੈਂ ਪਹਿਲਾਂ ਨਿਕਲਦਾ ਹਾਂ ਤੂੰ ਕੁਝ ਦਿਨ ਬਾਅਦ ਮੇਰੀ ਮਦਦ ਲਈ ਆ ਜਾਂਵੀਂ ਆਪਾਂ ਲਾਹੌਰ ਵਿੱਚ ਮਿਲਾਂਗੇ ਪਰ ਤੂੰ ਛੁੱਟੀ ਲੈ ਕੇ ਆਵੀਂ।

ਇਸ ਤਰਾਂ ਗੋਯਾ ਇੱਕ ਰਾਤ ਬਚ ਨਿਕਲਿਆ। ਲਾਹੌਰ ਪਹੁੰਚ ਗਿਆ। ਇੱਕ ਸਰਾਂ ਵਿੱਚ ਠਹਿਰ ਗਿਆ। ਉਧਰ ਸ਼ਹਿਜ਼ਾਦੇ ਨੂੰ ਪਤਾ ਲੱਗਾ ਕਿ ਗੋਯਾ ਗਾਇਬ ਹੈ। ਉਸ ਨੇ ਗੋਯਾ ਦੀ ਤਲਾਸ਼ ਕੀਤੀ। ਕੁਝ ਦਿਨਾਂ ਬਾਅਦ ਗਿਆਸ ਓ ਦੀਨ ਵੀ ਇੱਕ ਮਹੀਨੇ ਦੀ ਛੁੱਟੀ ਲੈ ਕੇ ਲਾਹੌਰ ਗੋਯਾ ਨੂੰ ਜਾ ਮਿਲਿਆ। ਉਹ ਦੋਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ 29 ਮਾਰਚ 1682 ਵਿਸਾਖੀ ਵਾਲੇ ਦਿਨ ਆ ਗਏ। ਗੁਰੂ ਸਾਹਿਬ ਨੇ ਉਹਨਾਂ ਦੀ ਰਿਹਾਇਸ਼ ਦਾ ਚੰਗਾ ਪ੍ਰਬੰਧ ਕੀਤਾ ਅਤੇ ਉਹਨਾਂ ਨੂੰ ਸੰਗਤਾਂ ਅਤੇ ਦਰਬਾਰ ਦੀ ਸੇਵਾ ਵਿੱਚ ਜੁੱਟ ਜਾਣ ਲਈ ਕਿਹਾ। ਗਿਆਸ ਓ ਦੀਨ ਇੱਕ ਮਹੀਨਾ ਰਹਿ ਕੇ ਆਗਰਾ ਪਰਤ ਗਿਆ। ਗੋਯਾ ਸੇਵਾ ਕਰਨ ਦਾ ਆਦੀ ਹੋ ਗਿਆ ਅਤੇ ਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਲੱਗਾ।

ਨੰਦ ਲਾਲ ਗੋਯਾ ਨੇ ਗੁਰੂ ਸਾਹਿਬ ਜੀ ਨੂੰ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ 'ਬੰਦਗੀ ਨਾਮਾ' ਪੇਸ਼ ਕੀਤਾ। ਗੁਰੂ ਸਾਹਿਬ ਜੀ ਨੇ ਇਸ ਦਾ ਨਾਮ 'ਬੰਦਗੀਨਾਮਾ' ਤੋਂ ਬਦਲ ਕੇ 'ਜਿੰਦਗੀ ਨਾਮਾ' ਕਰਦਿਆਂ ਜਵਾਬ ਫਾਰਸੀ ਆਇਤ ਵਿੱਚ ਦਿੱਤਾ।

ਆਬ ਏ ਹੈਵਨਪੂਰ ਸੂਦ ਚੁਨ ਜਮ ਏਉ
ਜਿੰਦਗੀ ਨਾਮ ਸ਼ਦ ਬੰਦਗੀ ਨਾਮਾ ਉਂ

(ਜਦੋਂ ਉਸਦਾ ਗਮਲਾ ਜੀਵਨ ਦੇ ਪਾਣੀ ਨਾਲ ਭਰ ਗਿਆ ਤਾਂ ਉਸ ਦਾ ਬੰਦਗੀ ਨਾਮ ਜਿੰਦਗੀ ਨਾਮਾ ਬਣ ਗਿਆ) ਗੋਯਾ ਨੇ ਗੁਰੂ ਸਾਹਿਬ ਜੀ ਨਾਲ ਰਹੱਸਵਾਦੀ ਚਿੰਤਨ ਵਿੱਚ ਆਪਣੇ ਦਿਨ ਬਿਤਾਏ। ਕਵਿਤਾ ਦੀ ਰਚਨਾ ਕੀਤੀ। ਜਿਸ ਵਿੱਚ ਉਸਦਾ ਅਧਿਆਤਮਕ ਅਨੁਭਵ ਪ੍ਰਮੁੱਖ ਤੱਤ ਹੈ। ਇਸ ਸਮੇਂ ਦੀ ਉਸ ਦੀ ਫਾਰਸੀ ਕਵਿਤਾ ਸਿੱਖ ਪਰੰਪਰਾ ਵਿੱਚ ਬੜੇ ਸਤਿਕਾਰ ਨਾਲ ਗਾਈ ਜਾਂਦੀ ਹੈ। ਉਦੋਂ ਹੋਰ ਕਵੀਆਂ ਨੇ ਵੀ ਗੁਰਾਂ ਦੀ ਸੰਗਤ ਕੀਤੀ। ਜਿਨ੍ਹਾਂ ਨੇ ਬ੍ਰਿਜ ਭਾਸ਼ਾ ਵਿੱਚ ਲਿਖਿਆ , ਜਿਸ ਨੂੰ ਸ਼ਾਸਤਰੀ ਮਾਧਿਆਮ ਦਾ ਦਰਜ਼ਾ ਪ੍ਰਾਪਤ ਸੀ। ਨੰਦ ਲਾਲ ਗੁਰੂ ਸਾਹਿਬ ਦਾ ਫਾਰਸੀ ਕਵੀ ਵਜੋਂ ਉਭਰਿਆ। ਭਾਈ ਨੰਦ ਲਾਲ ਗੋਯਾ ਦੀਆਂ ਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

1. ਜਿੰਦਗੀ ਨਾਮਾ : ਇਸ ਦਾ ਵਿਸ਼ਵਾ ਪਰਮਾਤਮਾ ਨਾਲ ਪਿਆਰ ਅਤੇ ਗੁਰੂ ਪ੍ਰਤੀ ਸ਼ਰਧਾ ਹੈ। ਇਯ ਵਿੱਚ 519 ਛੰਦ ਹਨ॥

2. ਦੀਵਾਨ ਏ ਗੋਯਾ : ਇਏ 63 ਗ਼ਜ਼ਲਾਂ, 18 ਕਵਿਤਾਵਾਂ ਅਤੇ 126 ਬਾਤਾਂ ਦਾ ਸੰਗ੍ਰਹਿ ਹੈ।

3. ਤੌਸੀਫ ਓ ਸਾਨਾ : ਇਹ ਵਾਰਤਿਕ ਵਿੱਚ ਹੈ ਪਰ ਅੰਤ ਵਿੱਚ ਕੁਝ ਛੰਦ ਸ਼ਾਮਲ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤੱਤ ਵਿੱਚ ਹੈ। ਇਸ ਵਿੱਚ ਅਰਬੀ ਅਤੇ ਫ਼ਾਰਸੀ ਦੇ ਸ਼ਬਦ ਹਨ।

4. ਗੰਜ ਨਾਮਾ : ਇਹ ਸਾਰੇ ਦਸ ਗੁਰੂਆਂ 'ਤੇ ਵਿਅਕਤੀਗਤ ਤੌਰ ਤੇ ਵਿਅੰਗਮਈ ਹੈ। ਇਹ ਵਾਰਤਿਕ ਅਤੇ ਕਵਿਤਾ ਦੋਵਾਂ ਵਿੱਚ ਹੈ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਪਿਆਰ ਨਾਲ ਭਰਪੂਰ ਹੈ।

5. ਜੋਤ ਵਿਗਾਸ : ਇਹ ਹਿੰਦੀ ਵਿੱਚ ਹੈ, ਇਸ ਵਿੱਚ 43 ਦੋਹੇ ਹਨ। ਇਹ ਮੁੱਖ ਤੌਰ 'ਤੇ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਜੈਤਸਰੀ ਕੀ ਵਾਰ ਦੀ ਵਿਆਖਿਆ ਕਰਨ ਲਈ ਸਮਰਪਿਤ ਹੈ। ਖਾਸ ਤੌਰ ਤੇ ਦਸ ਗੁਰੂਆਂ ਦੇ ਕੇਵਲ ਇੱਕ ਆਤਮਾ ਅਤੇ ਇੱਕ ਪ੍ਰਕਾਸ਼ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸਖਸੀਅਤ ਦਾ ਪਿਆਰਾ ਪ੍ਰਗਟਾਵਾ ਹੈ। ਇਹ ਰਚਨਾ ਹਿੰਦੀ ਅਤੇ ਪੰਜਾਬੀ ਦੋਵਾਂ ਵਿੱਚ ਹੈ।

6. ਜੋਤ ਵਿਗਾਸ : ਇਹ ਫ਼ਾਰਸੀ ਵਿੱਚ ਹੈ। ਇਹ 179 ਫ਼ਾਰਸੀ ਦੇ ਦੋਹੇ ਵਿੱਚ 43 ਹਿੰਦੀ ਦੋਹੜਿਆਂ ਦੀ ਵਿਆਖਿਆ ਹੈ।

7. ਰਹਿਤਨਾਮਾ : ਇਹ ਪੰਜਾਬੀ ਵਿੱਚ ਦਸੰਬਰ 1695 ਵਿੱਚ ਆਨੰਦਪੁਰ ਵਿਖੇ ਲਿਖਿਆ ਗਿਆ ਸੀ। ਇਹ ਪੂਰਣ ਖ਼ਾਲਸਾ ਸਿੱਖਾਂ ਲਈ ਰਹਿਤ ਮਰਯਾਦਾ ਹੈ। ਖ਼ਾਲਸੇ ਦੇ ਆਚਰਣ ਨਿਯਮਾਂ ਬਾਰੇ ਸੰਵਾਦ ਹੈ।

8. ਤਨਖਾਹਨਾਮਾ : ਇਹ ਖ਼ਾਲਸੇ ਦੀ ਸਿਰਜਣਾ ਤੋਂ ਬਾਅਦ ਪੰਜਾਬੀ ਵਿੱਚ ਲਿਖਿਆ ਗਿਆ ਸੀ। ਇਸ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਉਹਨਾਂ ਦੇ ਖ਼ਾਲਸੇ ਦੇ ਅਨੇਕ ਹਵਾਲੇ ਦਿੱਤੇ ਗਏ ਹਨ। ਜੋ ਖ਼ਾਲਸੇ ਲਈ ਅਨੁਸਾਸਨ ਦੀ ਇੱਕ ਨਿਯਮਾਂਵਲੀ ਵਜੋਂ ਕੰਮ ਕਰਦਾ ਹੈ।

9. ਦਸਤੂਰ ਉਲ ਇੰਸ਼ਾਂ : ਇਹ ਉਸਦੇ ਦੋਸਤਾਂ, ਰਿਸ਼ਤੇਦਾਰਾਂ ਨੂੰ ਫ਼ਾਰਸੀ ਵਾਰਤਿਕ ਚਿੱਠੀਆਂ ਦਾ ਸੰਗ੍ਰਹਿ ਹੈ। ਉਹ ਪੱਤਰ ਲਿਖਣ ਦੇ ਨਮੂਨੇ ਵਜੋਂ ਕੰਮ ਕਰਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਦੀਆਂ ਰਾਜਨੀਤਿਕ ਸਮਾਜਿਕ ਅਤੇ ਆਰਥਿਕ ਸਥਿਤੀਆਂ ਬਾਰੇ ਕੀਮਤੀ ਇਤਿਹਾਸਿਕ ਜਾਣਕਾਰੀ ਹੈ।

10. ਅਰਜ ਉਲ ਐਫ਼ਜ਼ : ਇਹ ਫ਼ਾਰਸੀ ਕਵਿਤਾ ਵਿੱਚ ਹੈ। ਇਸ ਵਿੱਚ ਪਰਮਾਤਮਾ ਅਤੇ ਸਿੱਖ ਗੁਰੂਆਂ ਦੀ ਉਸਤੱਤ ਅਤੇ ਕਈ ਧਾਰਮਿਕ ਫਲਸਫੇ ਸ਼ਾਮਲ ਹਨ। ਉਹ ਸਿੱਖ ਸਿਧਾਂਤਾਂ ਦੀ ਆਪਣੀ ਵਿਆਖਿਆ ਦਸਦਾ ਹੈ। ਗੋਯਾ ਦੀ ਕੋਮਲ ਕਵਿਤਾ ਪ੍ਰੇਰਨਾਦਾਇਕ ਹੈ। ਸ਼ਪਸ਼ਟ ਬਿਆਨਬਾਜੀ ਹੈ। ਇਸ ਦੀ ਕਲਪਨਾ ਦਿਲ ਨੂੰ ਲੱਗਦੀ ਹੈ। ਉਸ ਦੀ ਰਚਨਾ ਵਿੱਚ ਤਿੱਖੀ ਬੁੱਧੀ ਅਤੇ ਡੂੰਘੇ ਵਿਚਾਰ ਦਿਖਾਈ ਦਿੰਦੇ ਹਨ। ਗੁਰੂ ਵਾਸਤੇ ਪੂਰਨ ਸਮਰਪਣ ਹੈ।

ਗੋਯਾ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਏਨਾ ਮਗਨ ਹੋ ਗਿਆ ਕਿ ਉਸ ਨੇ ਮੁੜ ਕੇ ਆਪਣਾ ਪ੍ਰਵਾਰ ਤੱਕ ਵੀ ਨਾ ਵੇਖਿਆ। ਗੁਰੂ ਸਾਹਿਬ ਨੇ ਕਿਹਾ ਕਿ ਤੇਰੇ ਪ੍ਰਵਾਰ ਦੀ ਮਦਦ ਲਈ ਸਿੱਖਾਂ ਨੂੰ ਕਹਿ ਦਿੰਦੇ ਹਾਂ। ਗੋਯਾ ਨੇ ਕਿਹਾ ਕਿ ਅਸੀਂ ਨੌਕਰੀਪੇਸ਼ਾ ਹਾਂ, ਕਮਾ ਲੈਂਦੇ ਹਾਂ। ਸਾਨੂੰ ਸਿਰਫ਼ ਆਪ ਜੀ ਦੀ ਮਿਹਰ ਚਾਹੀਦੀ ਹੈ। ਆਨੰਦਪੁਰ ਵਿਖੇ ਚਲਦੇ ਲੰਗਰਾਂ ਵਿੱਚ ਗੋਯਾ ਨੇ ਇੱਕ ਮਿਸਾਲੀ ਸੇਵਾ ਨਿਭਾਈ।

ਗੋਯਾ ਦਸੰਬਰ 1704 ਤਕ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਸੀ। ਸਰਸਾ ਨਦੀ ਦੀ ਜੰਗ ਵਿੱਚ ਗੁਰੂ ਸਾਹਿਬ ਦਾ ਪ੍ਰਵਾਰ ਉਹਨਾਂ ਤੋਂ ਵੱਖ ਹੋ ਗਿਆ।

(ਬਾਕੀ ਸਫ਼ਾ 31 'ਤੇ)




# ਸਕੂਲ ਵਰਦੀ ਦਾ ਵਿਦਿਆਰਥੀ ਜੀਵਨ ਵਿੱਚ ਅਹਿਮ ਰੋਲ

ਸਕੂਲ ਵਿੱਦਿਆ ਦਾ ਮੰਦਰ ਹੈ, ਜਿੱਥੇ ਗਿਆਨ ਦਾ ਪਸਾਰ ਹੁੰਦਾ ਹੈ ਤੇ ਬੱਚੇ ਦੇ ਸਰਬਪੱਖੀ ਗੁਣਾਂ ਨੂੰ ਵਿਕਸਤ ਕੀਤਾ ਜਾਂਦਾ ਹੈ। ਇਸ ਗਿਆਨਰੂਪੀ ਪਸਾਰੇ ਨਾਲ ਬੱਚੇ 'ਚ ਚੰਗੇ ਗੁਣ ਉਜਾਗਰ ਹੁੰਦੇ ਹਨ। ਇਨ੍ਹਾਂ ਚੰਗੇ ਗੁਣਾਂ ਦੀ ਬਦੌਲਤ ਹੀ ਬੱਚੇ ਆਪਣੇ ਜੀਵਨ ਨੂੰ ਖ਼ੁਸ਼ਹਾਲ ਬਣਾਉਂਦੇ ਹਨ ਤੇ ਤਰੱਕੀ ਕਰਦੇ ਹਨ। ਹਰ ਸੰਸਥਾ ਦੀ ਨਿਯਮਾਂਵਲੀ ਹੁੰਦੀ ਹੈ, ਜਿਸ ਵਿੱਚ ਕੰਮ ਕਰਨ ਵਾਲੇ ਹਰ ਵਿਅਕਤੀ ਨੂੰ ਉਨ੍ਹਾਂ ਨੇਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਜਿਹੜੇ ਉਸ ਦੇ ਪ੍ਰਬੰਧਕਾਂ ਵੱਲੋਂ ਬਣਾਏ ਜਾਂਦੇ ਹਨ। ਸਕੂਲ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਸਕੂਲ ਨਿਯਮਾਂ ਦੀ ਪਾਲਣਾ ਵੀ ਲਾਜ਼ਮੀ ਤੌਰ 'ਤੇ ਕਰਨੀ ਪੈਂਦੀ ਹੈ। ਉਨ੍ਹਾਂ 'ਚੋਂ ਇੱਕ ਹੈ ਸਕੂਲ ਵਰਦੀ, ਜਿਹੜੀ ਸਕੂਲ 'ਚ ਪੜ੍ਹ ਰਹੇ ਬੱਚਿਆਂ ਨੂੰ ਪਹਿਨਣੀ ਜ਼ਰੂਰੀ ਹੁੰਦੀ ਹੈ, ਜਿਸ ਨਾਲ ਹਰ ਸੰਸਥਾ ਦੀ ਵੱਖਰੀ ਪਛਾਣ ਬਣਦੀ ਹੈ।

### ਸਕੂਲ ਵਰਦੀ ਦਾ ਅਰਥ

ਸਕੂਲ ਵਰਦੀ ਦਾ ਅਰਥ ਹੈ ਉਹ ਖ਼ਾਸ ਕੱਪੜੇ, ਜੋ ਵਿਦਿਆਰਥੀਆਂ ਵੱਲੋਂ ਸਕੂਲ 'ਚ ਪਹਿਨੇ ਜਾਂਦੇ ਹਨ। ਸਕੂਲ ਵਰਦੀ ਸਕੂਲ ਦੇ ਨਿਯਮਾਂ ਅਨੁਸਾਰ ਤਿਆਰ ਕੀਤੀ ਜਾਂਦੀ ਹੈ। ਇਹ ਵਰਦੀ ਵਿਦਿਆਰਥੀਆਂ ਦੀ ਪਛਾਣ, ਸਕੂਲ ਦੀ ਵਿਸ਼ੇਸ਼ਤਾ, ਏਕਤਾ ਤੇ ਅਨੁਸ਼ਾਸਨ ਨੂੰ ਦਰਸਾਉਂਦੀ ਹੈ। ਵਰਦੀ ਵਿੱਚ ਅਕਸਰ ਸਕੂਲ ਦੇ ਲੋਗੋ ਤੇ ਰੰਗ ਸ਼ਾਮਿਲ ਹੁੰਦੇ ਹਨ। ਇਸ ਨੂੰ ਪਹਿਨ ਕੇ ਬੱਚਾ ਖ਼ੁਦ ਨੂੰ ਉਸ ਸਕੂਲ ਦਾ ਵਿਦਿਆਰਥੀ ਸਮਝਦਾ ਹੈ, ਜਿੱਥੇ ਉਸ ਨੇ ਪੜ੍ਹਨ ਜਾਣਾ ਹੁੰਦਾ ਹੈ।

### ਵੱਖਰੀ ਪਛਾਣ

ਹਰ ਸਕੂਲ ਦੀ ਵੱਖੋ-ਵੱਖਰੀ ਵਰਦੀ ਹੁੰਦੀ ਹੈ, ਜਿਸ ਨਾਲ ਸਕੂਲ ਦੀ ਪਛਾਣ ਬਣਦੀ ਹੈ। ਹਰ ਸਕੂਲ ਵਿੱਚ ਵਰਦੀ ਦਾ ਇਕ ਹੀ ਰੰਗ ਹੁੰਦਾ ਹੈ। ਇਸ ਨੂੰ ਪਹਿਨ ਕੇ ਬੱਚੇ ਇੱਕੋ ਜਿਹੇ ਲੱਗਦੇ ਹਨ। ਵਰਦੀ ਦੇ ਨਾਲ-ਨਾਲ ਜਦੋਂ ਬੱਚੇ ਟਾਈ-ਬੈਲਟ ਅਤੇ ਆਈ ਕਾਰਡ ਪਹਿਨਦੇ ਹਨ ਤਾਂ ਇਸ ਨਾਲ ਸਕੂਲ ਪਛਾਣ ਦੀ ਪੱਧਰਤਾ ਹੋਰ ਵੀ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀ ਜਦੋਂ ਇਕੱਠ ਦੇ ਰੂਪ 'ਚ ਵਿਚਰਦੇ ਹਨ ਤਾਂ ਉਹ ਆਪਣੇ ਸਕੂਲ ਦੀ ਪ੍ਰਤੀਨਿਧਤਾ ਕਰਦੇ ਹਨ। ਸਕੂਲ ਤੋਂ ਬਾਹਰਲੇ ਲੋਕਾਂ 'ਚ ਇਹ ਆਪਣੀ ਸੰਸਥਾ ਦੀ ਵਧੇਰੇ ਪਛਾਣ ਬਣਾਉਂਦੀ ਹੈ।

### ਸਾਂਝੀ ਪਛਾਣ

ਸਭ ਤੋਂ ਪਹਿਲੀ ਗੱਲ ਸਕੂਲ ਵਰਦੀ ਵਿਦਿਆਰਥੀਆਂ ਨੂੰ ਏਕਤਾ ਦੀ ਲੜੀ 'ਚ ਪਰਾਉਂਦੀ ਹੈ। ਉਹ ਕਿਸੇ ਕਿਸਮ ਦੇ ਆਰਥਿਕ ਜਾਂ ਸਮਾਜਿਕ ਫ਼ਰਕ ਤੋਂ ਮੁਕਤ ਰਹਿੰਦੇ ਹਨ। ਕਿਸੇ ਵੀ ਵਿਦਿਆਰਥੀ ਦਾ ਮਹਿੰਗੇ ਜਾਂ ਰੰਗ-ਬਰੰਗੇ ਕੱਪੜੇ ਨੂੰ ਪਹਿਨਣ ਦਾ ਮਨ ਨਹੀਂ ਕਰਦਾ। ਉਹ ਖ਼ੁਦ ਨੂੰ ਇੱਕ ਜਥੇਬੰਦੀ ਦਾ ਹਿੱਸਾ ਮੰਨਦੇ ਹਨ ਤੇ ਸਾਥੀ ਵਾਤਾਵਰਣ ਸਿਰਜਦੇ ਹਨ।

### ਪੜ੍ਹਾਈ 'ਚ ਸੌਖ

ਸਕੂਲ ਵਰਦੀ ਬੜੀ ਆਰਾਮਦਾਇਕ ਹੁੰਦੀ ਹੈ। ਵਿਦਿਆਰਥੀਆਂ ਨੂੰ ਪੜ੍ਹਨ ਸਮੇਂ ਸੌਖ ਮਹਿਸੂਸ ਹੁੰਦੀ ਹੈ। ਸਾਰਿਆਂ ਦਾ ਇੱਕੋ ਜਿਹਾ ਲਿਬਾਸ ਹੋਣ ਕਰਕੇ ਉਨ੍ਹਾਂ ਦਾ ਧਿਆਨ ਇੱਧਰ-ਉੱਧਰ ਨਹੀਂ ਭਟਕਦਾ। ਇਸ ਨਾਲ ਵਿਦਿਆਰਥੀਆਂ ਨੂੰ ਆਪਣੇ ਅਧਿਐਨ 'ਤੇ ਧਿਆਨ ਦੇਣਾ ਸੌਖਾ ਹੁੰਦਾ ਹੈ ਤੇ ਅਧਿਆਪਕਾਂ ਨੂੰ ਵੀ ਕੱਪੜਿਆਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਲੋੜ ਨਹੀਂ ਪੈਂਦੀ।



### ਖ਼ਤਮ ਕਰਦੀ ਹੈ ਭੇਦਭਾਵ

ਪੁਰਾਤਨ ਸਮੇਂ ਵਿੱਚ ਸਕੂਲ ਵਰਦੀ ਪਹਿਨਣ ਦਾ ਰਿਵਾਜ ਨਹੀਂ ਸੀ। ਬੱਚੇ ਜੋ ਚਾਹੁਣ, ਰੰਗ-ਬਰੰਗੇ ਕੱਪੜੇ ਪਹਿਨ ਕੇ ਹੀ ਸਕੂਲ ਆਉਂਦੇ ਸਨ। ਇਸ ਨਾਲ ਬੱਚੇ ਊਚ-ਨੀਚਤਾ ਦਾ ਸ਼ਿਕਾਰ ਹੋ ਜਾਂਦੇ ਸਨ ਪ੍ਰੰਤੂ ਸਮੇਂ ਨਾਲ ਇਹ ਸਭ ਕੁਝ ਬਦਲ ਚੁੱਕਿਆ ਹੈ। ਹੁਣ ਹਰ ਸਕੂਲ ਦੀ ਵੱਖਰੀ ਵਰਦੀ ਹੈ, ਜੋ ਪਹਿਨਣੀ ਬੜੀ ਲਾਜ਼ਮੀ ਹੈ। ਸਕੂਲ ਵਰਦੀ ਪਹਿਨਣ ਨਾਲ ਵਿਦਿਆਰਥੀਆਂ ਵਿੱਚ ਸਮਾਨਤਾ ਤੇ ਏਕਤਾ ਦਾ ਅਹਿਸਾਸ ਹੁੰਦਾ ਹੈ। ਚਾਹੇ ਕੋਈ ਵਿਦਿਆਰਥੀ ਅਮੀਰ ਜਾਂ ਗ਼ਰੀਬ ਘਰ ਨਾਲ ਸਬੰਧ ਰੱਖਦਾ ਹੋਵੇ ਪਰ ਇੱਕੋ ਜਿਹੀ ਵਰਦੀ ਉਨ੍ਹਾਂ ਨੂੰ ਹਰ ਭਿੰਨਤਾ ਤੋਂ ਦੂਰ ਰੱਖਦੀ ਹੈ।

### ਅਨੁਸ਼ਾਸਨ ਦਾ ਵਿਕਾਸ

ਹਰ ਸੰਸਥਾ ਦਾ ਆਪਣਾ ਅਨੁਸ਼ਾਸਨ ਹੁੰਦਾ ਹੈ, ਜਿਸ ਦਾ ਪਾਲਣ ਕਰਨਾ ਬੱਚਿਆਂ ਲਈ ਬੜਾ ਜ਼ਰੂਰੀ ਹੁੰਦਾ ਹੈ। ਵਰਦੀ ਪਹਿਨਣ ਨਾਲ ਉਹ ਸਕੂਲ ਅਨੁਸ਼ਾਸਨ ਦਾ ਮਨੋਂ ਪਾਲਣ ਕਰਦੇ ਹਨ ਤੇ ਪੜ੍ਹਾਈ ਪ੍ਰਤੀ ਗੰਭੀਰ ਹੋ ਜਾਂਦੇ ਹਨ। ਉਹ ਆਪਣੇ ਅਧਿਆਪਕਾਂ ਨੂੰ ਬੜੇ ਧਿਆਨ ਨਾਲ ਸੁਣਦੇ ਹੀ ਨਹੀਂ ਸਗੋਂ ਉਨ੍ਹਾਂ ਦੀ ਹਰ ਗੱਲ ਮੰਨਦੇ ਵੀ ਹਨ, ਜਿਸ ਨਾਲ ਉਨ੍ਹਾਂ ਦਾ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਸਕੂਲ ਵਰਦੀ ਵਿਦਿਆਰਥੀਆਂ ਵਿਚ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਸਮਾਜਿਕ ਸਾਵਧਾਨੀ ਦੇ ਗੁਣ ਪੈਦਾ ਕਰਦੀ ਹੈ।

### ਵਿਦਿਆਰਥੀਆਂ 'ਚ ਸਹਿਯੋਗ

ਸਕੂਲ ਵਰਦੀ ਪਹਿਨਣ ਨਾਲ ਵਿਦਿਆਰਥੀਆਂ ਵਿਚਕਾਰ ਆਪਸੀ ਸਹਿਯੋਗ ਤੇ ਮਿੱਤਰਤਾ ਦੀ ਭਾਵਨਾ ਵਿਚ ਵਾਧਾ ਹੁੰਦਾ ਹੈ। ਉਹ ਇਹ ਸਮਝਦੇ ਹਨ ਕਿ ਅਸੀਂ ਸਾਰੇ ਇੱਕੋ ਜਿਹੇ ਹਾਂ ਤੇ ਸਾਡੇ ਵਿੱਚੋਂ ਕੋਈ ਵੱਡਾ-ਛੋਟਾ ਨਹੀਂ ਹੈ। ਇਹੋ ਜਿਹੀ ਮਾਨਸਿਕਤਾ ਵਿਦਿਆਰਥੀਆਂ ਨੂੰ ਇਕੱਠੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਇਸ ਨਾਲ ਉਨ੍ਹਾਂ ਨੂੰ ਆਪਣੀ ਗੂੜ੍ਹੀ ਮਿੱਤਰਤਾ ਤੇ ਚੰਗੇ ਸਹਿਪਾਠੀ ਹੋਣ ਦਾ ਅਹਿਸਾਸ ਹੁੰਦਾ ਹੈ, ਜਿਸ ਨਾਲ ਸਿੱਖਣ ਪ੍ਰਕਿਰਿਆ ਉਸਾਰੂ ਅਤੇ ਰੋਚਕ ਬਣਦੀ ਹੈ। ਵਿਦਿਆਰਥੀਆਂ 'ਚ ਵਿਸ਼ਵਾਸ ਅਤੇ ਉਤਸ਼ਾਹ ਪੈਦਾ ਹੁੰਦਾ ਹੈ।

### ਮਾਪਿਆਂ ਦਾ ਘੱਟ ਖ਼ਰਚ

ਸਕੂਲ ਵਰਦੀ ਦੀ ਚੋਣ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਕੀਤੀ ਜਾਂਦੀ ਹੈ, ਜਿਸ ਕਾਰਨ ਇਸ ਨੂੰ ਖ਼ਰੀਦਣ 'ਚ ਸੌਖ ਬਣੀ ਰਹਿੰਦੀ ਹੈ। ਸਭ ਕੁਝ ਇੱਕੋ ਜਗ੍ਹਾ ਤੋਂ ਸਸਤੇ ਰੂਪ ਵਿਚ ਮੁਹੱਈਆ ਹੋ ਜਾਂਦਾ ਹੈ, ਜਿਸ ਕਾਰਨ ਬੇਲੋੜੀ ਖੱਜਲ-ਖੁਆਰੀ ਦਾ ਜੋਖ਼ਮ ਨਹੀਂ ਉਠਾਉਣਾ ਪੈਂਦਾ। ਸਕੂਲ ਲਈ ਰੋਜ਼ਾਨਾ ਵਰਦੀ ਪਹਿਨਣਾ ਜ਼ਰੂਰੀ ਹੋਣ ਕਾਰਨ ਬੱਚੇ ਸਕੂਲ ਜਾਣ ਲਈ ਅਤੇ ਵਾਧੂ ਰੰਗ-ਬਰੰਗੇ ਕੱਪੜੇ ਖ਼ਰੀਦਣ ਦੀ ਜ਼ਿੱਦ ਨਹੀਂ ਕਰਦੇ। ਉਨ੍ਹਾਂ ਦਾ ਧਿਆਨ ਸਿਰਫ਼ ਵਰਦੀ 'ਤੇ ਹੀ ਕੇਂਦਰਿਤ ਰਹਿੰਦਾ ਹੈ। ਫ਼ਾਇਦੇ ਵਜੋਂ ਮਾਪਿਆਂ 'ਤੇ ਵਾਧੂ ਆਰਥਿਕ ਬੋਝ ਨਹੀਂ ਪੈਂਦਾ। ਦੂਜਾ ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਲਈ ਤਾਂ ਸੋਨੇ ਉੱਤੇ ਸੁਹਾਗੇ ਵਾਲੀ ਗੱਲ ਹੈ ਕਿ ਸਰਕਾਰ ਵੱਲੋਂ ਹੀ ਮੁਫ਼ਤ ਵਰਦੀ ਦੀ ਸਹੂਲਤ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਸਾਰਾ ਖ਼ਰਚ ਸਰਕਾਰ ਤੇ ਸਕੂਲ ਸਿੱਖਿਆ ਵਿਭਾਗ ਵੱਲੋਂ ਕੀਤਾ ਜਾ ਰਿਹਾ ਹੈ, ਜੋ ਕਾਬਿਲੇ-ਤਾਰੀਫ਼ ਹੈ। ਬੱਚੇ ਅਤੇ ਮਾਪੇ ਚਾਹੁਣ ਤਾਂ ਉਹ ਆਪਣੀ ਸਹੂਲਤ ਲਈ ਹੋਰ ਵਰਦੀ ਖ਼ਰੀਦ ਸਕਦੇ ਹਨ। ਵੈਸੇ ਤਾਂ ਇਸ ਦੀ ਕੋਈ ਬਹੁਤੀ ਲੋੜ ਵੀ ਨਹੀਂ ਪੈਂਦੀ।

### ਮਾਣ ਮਹਿਸੂਸ ਕਰਦੇ ਹਨ ਬੱਚੇ

ਵਰਦੀ ਅਜਿਹਾ ਸੰਕਲਪ ਹੈ, ਜਿਸ ਨੂੰ ਪਹਿਨਦਿਆਂ ਹੀ ਬੱਚੇ ਸਕੂਲ ਸੰਸਥਾ ਨਾਲ ਧੁਰ ਅੰਦਰ ਤੋਂ ਜੁੜ ਜਾਂਦੇ ਹਨ। ਉਹ ਕਿਸੇ ਸਰਬੋਤਮ ਸੰਸਥਾ ਦੇ ਵਿਦਿਆਰਥੀ ਹੋਣ ਦਾ ਫ਼ਖ਼ਰ ਮਹਿਸੂਸ ਕਰਨ ਲੱਗਦੇ ਹਨ। ਵਰਦੀ ਪਹਿਨਣ ਨਾਲ ਹੀ ਉਹ ਸਕੂਲ ਜਾਣ ਦੀ ਤਿਆਰੀ ਆਰੰਭ ਦਿੰਦੇ ਹਨ। ਇਸ ਲਈ ਸਕੂਲ ਵਰਦੀ ਦਾ ਵਿਦਿਆਰਥੀ ਜੀਵਨ ਵਿੱਚ ਅਹਿਮ ਰੋਲ ਹੈ। ਵਿਦਿਆਰਥੀਆਂ ਨੂੰ ਏਕਤਾ ਦੀ ਲੜੀ 'ਚ ਪਰਾਉਂਦੀ ਹੈ। ਸਕੂਲ ਵਰਦੀ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਦੀ ਹੈ ਤੇ ਸਿਖਾਉਂਦੀ ਹੈ ਕਿ ਉਨ੍ਹਾਂ ਨੇ ਪੜ੍ਹ-ਲਿਖ ਕੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਉਣਾ ਹੈ। ਉਹ ਸਿਰਫ਼ ਆਪਣੇ ਲਈ ਹੀ ਨਹੀਂ ਸਗੋਂ ਸਮਾਜ ਲਈ ਵੀ ਜ਼ਿੰਮੇਵਾਰ ਹਨ। ਵਰਦੀ ਨਾ ਸਿਰਫ਼ ਇੱਕ ਪਛਾਣ ਹੈ ਸਗੋਂ ਇਹ ਬੱਚਿਆਂ ਵਿਚ ਆਤਮ-ਵਿਸ਼ਵਾਸ, ਨੈਤਿਕਤਾ ਤੇ ਸਿੱਖਿਆ ਨੂੰ ਗ੍ਰਹਿਣ ਕਰਨ ਪ੍ਰਤੀ ਉਨ੍ਹਾਂ ਦੀ ਚੇਤਨਾ ਨੂੰ ਵਧਾਉਂਦੀ ਹੈ। ਇਸੇ ਕਰਕੇ ਸਕੂਲ ਵਰਦੀ ਬੱਚਿਆਂ ਦੀ ਤਰੱਕੀ ਅਤੇ ਵਿਕਾਸ ਦੀ ਸੂਚਕ ਹੈ।

---



ਚਾਨਣਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ (ਮਾਨਸਾ)

# ਸਿੱਖਿਆ ਦਾ ਮਾਪਦੰਡ: ਅੰਕ ਜਾਂ ਅਕਲ ?

ਅੱਜਕੱਲ੍ਹ, ਸਾਡੀ ਸਿੱਖਿਆ ਪ੍ਰਣਾਲੀ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਅੰਕਾਂ ਨੂੰ ਗਿਆਨ ਅਤੇ ਸਫ਼ਲਤਾ ਦਾ ਪ੍ਰਮੁੱਖ ਮਾਪਦੰਡ ਮੰਨਿਆ ਜਾਂਦਾ ਹੈ। ਮਾਪਿਆਂ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਲਗਾਤਾਰ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਕਾਰਨ ਵਿਦਿਆਰਥੀਆਂ 'ਤੇ ਬਹੁਤ ਜ਼ਿਆਦਾ ਦਬਾਅ ਪੈਂਦਾ ਹੈ। ਵਿਦਿਆਰਥੀਆਂ ਨੂੰ ਲਗਾਤਾਰ ਉੱਚ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਕਾਬਲੀਅਤ ਨੂੰ ਅਕਸਰ ਉਨ੍ਹਾਂ ਦੇ ਅੰਕਾਂ ਦੇ ਆਧਾਰ 'ਤੇ ਹੀ ਪਰਖਿਆ ਜਾਂਦਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਇਹ ਸਿੱਖਿਆ ਦਾ ਸਹੀ ਤਰੀਕਾ ਹੈ ? ਕੀ ਅੰਕ ਹੀ ਇੱਕ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਤੇ ਭਵਿੱਖ ਦੀ ਸਫ਼ਲਤਾ ਦਾ ਸਹੀ ਮਾਪਦੰਡ ਹੋਣੇ ਚਾਹੀਦੇ ਹਨ ?



ਅਸਲ ਸਿੱਖਿਆ, ਅੰਕਾਂ ਦੇ ਛੋਟੇ ਦਾਇਰੇ ਤੋਂ ਕਿਤੇ ਵੱਧ ਵਿਆਪਕ ਹੈ। ਇਹ ਸਿਰਫ਼ ਕਿਤਾਬੀ ਗਿਆਨ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ। ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਅਜਿਹੇ ਹੁਨਰ ਅਤੇ ਗਿਆਨ ਪ੍ਰਦਾਨ ਕਰਨਾ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਅਸਲ ਜੀਵਨ ਵਿੱਚ ਸਫ਼ਲ ਹੋਣ ਲਈ ਤਿਆਰ ਕਰਨ। ਇਸ ਵਿੱਚ ਅਲੋਚਨਾਤਮਕ ਸੋਚ, ਸਮੱਸਿਆ ਹੱਲ ਕਰਨ ਦੇ ਹੁਨਰ, ਰਚਨਾਤਮਕਤਾ ਅਤੇ ਸਮਾਜਿਕ ਹੁਨਰ ਸ਼ਾਮਲ ਹਨ। ਅਸਲ ਸਿੱਖਿਆ ਵਿਦਿਆਰਥੀਆਂ ਨੂੰ ਸਿਰਫ਼ ਜਾਣਕਾਰੀ ਯਾਦ ਕਰਨ ਦੀ ਬਜਾਏ, ਸੋਚਣ ਅਤੇ ਸਮਝਣ ਲਈ ਪ੍ਰੇਰਿਤ ਕਰਦੀ ਹੈ।

ਅੱਜ ਦੀ ਸਿੱਖਿਆ ਪ੍ਰਣਾਲੀ ਵਿੱਚ, ਵਿਦਿਆਰਥੀਆਂ ਨੂੰ ਅਕਸਰ ਰੱਟਾ ਲਗਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਹਨਾਂ ਨੂੰ ਸਿਰਫ਼ ਪਾਠ ਪੁਸਤਕਾਂ ਵਿੱਚ ਦਿੱਤੀ ਜਾਣਕਾਰੀ ਨੂੰ ਯਾਦ ਕਰਨ ਲਈ ਕਿਹਾ ਜਾਂਦਾ ਹੈ। ਇਹ ਵਿਦਿਆਰਥੀਆਂ ਨੂੰ ਅਸਲ ਵਿੱਚ ਸਿੱਖਣ ਅਤੇ ਗਿਆਨ ਨੂੰ ਅਸਲ ਜੀਵਨ ਵਿੱਚ ਲਾਗੂ ਕਰਨ ਤੋਂ ਰੋਕਦਾ ਹੈ। ਇਸ ਦੀ ਬਜਾਏ, ਸਿੱਖਿਆ ਨੂੰ ਅਜਿਹੇ ਤਰੀਕਿਆਂ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਸੋਚਣ, ਸਵਾਲ ਪੁੱਛਣ ਅਤੇ ਆਪਣੇ ਵਿਚਾਰਾਂ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਅਕਲ, ਸਿੱਖਿਆ ਦਾ ਇੱਕ ਅਨਿੱਖੜਵਾਂ ਅੰਗ ਹੈ। ਇਸ ਵਿੱਚ ਵਿਦਿਆਰਥੀਆਂ ਨੂੰ ਆਪਣੇ ਗਿਆਨ ਨੂੰ ਅਸਲ-ਜ਼ਿੰਦਗੀ ਦੀਆਂ ਸਥਿਤੀਆਂ ਵਿੱਚ ਲਾਗੂ ਕਰਨ ਦੀ ਯੋਗਤਾ ਸ਼ਾਮਲ ਹੈ। ਇਹ ਵਿਦਿਆਰਥੀਆਂ ਨੂੰ ਸਮੱਸਿਆਵਾਂ ਨੂੰ ਹੱਲ ਕਰਨ, ਨਵੇਂ ਵਿਚਾਰਾਂ ਨਾਲ ਆਉਣ ਅਤੇ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ। ਅੱਜ ਦੀ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ, ਅਕਲ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ। ਵਿਦਿਆਰਥੀਆਂ ਨੂੰ ਅਜਿਹੇ ਹੁਨਰਾਂ ਦੀ ਲੋੜ ਹੁੰਦੀ ਹੈ ਜੋ ਉਹਨਾਂ ਨੂੰ ਨਵੀਂ ਜਾਣਕਾਰੀ ਨੂੰ ਜਲਦੀ ਸਿੱਖਣ ਅਤੇ ਅਨੁਕੂਲ ਬਣਾਉਣ ਵਿੱਚ ਮਦਦ ਕਰਨ। ਸਾਡੀ ਸਿੱਖਿਆ ਪ੍ਰਣਾਲੀ ਨੂੰ ਅਜਿਹੇ ਤਰੀਕਿਆਂ ਨਾਲ ਬਦਲਣ ਦੀ ਲੋੜ ਹੈ ਜੋ ਅੰਕਾਂ ਦੀ ਬਜਾਏ ਅਕਲ ਨੂੰ ਉਤਸ਼ਾਹਿਤ ਕਰਦੇ ਹਨ। ਇਸ ਵਿੱਚ ਵਿਦਿਆਰਥੀਆਂ ਨੂੰ ਅਸਲ-ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਪ੍ਰੋਜੈਕਟਾਂ 'ਤੇ ਕੰਮ ਕਰਨ ਦੇ ਮੌਕੇ ਪ੍ਰਦਾਨ ਕਰਨਾ ਸ਼ਾਮਲ ਹੈ। ਸਿੱਖਿਆ ਨੂੰ ਅਜਿਹੇ ਤਰੀਕਿਆਂ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜੋ ਵਿਦਿਆਰਥੀਆਂ ਨੂੰ ਸੋਚਣ, ਸਵਾਲ ਪੁੱਛਣ ਅਤੇ ਆਪਣੇ ਵਿਚਾਰਾਂ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਦੇ ਹਨ। ਅਧਿਆਪਕਾਂ ਨੂੰ ਸਿਰਫ਼ ਜਾਣਕਾਰੀ ਦੇਣ ਵਾਲੇ ਨਹੀਂ, ਸਗੋਂ ਵਿਦਿਆਰਥੀਆਂ ਦੇ ਸਿੱਖਣ ਦੇ ਮਾਰਗਦਰਸ਼ਕ ਬਣਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਾਨੂੰ ਵਿਦਿਆਰਥੀਆਂ ਨੂੰ ਸਮਾਜਿਕ ਅਤੇ ਭਾਵਨਾਤਮਕ ਹੁਨਰ ਸਿਖਾਉਣ ਦੀ ਲੋੜ ਹੈ। ਇਸ ਵਿੱਚ ਸਹਿਯੋਗ, ਸੰਚਾਰ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਸ਼ਾਮਲ ਹਨ। ਇਹ ਹੁਨਰ ਵਿਦਿਆਰਥੀਆਂ ਨੂੰ ਨਾ ਸਿਰਫ਼ ਉਨ੍ਹਾਂ ਦੇ ਕੈਰੀਅਰ ਵਿੱਚ ਸਫ਼ਲ ਹੋਣ ਵਿੱਚ ਮਦਦ ਕਰਨਗੇ, ਸਗੋਂ ਉਨ੍ਹਾਂ ਨੂੰ ਇੱਕ ਖੁਸ਼ਹਾਲ ਅਤੇ ਸੰਤੁਸ਼ਟ ਜੀਵਨ ਜਿਉਣ ਵਿੱਚ ਵੀ ਮਦਦ ਕਰਨਗੇ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਵੀ ਬਹੁਤ ਜ਼ਰੂਰੀ ਹੈ। ਸਿੱਖਿਆ ਦਾ ਉਦੇਸ਼ ਸਿਰਫ਼ ਵਿਦਿਆਰਥੀਆਂ ਨੂੰ ਗਿਆਨ ਦੇਣਾ ਨਹੀਂ, ਸਗੋਂ ਉਨ੍ਹਾਂ ਨੂੰ ਜ਼ਿੰਮੇਵਾਰ ਅਤੇ ਸਿਹਤਮੰਦ ਨਾਗਰਿਕ ਬਣਾਉਣਾ ਵੀ ਹੈ।



ਅੰਤ ਵਿੱਚ, ਅਸਲ ਸਿੱਖਿਆ ਸਿਰਫ਼ ਅੰਕਾਂ ਤੱਕ ਸੀਮਿਤ ਨਹੀਂ ਹੈ। ਇਹ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫ਼ਲ ਹੋਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਪ੍ਰਦਾਨ ਕਰਨ ਬਾਰੇ ਹੈ। ਸਾਨੂੰ ਆਪਣੀ ਸਿੱਖਿਆ ਪ੍ਰਣਾਲੀ ਵਿੱਚ ਅਜਿਹੇ ਬਦਲਾਅ ਕਰਨੇ ਚਾਹੀਦੇ ਹਨ ਜੋ ਅੰਕਾਂ ਦੀ ਬਜਾਏ ਬੁੱਧੀ, ਰਚਨਾਤਮਕਤਾ ਅਤੇ ਸਮਾਜਿਕ ਹੁਨਰਾਂ ਨੂੰ ਉਤਸ਼ਾਹਿਤ ਕਰਨ। ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਸਾਡੇ ਵਿਦਿਆਰਥੀ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਸਫ਼ਲ ਹੋਣ ਲਈ ਤਿਆਰ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਜੁਗਨੀ ਪਰਤ ਆਈ'



**ਅੰਮ੍ਰਿਤ ਕੌਰ**

ਨਹੀਂ! ਨਹੀਂ !! ਮੈਨੂੰ ਏਦਾਂ ਸੋਚਣਾ ਵੀ ਨਹੀਂ ਚਾਹੀਦਾ। ਇਹ ਗੁਨਾਹ ਹੈ। ਲੋਕਾਂ ਦੇ ਭੋਲੇ-ਭਾਲੇ ਬੱਚਿਆਂ ਸਾਹਮਣੇ ਗ਼ਲਤ ਚੀਜ਼ਾਂ ਪਰੋਸਣੀਆਂ ਮਤਲਬ ਉਨ੍ਹਾਂ ਨੂੰ ਗ਼ਲਤ ਰਾਹੇ ਪਾਉਣਾ। ਪਰ ਮੈਂ ਕੀ ਕਰਾਂ, ਐਨੀਆਂ ਵੱਡੀਆਂ ਜ਼ਿੰਮੇਵਾਰੀਆਂ ਕਿਵੇਂ ਨਿਭਾਵਾਂਗੀ? ਭੁੱਖਿਆਂ ਤੋਂ ਤਾਂ ਭਗਤੀ ਵੀ ਨਹੀਂ ਹੁੰਦੀ। ਮੇਰਾ ਕੰਮ ਵੀ ਤਾਂ ਭਗਤੀ ਹੀ ਹੈ। ਸੱਚਾ-ਸੁੱਚਾ ਗਾਉਣਾ, ਆਪਣੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ, ਪਰਿਵਾਰ ਦੇ ਜੀਆਂ ਵਿਚ ਬਹਿ ਕੇ ਸੁਣੇ ਜਾਣ ਵਾਲੇ ਗੀਤ, ਜ਼ਿੰਦਗੀ ਦੀਆਂ ਖ਼ੁਸ਼ੀਆਂ, ਦੁੱਖਾਂ-ਸੁੱਖਾਂ ਦੇ ਗੀਤ ਇਹ ਵੀ ਤਾਂ ਭਗਤੀ ਹੀ ਹੈ। ਭਗਤੀ ਵਿੱਚ ਪੈਸਾ ਨਹੀਂ ਦੇਖਿਆ ਜਾਂਦਾ...ਪਰ ਪਰਿਵਾਰ ਦੇ ਜੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਾਂ ਪੈਸਾ ਜ਼ਰੂਰੀ ਹੈ। ਫਿਰ ਮੈਂ ਕਿਉਂ ਨਾ ਗਾ ਲਵਾਂ। ਕੁਝ ਇਹੋ ਜਿਹਾ ਜਿਸ ਨੂੰ ਲੋਕ 'ਚੱਕਵਾਂ' ਆਖਦੇ ਨੇ। ਮੇਰੀ ਮਾਂ, ਮੇਰੀ ਭੈਣ, ਮੇਰੇ ਪਿਤਾ ਜੀ ਆਪਣੇ ਸੱਭਿਆਚਾਰ ਦੀ ਸੇਵਾ ਕਰਦੇ ਇਸ ਜਹਾਨੋਂ ਤੁਰ ਗਏ। ਆਹ...ਸਨਮਾਨ ਚਿੰਨ੍ਹ ਕੋਈ ਪੇਟ ਦੀ ਅੱਗ ਥੋੜ੍ਹੋ ਬੁਝਾਉਣਗੇ। ਅਗਲੇ ਹੀ ਪਲ ਖ਼ਿਆਲ ਆਉਂਦਾ 'ਲੈ ਨਿਰਾ ਪੈਸਾ ਤਾਂ ਸਭ ਕੁਝ ਨਹੀਂ ਹੁੰਦਾ। ਜਦੋਂ ਇਹ ਸਨਮਾਨ ਮਿਲੇ ਸਨ। ਉਸ ਵੇਲੇ ਦੀਆਂ ਰੌਣਕਾਂ ਹੀ ਹੋਰ ਸਨ। ਘਰ ਪ੍ਰਸ਼ੰਸਕਾਂ ਨਾਲ ਭਰਿਆ ਰਹਿੰਦਾ ਸੀ। ਵਕਤ, ਵਕਤ ਦੀ ਗੱਲ ਹੁੰਦੀ ਹੈ। ਮਾਤਾ-ਪਿਤਾ ਦੇ ਹੁੰਦਿਆਂ ਘਰ ਵਿੱਚ ਬਰਕਤਾਂ ਦੀ ਰੌਣਕ ਸੀ। ਲੋਕ ਵੀ ਖੜ੍ਹ-ਖੜ੍ਹ ਕੇ ਸਲਾਮਾਂ ਕਰਦੇ ਸਨ। ਹੁਣ...? ਹੁਣ ਕੋਈ ਸਾਰ ਨਹੀਂ ਲੈਂਦਾ। ਸਭ ਦਾ ਸਰ ਗਿਆ ਪਰ ਮੇਰਾ ਨੀ ਸਰਿਆ ਮਾਪਿਆਂ ਬਿਨਾਂ। ਉਹ ਬੀਤੇ ਚੰਗੇ ਵਕਤ ਬਾਰੇ ਸੋਚਦੀ ਕਦੇ ਪਰਲ-ਪਰਲ ਅੱਥਰੂ ਵਹਾਉਂਦੀ,ਕਦੇ ਦੁਪੱਟੇ ਦੇ ਪੱਲੇ ਨਾਲ ਹੰਝੂ ਅੱਖਾਂ ਦੇ ਅੰਦਰੋਂ ਹੀ ਚੁੱਕ ਲੈਂਦੀ। ਫਿਰ ਮਾਂ ਨਾਲ ਗੱਲਾਂ ਕਰਨ ਲੱਗ ਪੈਂਦੀ, 'ਮਾਂ ਤੈਨੂੰ ਯਾਦ ਐ ਨਾ... ਜਦੋਂ ਅਸੀਂ ਨਿੱਕੀਆਂ ਹੁੰਦੀਆਂ ਸੀ... ਤੂੰ ਸਾਨੂੰ ਲੋਕ ਗੀਤ ਸਿਖਾਉਂਦੀ ਹੁੰਦੀ ਸੀ। ਅਸੀਂ ਤੇਰੇ ਨਾਲ ਹੀ ਗਾਉਂਦੀਆਂ। ਜੇ ਸਾਡੇ ਤੋਂ ਗਾਉਣ ਲੱਗਿਆਂ ਕੋਈ ਗ਼ਲਤੀ ਹੋ ਜਾਂਦੀ ਤਾਂ ਤੂੰ ਇਸ ਗੱਲ ਦਾ ਲਿਹਾਜ਼ ਨਹੀਂ ਸੀ ਕਰਦੀ ਕਿ ਅਸੀਂ ਤੇਰੀਆਂ ਧੀਆਂ ਹਾਂ। ਸਾਡਾ ਗਾਉਣਾ ਰੋਕ ਕੇ ਝਿੜਕ ਕੇ ਅਤੇ ਪਿਆਰ ਨਾਲ ਸਾਡਾ ਬੋਲਣਾ ਦਰੁੱਸਤ ਕਰਦੀ ਜਿਸ ਦਾ ਸਦਕਾ ਸਾਨੂੰ ਆਪਣੀ ਮਾਂ-ਬੋਲੀ ਸੋਹਣੇ ਤਰੀਕੇ ਨਾਲ ਬੋਲਣੀ ਆਈ ਅਤੇ ਗਾਉਣਾ ਵੀ ਆ ਗਿਆ। ਮਾਂ ਤੂੰ ਕਿਉਂ ਤੁਰ ਗਈ? ਮੈਂ 'ਕੱਲੀ ਘਰ ਦੀਆਂ ਜ਼ਿੰਮੇਵਾਰੀਆਂ ਕਿਵੇਂ ਨਿਭਾਵਾਂ? ਲੋਕ ਕਹਿੰਦੇ ਨੇ ਡਾਢਾ ਰੱਬ ਪਤਾ ਨੀ ਕਿੱਥੇ ਖਪਾ ਲੈਂਦਾ ਜਾਣ ਵਾਲਿਆਂ ਨੂੰ। ਮੈਂ ਵੀ ਏਦਾਂ ਈ ਸੋਚਦੀ ਰਹਿੰਦੀ ਆਂ।' ਉਸ ਦੇ ਕੰਨਾਂ ਦੀਆਂ ਹੂਠੀਆਂ ਅੱਥਰੂਆਂ ਨਾਲ ਭਰੀਆਂ ਪਈਆਂ ਸਨ। ਪਾਸਾ ਬਦਲਿਆ ਤਾਂ ਇੱਕ ਪਾਸੇ ਵਾਲਾ ਖਾਰਾ ਪਾਣੀ ਸਿਰਹਾਣੇ 'ਤੇ ਡੁੱਲ੍ਹ ਗਿਆ।

ਉਹ ਆਪਣੇ ਹੀ ਖ਼ਿਆਲਾਂ ਨੂੰ ਉਧੇੜ ਬੁਣਨ ਵਿੱਚ ਉਲਝੀ ਸੀ। ਘਰ ਦੀਆਂ ਤੰਗੀਆਂ ਤੁਰਸ਼ੀਆਂ ਕਰ ਕੇ ਉਸ ਨੇ ਆਪਣਾ ਘਰ ਵੀ ਵੇਚਣ 'ਤੇ ਲਾ ਦਿੱਤਾ ਸੀ। ਉਸ ਦਾ ਜੀਅ ਕਰਦਾ ਸੀ ਕਿਤੇ ਦੂਸਰੇ ਦੇਸ਼ ਚਲੀ ਜਾਵੇ। ਉਹ ਸੋਚਦੀ 'ਕੀ ਰੱਖਿਆ ਐ ਇੱਥੇ ਹੁਣ? ਕੋਈ ਉਨ੍ਹਾਂ ਦੀ ਸੱਭਿਆਚਾਰਕ ਗਾਇਕੀ ਨੂੰ ਸੁਣ ਕੇ ਰਾਜ਼ੀ ਨਹੀਂ। ਨਵੇਂ ਗਾਇਕ ਪੈਸੇ ਕਮਾਉਣ ਖ਼ਾਤਰ ਨਸ਼ਿਆਂ ਦੇ, ਮਾਰ ਧਾੜ ਦੇ ਗੀਤ ਗਾ ਕੇ ਚੜ੍ਹਦੀ ਉਮਰ ਦੇ ਬੱਚਿਆਂ ਨੂੰ ਫੋਕੀ ਫੂੰ ਫਾਂ ਵਿੱਚ ਫਸਾ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਕੁਰਾਹੇ ਪਾ ਰਹੇ ਹਨ। ਮੇਰੀ ਮਾਂ ਤਾਂ ਸੁਹਾਗ, ਘੋੜੀਆਂ ਗਾਉਂਦੀ ਸੀ, ਉਸ ਨੇ ਸਾਨੂੰ ਵੀ ਸਿਖਾਇਆ। ਪਰ ਹੁਣ ਦੁਨੀਆਂ ਗਰਕਣ 'ਤੇ ਆਈ ਪਈ ਐ। ਭੈਣ-ਭਰਾ ਵੀ 'ਕੱਠੇ ਗੰਦੇ ਮੰਦੇ ਗਾਣਿਆਂ 'ਤੇ ਨੱਚੀ ਜਾਣਗੇ। ਆਹ ਗਾਉਣ ਵਾਲਿਆਂ ਨੂੰ ਇਨ੍ਹਾਂ ਦੇ ਪਰਿਵਾਰਾਂ ਦੀਆਂ ਬੀਬੀਆਂ ਭੈਣਾਂ ਨੀ ਕੁਝ ਆਖਦੀਆਂ ਹੋਣਗੀਆਂ ਕਿ ਕਿਉਂ ਗੰਦ-ਮੰਦ ਗਾ ਕੇ ਧੀਆਂ ਭੈਣਾਂ ਦੇ ਦੋਖੀ ਬਣਦੇ ਓ... ਕੀ ਪਤੈ... ਕਹਿੰਦੀਆਂ ਹੋਣ ਇਹੋ ਜਿਹੇ ਸਿਰ ਫਿਰੇ ਕਿਸੇ ਦਾ ਕਹਿਣਾ ਨਹੀਂ ਮੰਨਦੇ। ਬਸ ਸਮਾਜ ਨੂੰ ਗੰਧਲਾ ਕਰਨ 'ਤੇ ਲੱਗੇ ਹੋਏ ਨੇ। ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਕਿਉਂ ਨਹੀਂ ਲਾਹਨਤਾਂ ਪਾਉਂਦੀ। ਇਨ੍ਹਾਂ ਲੋਕਾਂ ਨੂੰ ਐਨੀ ਵੀ ਸਮਝ ਨਹੀਂ ਕਿ ਲੋਕਾਂ ਦੇ ਬੱਚਿਆਂ ਨੂੰ ਕੁਰਾਹੇ ਪਾ ਕੇ ਉਨ੍ਹਾਂ ਨੂੰ ਨਸ਼ਿਆਂ ਵਾਲੇ ਗੀਤ ਸੁਣਾ ਕੇ ਮੌਤ ਦੇ ਮੂੰਹ ਵੱਲ ਤੋਰਨ ਵਾਲਿਆਂ ਦਾ ਕਦੇ ਭਲਾ ਨਹੀਂ ਹੁੰਦਾ।

ਮਾਂ! ਤੂੰ ਜੁਗਨੀ ਕਿੰਨੀ ਕਮਾਲ ਦੀ ਗਾਉਂਦੀ ਹੁੰਦੀ ਸੀ। ਤੇਰੀ ਲੰਮੀ ਹੇਕ 'ਤੇ ਲੋਕ ਅਸ਼-ਅਸ਼ ਕਰ ਉੱਠਦੇ ਸਨ। ਅਸੀਂ ਨਿੱਕੀਆਂ ਹੁੰਦੀਆਂ ਤੇਰੇ ਨਾਲ ਜਾਂਦੀਆਂ, ਸਾਨੂੰ ਲੱਗਦਾ ਹੁੰਦਾ ਸੀ ਜਿਵੇਂ ਸਾ...ਰਾ... ਬ੍ਰਹਿਮੰਡ ਤੇਰੀ ਹੇਕ ਨਾਲ ਗੂੰਜ ਉੱਠਿਆ ਹੋਵੇ। ਸਰੋਤਿਆਂ ਦੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਸਨ। ਜਾਪਦਾ ਹੁੰਦਾ ਸੀ ਸਾਰੇ ਸਰੋਤੇ ਸਾਹ ਰੋਕ ਕੇ ਸੁਣ ਰਹੇ ਹੋਣ।...ਮੇਰੀ ਭੈਣ ਤੁਰ ਗਈ। ਮੈਨੂੰ ਜਾਪਿਆ ਮੇਰੀ ਇੱਕ ਬਾਂਹ ਟੁੱਟ ਗਈ। ਫਿਰ ਤੂੰ ਵੀ ਚਲੀ ਗਈ। ਮੇਰੀਆਂ ਦੋਵੇਂ ਬਾਹਵਾਂ ਬੇਜਾਨ ਹੋਈਆਂ ਜਾਪੀਆਂ।

ਮੇਰੇ ਦੋਵੇਂ ਪਾਸੇ ਸੁੰਨੇ ਹੋ ਗਏ। ਪਿਉ ਮੈਨੂੰ ਦਿਲਾਸਾ ਦਿੰਦਾ, ਮੈਂ ਪਿਉ ਦੇ ਚਿਹਰੇ 'ਤੇ ਖ਼ੁਸ਼ੀ ਦੇਖਣ ਲਈ ਸਾਰੀ ਤਾਕਤ ਤੇਰੀਆਂ ਸੌਂਪੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ 'ਤੇ ਲਾ ਖੜ੍ਹੀ ਹੋਣ ਦੀ ਕੋਸ਼ਿਸ਼ ਕਰਦੀ ਰਹੀ। ਪਰ ਪਿਉ ਵੀ ਤੇਰੀ ਪੈੜ ਦੱਬਦਾ ਤੇਰੇ ਪਿੱਛੇ ਹੀ ਤੁਰ ਗਿਆ। ਮੈਨੂੰ ਲੱਗਦਾ ਐ ਲੋਕ ਗੀਤ ਸੁਣਨ ਵਾਲੇ ਵੀ ਤੁਹਾਡੀਆਂ ਪੈੜਾਂ ਨੱਪਦੇ ਪਤਾ ਨਹੀਂ ਕਿੱਧਰ ਨੂੰ ਤੁਰ ਗਏ। ਪੂਰਾ ਮੇਲਾ ਹੀ ਵਿਛੜ ਗਿਆ। ਜਿਹੜਾ ਕੰਮ ਆਪਾਂ ਸਾਰੇ ਜਣੇ ਰਲ-ਮਿਲ ਕੇ ਕਰਦੇ ਸੀ, ਮੈਂ ਭਲਾਂ 'ਕੱਲੀ ਕਿਵੇਂ ਕਰ ਸਕਦੀ ਆਂ...।' ਉਸ ਦੀਆਂ ਸੋਚਾਂ ਦੇ ਪਰਿੰਦੇ ਸਾਰੀ-ਸਾਰੀ ਰਾਤ ਉਡਾਰੀਆਂ ਲਾਉਂਦੇਰਹਿੰਦੇ, ਕਦੇ ਰੋਂਦੇ ਕਦੇ ਬੀਤੇ ਚੰਗੇ ਦਿਨਾਂ ਨੂੰ ਯਾਦ ਕਰ ਕੇ ਖ਼ੁਸ਼ੀ ਮਹਿਸੂਸ ਕਰਦੇ।

ਜਦੋਂ ਬਿਮਾਰ ਭੈਣ ਪਾਸਾ ਪਰਤਦੀ ਤਾਂ ਉਹ ਉੱਠ ਕੇ ਉਸ ਨੂੰ ਦੇਖਣ ਲੱਗਦੀ। ਬੱਚਿਆਂ ਨੂੰ ਪੰਜਾਬੀ ਲੋਕ ਗੀਤਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦੀ। ਕਈ ਵਾਰ ਬੱਚੇ ਉਸ ਨੂੰ ਕਹਿੰਦੇ ਮਹਿਸੂਸ ਹੁੰਦੇ, 'ਕੀ ਰੱਖਿਆ ਤੇਰੇ ਲੋਕ ਗੀਤਾਂ ਵਿੱਚ ਜਿਹੜੇ ਪਰਿਵਾਰ ਦਾ ਢਿੱਡ ਨਹੀਂ ਭਰ ਸਕਦੇ।' ਜਦੋਂ ਬਹੁਤੀ ਔਖ ਹੁੰਦੀ ਆਪਣੇ ਆਪ ਨੂੰ ਆਪੇ ਮਿਹਣਾ ਮਾਰਨ ਨੂੰ ਜੀਅ ਕਰਦਾ, ਕਦੇ ਮਾਂ ਲਈ ਉਲਾਂਭਾ ਉੱਠਦਾ, ਕੀ ਖੱਟਿਆ ਚੰਗਾ ਗਾ ਕੇ, ਜੇ ਆਪ ਜਾਣਾ ਹੀ ਸੀ ਜੁਗਨੀ ਨੂੰ ਤਾਂ ਮੇਰੇ ਕੋਲ ਛੱਡ ਜਾਂਦੀ। ਉਸ ਨੂੰ ਜਾਪਦਾ ਸੀ ਜੁਗਨੀ ਵੀ ਮਾਂ ਦੇ ਨਾਲ ਹੀ ਚਲੀ ਗਈ।

ਜਦੋਂ ਉਸ ਦਾ ਮਨ ਖਿਝ ਕੇ ਉਸ ਨੂੰ ਲੀਹੋਂ ਹਟ ਕੇ ਗਾਉਣ ਲਈ ਆਖਣ ਦੀ ਕੋਸ਼ਿਸ਼ ਕਰਦਾ। ਉਸ ਦੀ ਮਾਂ ਵੱਲੋਂ ਦਿੱਤੀ ਫੁਲਕਾਰੀ ਉਸ ਨੂੰ ਗੱਲਾਂ ਕਰਦੀ ਜਾਪਦੀ। ਜਿਵੇਂ ਆਖ ਰਹੀ ਹੋਵੇ, ਇਹ ਤੈਨੂੰ ਮੈਂ ਗੀਤਾਂ ਦਾ ਸਿਰ ਕੱਜਣ ਲਈ ਦਿੱਤੀ ਹੈ। ਆਪਣੇ ਗੀਤਾਂ ਦਾ ਸਿਰ ਨੰਗਾ ਨਾ ਹੋਣ ਦੇਵੀਂ। ਫਿਰ ਉਸ ਨੂੰ ਮਾਂ ਦੀਆਂ ਗੱਲਾਂ ਚੇਤੇ ਆਉਣ ਲੱਗ ਪੈਂਦੀਆਂ। ਔਖੇ-ਸੌਖੇ ਸਮੇਂ ਨੇ ਲੰਘ ਹੀ ਜਾਣਾ ਹੁੰਦਾ ਐ। ਇਹ ਫੁਲਕਾਰੀਆਂ ਨੂੰਹਾਂ-ਧੀਆਂ ਨੂੰ ਸੁਹਜ ਲਈ ਹੀ ਨਹੀਂ ਦਿੱਤੀਆਂ ਜਾਂਦੀਆਂ। ਇਨਾਂ ਖ਼ੂਬਸੂਰਤ ਫੁੱਲ-ਪੱਤੀਆਂ ਦੇ ਵਿੱਚ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੀ ਛੁਪੀਆਂ ਹੁੰਦੀਆਂ ਨੇ। ਜਿਨ੍ਹਾਂ ਨੂੰ ਨਿਭਾਉਣ ਦਾ ਭਾਰ ਮੋਢਿਆਂ 'ਤੇ ਆ ਪੈਂਦਾ ਹੈ।

ਉਹ ਫੁਲਕਾਰੀ ਦੀ ਬੁੱਕਲ ਮਾਰਦੀ। ਥੋੜ੍ਹੀ ਦੇਰ ਬਾਅਦ ਉਸ ਨੂੰ ਜਾਪਦਾ ਇਹ ਜ਼ਿੰਮੇਵਾਰੀਆਂ ਨਿਭਾਉਣ ਦੀ ਉਸ ਵਿੱਚ ਹਿੰਮਤ ਨਹੀਂ। ਕਦੇ ਉਸ ਨੂੰ ਜਾਪਦਾ ਕਿ ਇਸ ਫੁਲਕਾਰੀ ਨਾਲ ਉਸ ਦੀ ਹਿੰਮਤ ਕਈ ਗੁਣਾ ਵੱਧ ਜਾਂਦੀ ਹੈ। ਮਨ ਕਦੇ ਡਿੱਗਦਾ ਕਦੇ ਖੜ੍ਹਾ ਹੋ ਜਾਂਦਾ। ਉਹ ਕਿੰਨਾ-ਕਿੰਨਾ ਚਿਰ ਮਾਂ ਵੱਲੋਂ ਦਿੱਤੇ ਇਸ ਅਨਮੋਲ ਤੋਹਫ਼ੇ ਨੂੰ ਨਿਹਾਰਦੀ। ਕਦੇ ਉਸ ਦੇ ਰੇਸ਼ਮੀ ਫੁੱਲਾਂ 'ਤੇ ਹੱਥ ਫੇਰਦੀ ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਗੁਆਚ ਜਾਂਦੀ।

ਮਾਂ! ਨਾਨੀ ਦੀ ਯਾਦ ਆਉਂਦੀਐ ਨਾ ਤੁਹਾਨੂੰ? ਜਦੋਂ ਉਸ ਦੀ ਬੇਟੀ ਉਸ ਦੇ ਲੱਕ ਦੁਆਲੇ ਬਾਹਵਾਂ ਵਲ ਕੇ ਆਖਦੀ ਤਾਂ ਉਸ ਦੀ ਸੋਚਾਂ ਦੀ ਲੜੀ ਟੁੱਟ ਜਾਂਦੀ।

ਨਾਨੀ ਤਾਂ ਕਿਤੇ ਨੀ ਗਈ ਮੇਰੇ ਅੰਦਰ ਈ ਕਿਤੇ ਲੁਕੀ ਹੋਈ ਐ। ਜਦੋਂ ਮੈਂ ਕਿਤੇ ਗਾਉਂਦੀ ਆਂ ਤਾਂ ਮੇਰੇ ਗਲੇ ਵਿੱਚ ਆ ਬੈਠਦੀ ਐ। ਸੱਚੀਂ ਜਦੋਂ ਉਹ ਗਾਉਂਦੀ ਤਾਂ ਉਸ ਦੀ ਮਾਂ ਅਤੇ ਭੈਣ ਉਸ ਦੇ ਦੋਵੇਂ ਪਾਸੇ ਆ ਖਲੋਂਦੀਆਂ। ਪਿਉ ਉਨ੍ਹਾਂ ਸਾਰਿਆਂ ਦੇ ਪਿੱਛੇ ਖੜ੍ਹਾ ਹੁੰਦਾ।

ਜਦੋਂ ਉਹ ਗਾ ਕੇ ਸਟੇਜ ਤੋਂ ਉਤਰਦੀ ਤਾਂ ਉਹ ਤਿੰਨੋਂ ਪਤਾ ਨਹੀਂ ਕਿੱਧਰ ਗਾਇਬ ਹੋ ਜਾਂਦੇ। ਜਦੋਂ ਉਹ ਉਦਾਸ ਹੋਣ ਲੱਗਦੀ ਤਾਂ ਉਸ ਦੇ ਅੰਦਰੋਂ ਈ ਕਿਤੋਂ ਆਵਾਜ਼ ਆਉਂਦੀ। ਅਸੀਂ ਤੇਰੇ ਨਾਲ ਈ ਆਂ ਕਿਤੇ ਨੀਂ ਗਏ। ਉਹ ਮੁਸਕਰਾ ਉੱਠਦੀ ਮਨੋਮਨੀ ਆਖਦੀ 'ਮੈਨੂੰ ਪਤੈ ਤੁਸੀਂ ਮੇਰੇ ਨਾਲ ਓ। ਤੁਹਾਨੂੰ ਪਤੈ ਮੈਂ ਵੀ ਕਿੰਨੀ ਜ਼ਿੱਦੀ ਆਂ...ਕਿਤੇ ਨੀ ਜਾਣ ਦੇਣਾ ਤੁਹਾਨੂੰ।' ਭਾਵੇਂ ਉਹ ਸੰਭਲਣ ਦੀ ਕੋਸ਼ਿਸ਼ ਕਰਦੀ ਪਰ ਜ਼ਿੰਮੇਵਾਰੀਆਂ ਅਤੇ ਤੰਗੀਆਂ ਤੁਰਸ਼ੀਆਂ ਫਿਰ ਆ ਘੇਰਦੀਆਂ।

ਇੱਕ ਦਿਨ ਕਿਸੇ ਚੈਨਲ ਵਾਲਿਆਂ ਦਾ ਫ਼ੋਨ ਆਇਆ। ਉਹ ਇੰਟਰਵਿਊ ਲਈ ਸਮਾਂ ਮੰਗ ਰਹੇ ਸਨ। ਉਸ ਦੀ ਮਾਂ ਵੇਲੇ ਦੀ ਜਾਣ-ਪਛਾਣ ਦੇ ਸਨ। ਉਸ ਨੇ ਉਨ੍ਹਾਂ ਨੂੰ ਸਮਾਂ ਦੇ ਦਿੱਤਾ। ਇੰਟਰਵਿਊ ਸਮੇਂ ਉਸ ਦੀਆਂ ਅੱਖਾਂ ਵਿਚੋਂ ਵਗਦੇ ਅੱਥਰੂ ਹਜ਼ਾਰਾਂ ਲੱਖਾਂ ਦਰਸ਼ਕਾਂ ਦੀਆਂ ਅੱਖਾਂ ਵਿਚੋਂ ਵਗ ਤੁਰੇ ਸਨ। ਬਹੁਤ ਸਾਰੇ ਉਨ੍ਹਾਂ ਦੀ ਗਾਇਕੀ ਨੂੰ ਪਿਆਰ ਕਰਨ ਵਾਲਿਆਂ ਦੇ ਹੱਥ ਮਦਦ ਲਈ ਵਧੇ। ਉਸ ਦਾ ਆਖਣਾ ਸੀ ਮਦਦ ਨਹੀਂ, ਕੰਮ ਚਾਹੀਦਾ ਐ। ਲੋਕਾਂ ਦੀ ਪ੍ਰਤੀਕ੍ਰਿਆ ਨੇ ਉਸ ਨੂੰ ਹੌਸਲਾ ਦਿੱਤਾ। ਕਈਆਂ ਆਖਿਆ ਸਾਨੂੰ ਤਾਂ ਪਤਾ ਹੀ ਨਹੀਂ ਸੀ ਕਿ ਪਰਿਵਾਰ ਔਖ ਵਿੱਚ ਹੈ। ਬਹੁਤ ਸਾਰੇ ਹੱਥ ਦੁਆਵਾਂ ਲਈ ਉੱਠੇ, ਬਹੁਤ ਸਾਰੇ ਅਸ਼ੀਰਵਾਦ ਲਈ ਅਤੇ ਬਹੁਤ ਸਾਰੇ ਮਦਦ ਲਈ। ਉਸ ਦਾ ਮਨ ਖ਼ੁਸ਼ੀ ਨਾਲ ਭਰ ਗਿਆ, ਚੰਗਾ ਸੁਣਨ ਵਾਲੇ ਵੀ ਬਹੁਤ ਹਨ।

ਸਵੇਰ ਹੁੰਦਿਆਂ ਫੋਨ ਵੱਜਿਆ, ਕਿਸੇ ਆਖਿਆ, ਭੈਣ ਜੀ ਬੇਟੇ ਦਾ ਵਿਆਹ ਐ, ਘੋੜੀਆਂ ਤੁਸੀਂ ਗਾਉਣੀਆਂ ਨੇ। ਕਿਸੇ ਆਖਿਆ, ਧੀ ਦਾ ਵਿਆਹ ਐ, ਤੁਸਾਂ ਜ਼ਰੂਰ ਆਉਣਾ ਐ। ਉਸ ਦੀ ਧੀ ਨੇ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਮਾਂ ਦੇ ਨਾਲ ਗਈ ਜੁਗਨੀ ਉਸ ਨੂੰ ਹੱਸਦੀ ਖੇਡਦੀ ਆਖਦੀ ਜਾਪੀ। ਜੇ ਤੇਰੀ ਮਾਂ ਕਿਤੇ ਨਹੀਂ ਗਈ, ਗਈ ਮੈਂ ਵੀ ਨਹੀਂ, ਤੇਰੇ ਨਾਲ ਈ ਹਾਂ। ਉਸ ਨੇ ਮੁਸਕਰਾਉਂਦਿਆਂ ਪੁੱਛਿਆ,'ਤੂੰ ਪਰਤ ਆਈ ਏਂ?' ਅੱਗੋਂ ਜੁਗਨੀ ਨੇ ਵੀ ਹੁੰਗਾਰਾ ਭਰਿਆ।

# ਮਿੰਨੀ ਕਹਾਣੀਆਂ

## ਅਪਨੀ ਤੇ ਪਰਾਈ

**ਰਣਜੀਤ ਆਜ਼ਾਦ ਕਾਂਝਲਾ**

"ਬੇਬੇ! ਮੇਰੀ ਵਿਚਕਾਰਲੀ ਚਾਚੀ ਕਦੋਂ ਆਊਗੀ?" ਅੱਠ ਕੁ ਸਾਲ ਦੀ ਪੋਤੀ ਨੇ ਦਾਦੀ ਨੂੰ ਪੁੱਛਿਆ।

"ਤੇਰਾ ਚਾਚਾ ਨ੍ਹੀਂ ਲਿਆਉਂਦਾ," ਅੱਗੋਂ ਦਾਦੀ ਨੇ ਘੜਿਆ ਘੜਾਇਆ ਜਵਾਬ ਦਿੱਤਾ।

"ਕਿਉਂ ਨ੍ਹੀਂ ਲਿਆਉਂਦਾ ਚਾਚਾ? ਉਹ ਤਾਂ ਮੈਨੂੰ ਕਿੰਨਾ ਲਾਡ-ਪਿਆਰ ਕਰਦੀ ਐ!!!" ਪੋਤੀ ਨੇ ਅੱਗੋਂ ਹੋਰ ਸਵਾਲ ਕਰ ਦਿੱਤਾ।

"ਮੈਨੂੰ ਨ੍ਹੀਂ ਪਤਾ। ਆਪਣੇ ਚਾਚੇ ਤੋਂ ਹੀ ਪੁੱਛ ਲਈ ਆਥਣੇ ਖੇਤੋਂ ਆਏ ਨੂੰ।" ਦਾਦੀ ਪੋਤੀ ਦੀਆਂ ਇਨ੍ਹਾਂ ਗੱਲਾਂ ਤੋਂ ਚਿੜ ਗਈ ਸੀ, "ਉਹ ਕਿਵੇਂ ਆਜੂ ਹੁਣ ਏਸ ਘਰ 'ਚ? ਸਾਰੇ ਅੰਗ ਸਾਕ ਵਿੱਚ ਸਾਡਾ ਉਨ੍ਹਾਂ ਨੇ ਨੱਕ ਵੱਢ 'ਤਾ। ਮੇਰਾ ਐਡਾ ਸੋਹਣਾ ਸੁਨੱਖਾ ਜਵਾਨ ਕਮਾਊ ਪੁੱਤ। ਕੀ ਸਰਿਆ ਤੋਂ ਆਹ ਚਾਰ ਲੀਰਾਂ! ਨਾ ਕੋਈ ਕਾਰ ਨਾ ਕੋਈ ਹੋਰ ਚੱਜ ਦਾ ਗਹਿਣਾ ਗੱਟਾ ਤੇ ਕੱਪੜਾ ਲੱਤਾ!" ਦਾਦੀ ਡਾਹਢੇ ਗੁੱਸੇ ਵਿੱਚ ਝੱਗ ਸੁੱਟ ਰਹੀ ਸੀ। ਪੋਤੀ ਦੇ ਬਾਲ ਮਨ ਵਿੱਚ 'ਨੱਕ ਵੱਢ 'ਤਾ' ਵਾਲੀ ਗੱਲ ਘਰ ਕਰ ਗਈ।

ਸਮਾਂ ਅਪਨੀ ਭੌਣੀ ਦੁਆਲੇ ਘੁੰਮਦਾ ਗਿਆ। ਕੁਝ ਦਿਨਾਂ ਪਿੱਛੋਂ ਉਸ ਪੋਤੀ ਦੀ ਭੂਆ ਜਿਹਦਾ ਵਿਆਹ ਹੋਏ ਨੂੰ ਅਜੇ ਚਾਰ ਕੁ ਮਹੀਨੇ ਹੋਏ ਸਨ, ਆਪਣੇ ਪੇਕੇ ਘਰ ਆ ਬੈਠੀ ਸਹੁਰਿਆਂ ਨਾਲ ਲੜ ਕੇ। ਲਗਾਤਾਰ ਕਾਫ਼ੀ ਸਮੇਂ ਤੋਂ ਰਹਿ ਰਹੀ ਭੂਆ ਪ੍ਰਤੀ ਸੋਚ ਕੇ ਦਾਦੀ ਦੀ ਪੋਤੀ ਨੇ ਇੱਕ ਦਿਨ ਅਚੇਤ ਮਨ ਹੀ ਪੁੱਛਿਆ, "ਬੇਬੇ! ਮੇਰੀ ਭੂਆ ਆਪਣੇ ਸਹੁਰੀਂ ਕਦ ਜਾਊਗੀ ?" "ਇਹ ਨ੍ਹੀਂ ਜਾਂਦੀ ਹੁਣ ਸਹੁਰੀਂ," ਦਾਦੀ ਨੇ ਕੁਝ ਖ਼ਫ਼ਾ ਹੁੰਦੀ ਨੇ ਕਿਹਾ, "ਉਦੋਂ ਤਾਂ ਕਹਿੰਦੇ ਸਾਨੂੰ ਸੋਹਣੀ ਸੁਨੱਖੀ, ਸਹੁੰਨਰੀ ਲੜਕੀ ਚਾਹੀਦੀ ਐ, ਹੋਰ ਕਾਸੇ ਦੀ ਕੋਈ ਲੋੜ ਨ੍ਹੀਂ। ਹੁਣ ਦਾਜ ਲਈ ਐਡਾ ਮੂੰਹ ਅੱਡ ਰੱਖਿਐ।"

"ਕਿਉਂ ਬੇਬੇ? ਭੂਆ ਨੇ ਵੀ ਮੇਰੀ ਚਾਚੀ ਵਾਂਗੂੰ ਆਪਣੇ ਸਹੁਰਿਆਂ ਦਾ ਨੱਕ ਵੱਢ 'ਤਾ?" ਪੋਤੀ ਦਾ ਪਵਿੱਤਰ ਮਨ ਬੋਲਿਆ। "ਕਾਹਨੂੰ ਧੀਏ! ਤੇਰੀ ਭੂਆ ਦੇ ਤਾਂ ਖੋਟੇ ਲੇਖ ਲਿਖ 'ਤੇ ਰੱਬ ਨੇ!" ਦਾਦੀ ਨੇ ਪੋਤੀ ਨੂੰ ਘੁੱਟ ਕੇ ਸੀਨੇ ਨਾਲ ਲਾਇਆ ਤੇ ਡੁਸਕਣ ਲੱਗ ਪਈ।

* * *

## ਮਜਬੂਰੀ

**ਗੁਰਤੇਜ ਸਿੰਘ ਖੁਡਾਲ**

ਮੈਲੇ ਅਤੇ ਫਟੇ ਜਿਹੇ ਕੱਪੜਿਆਂ ਵਾਲੀ ਇੱਕ ਬਜ਼ੁਰਗ ਔਰਤ ਪਿਛਲੇ ਕਾਫ਼ੀ ਸਮੇਂ ਤੋਂ ਸਾਡੇ ਦਫ਼ਤਰ (ਅਦਾਲਤਾਂ) ਦੇ ਮੇਨ ਗੇਟ 'ਤੇ ਬੈਠੀ ਆਉਂਦੇ ਜਾਂਦੇ ਲੋਕਾਂ ਤੋਂ ਪੈਸੇ ਮੰਗਦੀ ਸੀ। ਅਦਾਲਤਾਂ ਵਿੱਚ ਬਾਹਰੋਂ ਆਉਣ ਜਾਣ ਵਾਲੇ ਲੋਕ ਅਤੇ ਮੁਲਾਜ਼ਮ ਉਸ ਨੂੰ ਲੋੜਵੰਦ ਸਮਝ ਕੇ ਪੈਸੇ ਦੇ ਜਾਂਦੇ ਸਨ। ਉਸ ਦਾ ਟਾਈਮ ਬਿਲਕੁਲ ਪੱਕਾ ਸੀ। ਉਹ ਸਾਡੇ ਦਫ਼ਤਰ ਆਉਣ ਤੋਂ ਪਹਿਲਾਂ ਮੇਨ ਗੇਟ 'ਤੇ ਬੈਠੀ ਮਿਲਦੀ ਸੀ। ਦੁਪਹਿਰ ਦੇ ਇੱਕ ਵਜੇ ਅੱਧੀ ਛੁੱਟੀ (ਖਾਣੇ ਦਾ ਸਮਾਂ) ਵੇਲੇ ਇਹ ਬਜ਼ੁਰਗ ਔਰਤ ਵੀ ਇੱਕ ਪਾਸੇ ਜਾ ਕੇ ਲੋਕਾਂ ਤੋਂ ਮੰਗੇ ਹੋਏ ਪੈਸਿਆਂ ਦੀ ਗਿਣਦੀ ਕਰਦੀ ਸੀ। ਉਸ ਦਾ ਪੈਸੇ ਗਿਣਨ ਦਾ ਪੱਕਾ ਟਿਕਾਣਾ ਸਾਡੀ ਚਾਹ ਵਾਲੀ ਕੰਟੀਨ ਕੋਲ ਸੀ। ਅਸੀਂ ਵੀ ਰੋਜ਼ਾਨਾ ਇੱਕ ਵਜੇ ਚਾਹ ਪੀਣ ਜਾਂਦੇ ਤਾਂ ਉਸ ਬਜ਼ੁਰਗ ਮਾਤਾ ਨੂੰ ਵੀ ਇੱਕ ਕੱਪ ਪਿਲਾ ਦਿੰਦੇ ਸੀ। ਉਸ ਨੂੰ ਪੁੱਛ ਲੈਂਦੇ ਕਿ ਮਾਤਾ ਅੱਜ ਕਿੰਨੇ ਪੈਸੇ ਬਣਗੇ। ਫਿਰ ਉਹ ਦੱਸਦੀ ਕਿ "ਆਜ ਤੋ ਬੇਟਾ ਦੋ ਸੌ ਬਨਾ ਹੈ ਜਾਂ ਤੀਨ ਸੌ ਬਨਾ ਹੈ!" ਸਾਡੇ ਸਾਹਮਣੇ ਚਾਹ ਪੀਂਦੀ ਗੱਲਾਂ ਕਰਨ ਲੱਗ ਜਾਂਦੀ ਸੀ। ਅਸੀਂ ਕਿਹਾ, "ਮਾਤਾ ਤੈਨੂੰ ਹਰ ਰੋਜ਼ ਦੋ ਸੌ, ਤਿੰਨ ਸੌ ਦੇ ਕਰੀਬ ਪੈਸੇ ਇਕੱਠੇ ਹੋ ਜਾਂਦੇ ਹਨ। ਫਿਰ ਤੂੰ ਹਰ ਰੋਜ਼ ਕਿਉਂ ਆਉਂਦੀ ਹੈਂ? ਕਦੇ ਆਰਾਮ ਵੀ ਕਰ ਲਿਆ ਕਰ। ਤੇਰੀ ਉਮਰ ਵੱਡੀ ਹੈ।" "ਬੇਟਾ ਕਿਆ ਬਤਾਊਂ ਯਹਾਂ ਆਨੇ ਸੇ ਪਹਿਲੇ ਮੈਂ ਹਰ ਰੋਜ਼ ਸੁਬ੍ਹਾ ਇੱਕ ਮੰਦਰ ਕੇ ਗੇਟ ਪਰ ਬੈਠ ਕਰ ਭੀ ਮਾਂਗਤੀ ਹੂੰ, ਵਹਾਂ ਵੀ ਮੇਰੇ ਕੋ ਡੇਢ ਦੋ ਸੌ ਬਨ ਜਾਤਾ ਹੈ।" ਅਸੀਂ ਸਾਰੇ ਦਫ਼ਤਰ ਵਾਲੇ ਬਹੁਤ ਹੈਰਾਨ ਹੋਏ ਕਿ ਮਾਤਾ ਨੇ ਪੈਸੇ ਕੀ ਕਰਨੇ ਹਨ। ਸਾਨੂੰ ਤਾਂ ਇਹ ਸੀ ਕਿ ਇਹ ਬਜ਼ੁਰਗ ਔਰਤ ਇੱਕ ਵਜੇ ਪੈਸੇ ਗਿਣ ਕੇ, ਚਾਹ ਪੀ ਕੇ ਆਪਣੇ ਘਰ ਚਲੀ ਜਾਂਦੀ ਹੈ ਅਤੇ ਘਰ ਜਾ ਕੇ ਆਰਾਮ ਕਰਦੀ ਹੋਵੇਗੀ। ਮਾਤਾ ਕਹਿੰਦੀ, "ਨਹੀਂ ਬੇਟਾ, ਅਭੀ ਤੋ ਮੈਨੇ ਬਾਜ਼ਾਰ ਵਾਲੇ ਮੇਨ ਚੌਕ ਮੇਂ ਜਾਕਰ ਬੈਠ ਕਰ ਮਾਂਗਨਾ ਹੈ। ਮੈਂ ਸੁਬ੍ਹਾ ਛੇ ਵਜੇ ਘਰ ਸੇ ਆਤੀ ਹੂੰ ਔਰ ਸ਼ਾਮ ਕੋ ਸਾਤ ਵਜੇ ਘਰ ਜਾਤੀ ਹੂੰ।" ਇਹ ਗੱਲ ਸੁਣ ਕੇ ਅਸੀਂ ਸਾਰੇ ਹੈਰਾਨ ਹੋ ਗਏ। ਫਿਰ ਮਾਤਾ ਨੇ ਦੱਸਿਆ ਕਿ ਉੱਥੇ ਵੀ ਉਸ ਨੂੰ ਦੋ ਢਾਈ ਸੌ ਰੁਪਏ ਬਣ ਜਾਂਦੇ ਹਨ। ਅਸੀਂ ਸਾਰਾ ਹਿਸਾਬ ਲਾਇਆ ਕਿ ਮਾਤਾ ਨੂੰ ਹਰ ਰੋਜ਼ ਅੱਠ ਸੌ ਤੋਂ ਲੈ ਕੇ ਹਜ਼ਾਰ ਰੁਪਏ ਤੱਕ ਬਣਦੇ ਹਨ। ਅਸੀਂ ਦੁਬਾਰਾ ਕਿਹਾ, "ਮਾਤਾ, ਤੂੰ ਕਦੇ ਆਰਾਮ ਵੀ ਕਰ ਲਿਆ ਕਰ, ਤੇਰੀ ਉਮਰ ਬਹੁਤ ਹੈ। ਤੂੰ ਹਰ ਰੋਜ਼ ਆਉਂਦੀ ਹੈਂ, ਕਦੇ ਛੁੱਟੀ ਕਿਉਂ ਨਹੀਂ ਕਰਦੀ?"

ਫਿਰ ਉਸ ਬਜ਼ੁਰਗ ਮਾਤਾ ਨੇ ਹਕੀਕਤ ਦੱਸੀ, "ਮੈਂ ਅਪਨੀ ਬੇਟੀ ਕੇ ਪਾਸ ਰਹਿਤੀ ਹੂੰ। ਮੇਰੇ ਘਰਵਾਲੇ ਕੀ ਮੌਤ ਹੋ ਗਈ ਹੈ। ਮੇਰਾ ਜਵਾਈ ਕੁਛ ਕਾਮ ਨਹੀਂ ਕਰਤਾ। ਸਾਰਾ ਦਿਨ ਵਿਹਲਾ ਘਰ ਮੇਂ ਪੜਾ ਰਹਿਤਾ ਹੈ। ਮੈਂ ਜਿਤਨੇ ਵੀ ਪੈਸੇ ਲੇਕਰ ਜਾਤੀ ਹੂੰ ਵੋ ਸਭ ਲੇ ਲੇਤਾ ਹੈ। ਦਾਰੂ ਪੀਤਾ ਹੈ, ਨਸ਼ੇ ਕਰਤਾ ਹੈ ਔਰ ਮੀਟ ਖਾਤਾ ਹੈ। ਅਗਰ ਮੈਂ ਕਹੂੰ ਕਿ ਮੈਨੇ ਨਹੀਂ ਜਾਣਾ, ਮੈਂ ਬਿਮਾਰ ਭੀ ਹੋਊਂ ਤੋ ਮੇਰੇ ਕੋ ਪੀਟਤਾ ਹੈ। ਮੈਂ ਕਿਆ ਕਰੂੰ ਬੇਟਾ, ਮੇਰੀ ਮਜਬੂਰੀ ਹੈ ਔਰ ਮੈਂ ਬਹੁਤ ਦੁਖੀ ਹੂੰ।"

ਮਾਤਾ ਦੀ ਗੱਲ ਸੁਣ ਕੇ ਸਾਨੂੰ ਸਭ ਨੂੰ ਬਹੁਤ ਦੁੱਖ ਤੇ ਪਛਤਾਵਾ ਹੋਇਆ ਕਿ ਅਸੀਂ ਤਾਂ ਇਸ ਬਜ਼ੁਰਗ ਔਰਤ ਨੂੰ ਲੋੜਵੰਦ ਸਮਝ ਕੇ ਉਸ ਦੀ ਮਦਦ ਕਰਦੇ ਸੀ, ਪਰ ਸਾਨੂੰ ਕੀ ਪਤਾ ਸੀ ਕਿ ਸਾਡੇ ਦਿੱਤੇ ਹੋਏ ਦਾਨ ਦੇ ਪੈਸਿਆਂ ਅਤੇ ਸਾਮਾਨ ਨਾਲ ਇੱਕ ਨਿਕੰਮਾ, ਨਸ਼ੇੜੀ ਅਤੇ ਕੰਮਚੋਰ ਆਦਮੀ ਪੂਰੀ ਐਸ਼ ਉਡਾ ਰਿਹਾ ਹੈ।

# ਮੇਰੀ ਕਲਮ

## ਪੈਸਾ
ਜਗਜੀਤ ਸਿੰਘ ਲੱਡਾ

ਹੱਥਾਂ ਦੀ ਮੈਲ ਨਹੀਂ, ਬਿਆਈਆਂ ਤੇ ਅੱਟਣ ਹੁੰਦਾ ਹੈ ਪੈਸਾ।
'ਲੱਡੇ' ਬੱਸ ਵਿਹਲੇ ਖਾਣ ਵਾਲੇ ਹੀ ਬੋਲ ਸਕਦੇ ਨੇ ਐਸਾ।
ਪੁੱਛੋ ਉਨ੍ਹਾਂ ਮਜ਼ਦੂਰਾਂ ਕੋਲੋਂ ਜੋ ਰੋਟੀਆਂ ਬੰਨ੍ਹ ਘਰੋਂ ਤੁਰਦੇ,
ਲੂ 'ਚ ਤਪਣ ਠੰਢ 'ਚ ਠਰਨ ਦਿਹਾੜੀ ਛੁੱਟਣ ਡਰੋਂ ਝੁਰਦੇ,
ਉਨ੍ਹਾਂ ਦੇ ਘਰਾਂ ਤੇ ਕੱਪੜਿਆਂ ਦਾ ਹਾਲ ਹੁੰਦਾ ਉਨ੍ਹਾਂ ਜੈਸਾ।
ਹੱਥਾਂ ਦੀ ਮੈਲ ਨਹੀਂ, ਬਿਆਈਆਂ ਤੇ ਅੱਟਣ ਹੁੰਦਾ ਹੈ ਪੈਸਾ।
ਜਾ ਕੇ ਦੇਖੋ ਪਥੇਰਾਂ 'ਚ ਕਿਵੇਂ ਢਿੱਡ ਚੱਟ ਦਿੰਦਾ ਏ ਸਾਂਚਾ,
ਜਾਂ ਪੁੱਛੋ ਪੱਲੇਦਾਰਾਂ ਨੂੰ ਕਿ ਕਿਉਂ ਕੁੱਬਾ ਤੁਹਾਡਾ ਢਾਂਚਾ,
ਗਟਰ ਸਾਫ਼ ਕਰਨੇ ਵੀ ਬੰਦੇ ਨੇ ਕਦੋਂ ਚਾਹੁੰਦੇ ਕੰਮ ਵੈਸਾ।
ਹੱਥਾਂ ਦੀ ਮੈਲ ਨਹੀਂ, ਬਿਆਈਆਂ ਤੇ ਅੱਟਣ ਹੁੰਦਾ ਹੈ ਪੈਸਾ।
ਦੇਖੋ ਉਨ੍ਹਾਂ ਨੂੰ ਜਿਹੜੀਆਂ ਦੇ ਗੋਹੇ-ਕੂੜੇ ਘਸਾਏ ਪੋਟੇ,
ਤਾਉਮਰ ਮਾਂ ਕੱਖ ਢੋਏ ਬਾਪ ਸੀਰੀ ਫੇਰ ਵੀ ਕਰਮ ਖੋਟੇ,
ਸਮਝ ਨਾ ਲੱਗੇ ਜੇ ਰੱਬ ਭਲਾ ਕਰੇ ਤਾਂ ਇਹ ਇਨਸਾਫ਼ ਕੈਸਾ।
ਹੱਥਾਂ ਦੀ ਮੈਲ ਨਹੀਂ, ਬਿਆਈਆਂ ਤੇ ਅੱਟਣ ਹੁੰਦਾ ਹੈ ਪੈਸਾ।
ਆਪਣੀ ਐਸ਼ ਲਈ ਚਾਤੁਰ ਲੋਕਾਂ ਨੇ ਇਹ ਵਾਕ ਘੜੇ ਹੋਏ,
ਘੱਟਾ ਢੋਈ ਜਾਣ ਲਭ ਲੋਕ ਇਨ੍ਹਾਂ ਭਰਮਾਂ 'ਚ ਖੋਏ-ਖੋਏ,
ਕਿ ਰੱਬ ਮਿਹਰ ਕਰੂ ਕਦੇ ਤਾਂ ਆਪਣੇ ਕੋਲ ਵੀ ਹੋਊ ਪੈਸਾ।
ਹੱਥਾਂ ਦੀ ਮੈਲ ਨਹੀਂ, ਬਿਆਈਆਂ ਤੇ ਅੱਟਣ ਹੁੰਦਾ ਹੈ ਪੈਸਾ।

## ਗ਼ਜ਼ਲ
ਬਲਵਿੰਦਰ ਬਾਲਮ ਗੁਰਦਾਸਪੁਰ

ਪੜ੍ਹ ਲਿਖ ਕੇ ਵੀ ਅੰਧ-ਵਿਸ਼ਵਾਸੀ ਲੋਕ ਬੜੇ ਨੇ ਤੇਰੇ ਸ਼ਹਿਰ।
ਮੁਕਤੀ ਦੇ ਲਈ ਇੱਕ ਲੱਤ ਉੱਤੇ ਸਾਧ ਖੜ੍ਹੇ ਨੇ ਤੇਰੇ ਸ਼ਹਿਰ।
ਮੱਧ ਵਰਗ ਵਿੱਚ ਨਿਮਨ ਸਤਰ ਤੇ ਬੇਰੁਜ਼ਗਾਰੀ ਹੜਤਾਲਾਂ,
ਮਹਿਲਾਂ ਦੇ ਵਿੱਚ ਹੀਰੇ ਮੋਤੀ ਲਾਲ ਜੜੇ ਨੇ ਤੇਰੇ ਸ਼ਹਿਰ।
ਅਸਲ ਸ਼ਰਾਰਤ ਕਰਕੇ ਦੋਸ਼ੀ ਵਿੱਚ ਅਦਾਲਤ ਬਚ ਨਿਕਲੇ ਨੇ,
ਨਿਰਦੋਸ਼ਾਂ ਦੇ ਉੱਪਰ ਸਾਰੇ ਦੋਸ਼ ਮੜੇ ਨੇ ਤੇਰੇ ਸ਼ਹਿਰ।
ਹਾਕਮ ਦੇ ਪ੍ਰਸ਼ਾਸਨ ਨੂੰ ਫਿਰ ਕਿਉਂ ਤੂੰ ਬਦਲ ਨਹੀਂ ਹੈ ਦਿੰਦਾ,
ਅਪਣੇਂ ਹੱਥੀਂ ਆਪਣਿਆਂ ਦੇ ਘਰ-ਬਾਰ ਸੜੇ ਨੇ ਤੇਰੇ ਸ਼ਹਿਰ।
ਜਾਇਜ਼ ਮੰਗਾਂ ਦੇ ਲਈ ਆਗੂ ਹੋ-ਹੋ ਕੇ ਫਿਰ ਮਜਬੂਰ ਬੜੇ,
ਹੱਕ ਦੀ ਖ਼ਾਤਿਰ ਸੂਲੀ 'ਤੇ ਆਣ ਚੜ੍ਹੇ ਨੇ ਤੇਰੇ ਸ਼ਹਿਰ।
ਵੇਖ ਸਪੇਰੇ ਨਾਲ ਰਲੇ ਨੇ ਬੀਨ ਛੁਪਾ ਕੇ ਬੁੱਕਲ ਦੇ ਵਿੱਚ,
ਵੱਖ-ਵੱਖ ਫਨੀਅਰ ਤੇ ਦੋਮੂੰਹੇਂ ਸੱਪ ਵੜੇ ਨੇ ਤੇਰੇ ਸ਼ਹਿਰ।
ਪੰਛੀਆਂ ਨੇ ਬਸ ਇੱਕ ਏਕੇ ਵਿੱਚ ਜੁਰਅੱਤ ਨਾਲ ਕੰਮ ਏਦਾਂ ਕੀਤਾ,
ਜਾਲ ਵਿਛਾਉਂਦੇ ਹੋਏ ਫਿਰ ਸੱਯਾਦ ਫੜੇ ਨੇ ਤੇਰੇ ਸ਼ਹਿਰ।
ਪਥ ਪ੍ਰਦਰਸ਼ਕ ਜਿਨ੍ਹਾਂ ਬਣਨਾ ਉਨ੍ਹਾਂ ਦਾ ਇਹ ਹਾਲ ਹੈ ਹੋਇਆ,
ਰਹਿਬਰ-ਰਹਿਬਰ ਆਪਸ ਦੇ ਵਿੱਚ ਫੇਰ ਲੜੇ ਨੇ ਤੇਰੇ ਸ਼ਹਿਰ।
ਖ਼ੁਸ਼ਬੂ ਦੀ ਰਖਵਾਲੀ ਕਰਕੇ ਦਿੰਦੇ ਨੇ ਅਪਣੀ ਕੁਰਬਾਨੀ,
ਕੰਡੇ ਵੀ ਹੱਕ ਲੈਣ ਲਈ ਆਪਣੇ ਵੇਖ ਅੜੇ ਨੇ ਤੇਰੇ ਸ਼ਹਿਰ।
ਮਾਰੂਥਲ ਘਬਰਾਈਂ ਨਾ ਤੂੰ ਵੇਖ ਕਰਿਸ਼ਮਾ ਕੁਦਰਤ ਵਾਲਾ,
ਘੋਰ ਘਟਾ ਦਾ ਝੁਰਮਟ ਲੈ ਕੇ ਮੇਘ ਚੜ੍ਹੇ ਨੇ ਤੇਰੇ ਸ਼ਹਿਰ।
ਫਿਰ ਵੀ ਦੁਨੀਆ ਬਾਜ਼ ਨਈਂ ਆਉਂਦੀ ਘਰ ਬਾਹਰ ਲੁਟਾਵਣ ਤੋਂ,
ਕਿੰਨੇ ਬਲਾਤਕਾਰੀ ਬਾਬੇ ਬੋਚ ਫੜੇ ਨੇ ਤੇਰੇ ਸ਼ਹਿਰ।
'ਬਾਲਮ' ਆਖ਼ਰ ਨੇਰ੍ਹੇ ਨੇ ਤਾਂ ਇੱਕ ਦਿਨ ਮੁੱਕਣਾ ਨਿਸ਼ਚਿਤ ਹੀ ਸੀ,
ਸੁਰਖ਼ ਸਵੇਰੇ ਲੈ ਕੇ ਸੂਰਜ ਵੇਖ ਚੜ੍ਹੇ ਨੇ ਤੇਰੇ ਸ਼ਹਿਰ।

## ਗੱਲ ਬੇਸੁਆਦੀ
ਰਾਬਿੰਦਰ ਸਿੰਘ ਰੱਬੀ

ਰਹੀ ਵਧਦੀ ਆਬਾਦੀ, ਗੱਲ ਹੋ ਗੀ ਬੇਸੁਆਦੀ।
ਸਦੀ ਇੱਕੀਵੀਂ ਹੈ ਆਈ, ਗੱਲ ਝੂਠ ਨਹੀਂ ਕਾਈ।
ਹੁਣ ਕਹੋ ਇਹੋ ਗੱਲ ਹਿੱਕ ਠੋਕ ਦੋਸਤੋ,
ਵਧਦੀ ਆਬਾਦੀ ਨੇ ਮੁਹਾਲ ਕੀਤਾ ਜੀਣਾ,
ਜਨਸੰਖਿਆ 'ਤੇ ਲਾਉਣੀ ਪੈਣੀ ਰੋਕ ਦੋਸਤੋ।
ਬੱਚਾ ਇੱਕ ਹੀ ਬਥੇਰਾ, ਕਰ ਲਓ ਵੱਡਾ ਜੇਰਾ।
ਮੁੰਡੇ ਕੁੜੀ ਦਾ ਨਹੀਂ ਰੌਲਾ, ਚਿੱਤ ਕਰੋ ਨਾ ਹੌਲਾ।
ਰਹੇ ਮੁੰਡੇ ਦੀ ਹੀ ਲਾਲਸਾ 'ਚ ਲੋਕ ਦੋਸਤੋ,
ਵਧਦੀ ਆਬਾਦੀ ਨੇ ਮੁਹਾਲ ਕੀਤਾ ਜੀਣਾ,
ਜਨਸੰਖਿਆ 'ਤੇ ਲਾਉਣੀ ਪੈਣੀ ਰੋਕ ਦੋਸਤੋ।
ਕੀਤਾ ਬੜਾ ਪ੍ਰਚਾਰ, ਨਹੀਂ ਮੰਨੀ ਅਸਾਂ ਹਾਰ,
ਸੋਮੇ ਕੁਦਰਤੀ ਘਟੇ, ਅਸੀਂ ਅਜੇ ਵੀ ਨਹੀਂ ਹਟੇ।
ਇਹ ਚਿੰਬੜ ਗਈ ਲਹੂ ਪੀਣੀ ਜੋਕ ਦੋਸਤੋ,
ਵਧਦੀ ਆਬਾਦੀ ਨੇ ਮੁਹਾਲ ਕੀਤਾ ਜੀਣਾ,
ਜਨਸੰਖਿਆ 'ਤੇ ਲਾਉਣੀ ਪੈਣੀ ਰੋਕ ਦੋਸਤੋ।
ਇਹ ਰੱਬੀ ਦਾ ਹੈ ਕਹਿਣਾ, ਜੇ ਜੱਗ ਵਿੱਚ ਰਹਿਣਾ।
ਕਹਿਣਾ ਮੰਨ ਲਓ ਮੇਰਾ, ਤੋੜੋ ਜਹਾਲਤਾਂ ਦਾ ਘੇਰਾ।
ਰਹੇ ਨਰਕ 'ਚ ਜ਼ਿੰਦਗੀ ਨੂੰ ਝੋਕ ਦੋਸਤੋ।
ਵਧਦੀ ਆਬਾਦੀ ਨੇ ਮੁਹਾਲ ਕੀਤਾ ਜੀਣਾ,
ਜਨਸੰਖਿਆ 'ਤੇ ਲਾਉਣੀ ਪੈਣੀ ਰੋਕ ਦੋਸਤੋ।

## ਗੱਭਰੂ ਪੰਜਾਬ ਦਾ
ਡਾ. ਜਸਪਾਲ ਸਿੰਘ

ਨਦੀਆਂ ਨਾਲ਼ੇ ਪੰਜਾਬ ਦੇ, ਨਸ਼ਿਆਂ ਦੇ ਵਿੱਚ ਹੜ੍ਹਦੇ ਜਾਂਦੇ ਨੇ,
ਦੁੱਧ ਮੱਖਣ ਨਾਲ ਪਾਲ਼ੇ ਗੱਭਰੂ, ਚਿੱਟੇ ਦੇ ਨਾਲ ਝੜਦੇ ਜਾਂਦੇ ਨੇ,
ਮੁਟਿਆਰਾਂ ਦੇ ਚੂੜੇ ਦਾ ਰੰਗ ਨਾ ਰਿਹਾ ਗੁਲਾਬ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ
ਸੁੱਕਿਆ ਗੁਲਾਬ, ਮੁੜ ਕਦੇ ਖਿੜਨਾ ਨਹੀਂ,
ਗੁਆਚਿਆ ਜਲੌਅ ਸਾਡਾ, ਕਦੇ ਮੁੜਨਾ ਨਹੀਂ,
ਕੋਈ ਬੇਗਾਨਾ ਨਹੀਂ ਸੰਵਾਰੂ ਮੁਖੜਾ, ਵਿਗੜੇ ਸਮਾਜ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ
ਮਾਵਾਂ ਦੇ ਚਾਅ, ਪਿਓ ਦੀ ਅਣਖ ਮਰਦੀ ਜਾਂਦੀ ਐ,
ਝੂਠ, ਲਾਲਚ ਤੇ ਨਸ਼ੇ ਦੀ ਹਨੇਰੀ ਚੜ੍ਹਦੀ ਜਾਂਦੀ ਹੈ,
ਲੱਗਦਾ ਨੇੜੇ ਆ ਗਿਆ ਵੇਲ਼ਾ ਪੰਜਾਬੀਆਂ ਦੀ ਸ਼ਾਮ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ
ਕੀ ਸੋਚ ਸਰਾਭੇ ਗਦਰ ਦਾ ਪਰਚਮ ਚੁੱਕਿਆ ਸੀ,
ਕਿਸ ਸੋਚ 'ਤੇ ਭਗਤ ਸਿੰਘ ਫਾਂਸੀ ਦਾ ਰੱਸਾ ਚੁੰਮਿਆ ਸੀ,
ਖੇਰੂੰ-ਖੇਰੂੰ ਕਰਤਾ ਅੱਜ ਊਧਮ ਸਿੰਘ ਦੇ ਖ਼ੁਆਬ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ
ਜਾਏ ਪੰਜਾਬ ਦੇ ਅੱਜ ਪੰਜਾਬ ਨੂੰ ਛੱਡਦੇ ਜਾਂਦੇ ਨੇ,
ਨਿਆਈਂ ਆਲ਼ੇ ਖੇਤ ਦੀਆਂ ਵੱਟਾਂ, ਹੱਥ ਬੇਗਾਨੇ ਵੱਢਦੇ ਜਾਂਦੇ ਨੇ,
ਕਿਉਂ ਨਹੀਂ ਸੁਣਦਾ ਸਾਨੂੰ ਸ਼ੋਰ, ਚਰਖਿਆਂ ਦੇ ਵਿਰਲਾਪ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ
ਫੈਸ਼ਨਾਂ 'ਚ ਡੁੱਬੀਆਂ ਅੱਜ, ਵਿਰਸੇ ਦੀਆਂ ਵਾਰਿਸਾਂ
ਵਿਸਾਰ ਦਿੱਤੀ ਪੰਜਾਬੀ ਬੋਲੀ, ਅੱਜ ਵਾਂਗ ਲਾਵਾਰਿਸਾਂ
ਖੇਡਾ ਦਾ ਸ਼ੌਕੀ ਪੱਟਿਆ ਟੀਕੇ ਦੇ ਸੁਆਦ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ
ਇਹ ਜ਼ਿੰਦਗੀ ਸ਼ੈਅ ਕੀਮਤੀ, ਮੁੜ ਕਦੇ ਮਿਲਣੀ ਨਹੀਂ,
ਨਸ਼ਿਆਂ ਨਾਲ ਮੁਰਝਾਈ ਕਲੀ, ਮੁੜ ਕਦੇ ਖਿੜਣੀ ਨਹੀਂ,
ਕਬੂਲ ਕਰਨਾ ਬੇਨਤੀਨਾਮਾ, ਡਾਕਟਰ ਜਸਪਾਲ ਦਾ
ਬਚਾ ਲਉ ਬਚਦਾ ਜੇਕਰ ਗੱਭਰੂ ਪੰਜਾਬ ਦਾ

## ਭੰਗੜੇ ਨੂੰ ਵੇਖ ਕੇ
ਨਿਰਮਲ ਸਿੰਘ ਰੱਤਾ



ਚੋਬਰਾਂ ਦੇ ਮੁੱਖ 'ਤੇ ਇਲਾਹੀ ਨੂਰ ਸੀ
ਵੇਖ ਕੇ ਅਨੋਖਾ, ਆ ਗਿਆ ਸਰੂਰ ਸੀ
ਢੋਲ ਦਾ ਡਗਾ ਤਾਂ, ਅਤਿ ਹੀ ਕਰਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।
ਚੁੰਮ ਕੇ ਸਟੇਜ, ਵਾਰੋ ਵਾਰੀ ਆ ਚੜ੍ਹੇ
ਬੰਨ ਕੇ ਕਤਾਰਾਂ, ਚੌੜੇ ਸੀਨੇ ਆ ਖੜ੍ਹੇ
ਚਾਦਰੇ 'ਚ ਕਹਿਰ, ਹੈ ਹਰੇਕ ਢਾਹ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।
ਅੰਬਰਾਂ ਤੋਂ ਲੱਗਦੈ, ਸਿਤਾਰੇ ਆ ਗਏ
ਮੁੱਖੜੇ ਤੋਂ ਚੰਨ ਦਾ, ਭੁਲੇਖਾ ਪਾ ਗਏ
ਸੱਜਰੇ ਗੁਲਾਬਾਂ ਦਾ, ਨਸ਼ਾ ਹੈ ਛਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।
ਇੱਕ ਸੀ ਵਜਾਉਂਦਾ,ਅਲਗੋਜ਼ੇ ਆ ਗਿਆ
ਦੂਸਰਾ ਲਿਆ ਕੇ, ਚਿਮਟਾ ਵਜਾ ਗਿਆ
ਤੀਸਰਾ ਲੈ ਕਾਟੋ, ਰੌਣਕਾਂ ਵਧਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।
ਛੈਲ ਤੇ ਛਬੀਲੇ, ਨੇ ਉਮੰਗਾਂ ਭਾਲਦੇ
ਜ਼ਿੰਦਗੀ ਜਿਉਂਦੇ, ਵਿਰਸਾ ਸੰਭਾਲਦੇ
ਜੋਸ਼ ਤੇ ਜਵਾਨੀ, ਸਭ ਨੂੰ ਹੀ ਭਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।
ਘੁੰਮ ਕੇ ਹਵਾ 'ਚ, ਲੁੱਡੀਆਂ ਵੀ ਪਾਉਣ ਜੀ
ਮੋਢਿਆਂ 'ਤੇ ਚੜ੍ਹ, ਬਾਜ਼ੀਆਂ ਲਗਾਉਣ ਜੀ
ਹੁਨਰ ਕਮਾਲ ਦਾ, ਸਿਰਾ ਹੀ ਲਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ
ਰੰਗਲਾ ਪੰਜਾਬ, ਮੇਰਾ ਰਹੇ ਵੱਸਦਾ
ਖ਼ੁਸ਼ੀਆਂ 'ਚ ਖੀਵਾ, 'ਰੱਤਾ' ਰਹੇ ਹੱਸਦਾ
ਲੱਭਣਾ ਆਨੰਦ, ਕਿੰਝ ਹੈ ਸਿਖਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

## ਗ਼ਜ਼ਲ
ਮਨਦੀਪ ਗਿੱਲ ਧੜਾਕ



ਸੁੱਖੀ ਵੱਸੇ ਇਹ ਸੰਸਾਰ ਯਾਰੋ ਕਿੰਨਾ ਚੰਗਾ ਹੈ,
ਕੋਈ ਖਾਵੇ ਨਾ ਏਥੇ ਖ਼ਾਰ ਯਾਰੋ ਕਿੰਨਾ ਚੰਗਾ ਹੈ।
ਸੱਚ ਨੂੰ ਹਰਿਕ ਹੀ ਸੱਚ ਦੱਸੇ, ਰਤਾ ਨਾ ਰੱਖੇ ਪਰਦਾ,
ਸ਼ੀਸ਼ੇ ਵਾਲਾ ਇਹ ਕਿਰਦਾਰ ਯਾਰੋ ਕਿੰਨਾ ਚੰਗਾ ਹੈ।
ਨਾ ਜਾਤ ਦੀ ਕੋਈ ਗੱਲ ਹੋਵੇ, ਨਾ ਹੀ ਮਜ਼ਹਬ ਦਾ ਰੌਲਾ,
ਸਭਨਾਂ ਦਾ ਹੋਵੇ ਸਤਿਕਾਰ ਯਾਰੋ ਕਿੰਨਾ ਚੰਗਾ ਹੈ।
ਖੁੱਲ੍ਹ ਕੇ ਹੱਸੀਏ, ਖੁੱਲ੍ਹ ਕੇ ਰੋਈਏ, ਕਰੀਏ ਦੁੱਖ-ਸੁੱਖ ਸਾਂਝਾ,
ਹੋਵੇ ਨਾ ਦਿਲਾਂ ਦੇ ਵਿੱਚ ਖ਼ਾਰ ਯਾਰੋ ਕਿੰਨਾ ਚੰਗਾ ਹੈ।
ਮਾਂ ਕੋਲੋਂ ਪੁੱਤ ਨਾ ਵਿੱਛੜੇ ਨਾ ਰੁਲੇ ਕੋਈ ਪਰਦੇਸੀਂ,
ਸਭ ਨੂੰ ਮਿਲੇ ਏਥੇ ਰੁਜ਼ਗਾਰ ਯਾਰੋ ਕਿੰਨਾ ਚੰਗਾ ਹੈ।
ਦੁਨੀਆਂ ਅੰਦਰ ਸ਼ਾਂਤੀ ਹੋਵੇ, ਨਾ ਕਿਸੇ ਦਾ ਕੋਈ ਦੁਸ਼ਮਣ,
ਨਾ ਹੋਣ ਐਟਮੀ ਹਥਿਆਰ ਯਾਰੋ ਕਿੰਨਾ ਚੰਗਾ ਹੈ।

## ਗ਼ਜ਼ਲ
ਰਣਜੀਤ ਕੌਰ ਰਤਨ

ਜੀਵਨ ਦਾ ਸੱਚ ਭੁੱਲੇ ਹੋਏ, ਬਣ ਬੈਠੇ ਅਣਜਾਣੇ,
ਖੱਦਰ ਚਿੱਟੇ ਵਿੱਚ ਕਦ ਵਟਣੇ, ਸੂਹੇ ਰੱਤੇ ਬਾਣੇ।
ਭੌਰੇ ਉੱਡੇ ਮਾਰ ਉਡਾਰੀ, ਹੱਥ ਕਦੇ ਨਾ ਆਵਣ,
ਕਿਸਮਤ ਵਿੱਚੋਂ ਕਦ ਮੁੱਕ ਜਾਣੇ, ਕੋਠੀ, ਪਾਣੀ ਦਾਣੇ।
ਆਪੇ ਬੂਟੇ ਲਾਵੇ ਮਾਲੀ, ਆਪੇ ਬਾਗ਼ ਉਜਾੜੇ,
ਭੋਰਾ ਤਰਸ ਨਹੀਂ ਏ ਦੇਖੋ, ਰੋਂਦੇ ਬਾਲ ਨਿਆਣੇ।
ਕੀਤੇ ਘੋਰ ਗੁਨਾਹਾਂ ਦੀ, ਕੀ ਮਿਲ ਜਾਵੇਗੀ ਮਾਫ਼ੀ,
ਗਲ਼ ਵਿੱਚ ਪੱਲਾ ਪਾਈ ਬੈਠੇ ਦੇਖੇ ਨੇ ਜਰਵਾਣੇ।
ਸੁੱਕੇ ਪੱਤੇ ਵਾਂਗੂੰ ਝੜ ਗਏ, ਉੱਡੇ ਸੰਗ ਵਰੋਲੇ,
ਕਿੱਥੇ ਬੀਜੇ ਕਿੱਥੇ ਉੱਗੇ, ਕਿੱਧਰ ਉਸ ਲੈ ਜਾਣੇ।
ਦੇਸ਼ ਮਿਰੇ ਦੇ ਹਾਕਮ ਤਾਈਂ, ਭੋਰਾ ਲੱਜ ਹਯਾ ਨਾ,
ਪੂਰਾ ਦੇਸ਼ ਰਜਾਵਣ ਵਾਲੇ, ਬੈਠੇ ਭੁੱਖਣ ਭਾਣੇ।
ਭੁੱਖ ਹੜਤਾਲਾਂ ਰੋਸ ਮੁਜ਼ਾਹਰੇ, ਸਾਡੇ ਹਿੱਸੇ ਕਿਉਂ ਨੇ ?
ਕੈਸੇ ਤੇਰੇ ਰੰਗ ਵਿਧਾਤਾ, ਸੋਚਣ ਨਿੰਮੋਝਾਣੇ।

## ਚਾਨਣ ਦੇ ਵਣਜਾਰੇ
ਅਮਰਜੀਤ ਸਿੰਘ ਫ਼ੌਜੀ

ਅਸੀਂ ਤਾਂ ਚਾਨਣ ਦੇ ਵਣਜਾਰੇ
ਚਾਨਣ ਵੰਡਦੇ ਰਹਿਣਾ
ਅੱਡੀਆਂ ਨੂੰ ਥੁੱਕ ਲਾ ਲੈ ਮਿੱਤਰਾ
ਜਾਹ ਹਨੇਰੇ ਨੂੰ ਕਹਿਣਾ
ਸਦੀਆਂ ਤੋਂ ਤੂੰ ਸਾਡੇ ਮੱਥੇ
ਲਾਈ ਬੈਠਾ ਡੇਰਾ
ਹੁਣ ਸਾਡੇ ਪ੍ਰਭਾਤ ਹੋ ਗਈ
ਕੰਮ ਨਹੀਂ ਏਥੇ ਤੇਰਾ
ਦੀਵਾ ਬਲੇ ਅੰਧੇਰਾ ਜਾਏ
ਇਹ ਵੱਡਿਆਂ ਦਾ ਕਹਿਣਾ
ਮਿਹਨਤਕਸ਼ਾਂ ਨੇ ਸਿੱਖ ਲਿਆ ਏ
'ਕੱਠਿਆਂ ਹੋ ਕੇ ਬਹਿਣਾ
ਹਰ ਮੱਥੇ ਵਿੱਚ ਦੀਪ ਜਗਾਉਣਾ
ਰਹਿ ਜਾਏ ਨਾ ਕੋਈ ਵਾਂਝਾ
ਖ਼ੁਸ਼ੀਆਂ ਖੇੜੇ ਸਾਂਝੇ ਸਾਡੇ
ਦੁੱਖ-ਸੁੱਖ ਵੀ ਹੁਣ ਸਾਂਝਾ
ਸੂਰਜ ਤੋਂ ਅਸੀਂ ਚਾਨਣ ਲੈ ਕੇ
ਅੱਗੇ ਵੰਡਦੇ ਰਹਿਣਾ
ਏਕੇ ਦੇ ਦੀਵੇ 'ਚ 'ਫ਼ੌਜੀਆ'
ਤੇਲ ਗਿਆਨ ਦਾ ਪੈਣਾ।

## ਜੰਗ ਅਸਾਵੀਂ
ਰਘੁਵੀਰ ਸਿੰਘ ਕਲੋਆ

ਵਿੱਚ ਭੱਠੀ ਦੇ ਸੜਦਾ ਹਾਂ
ਤਪਦਾ ਨਹੀਂਓ, ਰੜ੍ਹਦਾ ਹਾਂ।
ਸਾਂਭ ਨਾ ਮੈਨੂੰ, ਡਿੱਗਣ ਦੇ
ਡਿੱਗ ਕੇ ਆਪੇ ਖੜ੍ਹਦਾ ਹਾਂ।
ਠੋਕਰਾਂ ਐਵੇਂ ਨਹੀਂ ਖਾਂਦਾ
ਖ਼ੁਦ ਹੀ ਖ਼ੁਦ ਨੂੰ ਘੜਦਾ ਹਾਂ।
ਡਿਗਰੀ ਹਾਲੇ ਦੂਰ ਬੜੀ
ਕੱਚੀ ਪਹਿਲੀ ਪੜ੍ਹਦਾ ਹਾਂ।
ਸ਼ਬਦ ਉਧਾਰੇ ਲੈ ਉਸ ਤੋਂ
ਵਾਕਾਂ ਦੇ ਵਿੱਚ ਜੜਦਾ ਹਾਂ।
ਜੰਗ ਅਸਾਵੀਂ ਜਾਰੀ ਹੈ
ਲੇਖਾਂ ਦੇ ਨਾਲ ਲੜਦਾ ਹਾਂ।



# ਗੁਰਿੰਦਰਵੀਰ ਨੇ 100 ਮੀਟਰ ਦੌੜ ’ਚ ਬਣਾਇਆ ਨਵਾਂ ਕੌਮੀ ਰਿਕਾਰਡ

## ਸਹੂਲਤਾਂ ਦੀ ਘਾਟ ਕਾਰਨ ਛੱਡਿਆ ਸੀ ਪੰਜਾਬ

## ਉਲੰਪਿਕ ਵਿੱਚੋਂ ਵੀ ਮੈਡਲ ਹਾਸਿਲ ਕਰਨਾ ਚਾਹੁੰਦੇ ਨੇ ਗੁਰਿੰਦਰਵੀਰ

ਗੁਰਿੰਦਰਵੀਰ ਸਿੰਘ ਨੇ ਬੀਤੇ ਦਿਨੀਂ ਇੰਡੀਅਨ ਗ੍ਰਾਂ ਪ੍ਰੀ 1 (ਆਈ.ਜੀ.ਪੀ. 1) ’ਚ 10.20 ਸੈਕਿੰਡ ਦੀ ਤੇਜ਼ ਦੌੜ ਨਾਲ ਪੁਰਸ਼ਾਂ ਦੀ 100 ਮੀਟਰ ਫਰਾਟਾ ਦੌੜ ’ਚ ਨਵਾਂ ਰਾਸ਼ਟਰੀ ਰਿਕਾਰਡ ਤੋੜ ਦਿੱਤਾ। ਰਿਲਾਇੰਸ ਦੀ ਅਗਵਾਈ ਕਰਨ ਵਾਲੇ 24 ਸਾਲਾ ਪੰਜਾਬ ਦੇ ਦੌੜਾਕ ਨੇ ਅਕਤੂਬਰ 2023 ’ਚ ਮਣੀਕਾਂਤ ਹੋਬਲੀਧਰ ਵੱਲੋਂ ਬਣਾਏ ਗਏ 10.23 ਸਕਿੰਟ ਦੇ ਪੁਰਾਣੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ। ਗੁਰਿੰਦਰਵੀਰ ਦਾ ਪਿਛਲਾ ਵਿਅਕਤੀਗਤ ਸਰਬੋਤਮ 10.27 ਸੈਕਿੰਡ ਸੀ, ਜੋ ਉਸ ਨੇ 2021 ਵਿੱਚ ਬਣਾਇਆ ਸੀ। ਰਿਲਾਇੰਸ ਦੇ ਹੀ ਹੋਬਲੀਧਰ 10.22 ਸਕਿੰਟ ਦੇ ਸਮੇਂ ਨਾਲ ਦੂਜੇ ਸਥਾਨ ’ਤੇ ਰਹੇ। ਉਨ੍ਹਾਂ ਵੀ ਪੁਰਸ਼ਾਂ ਦੀ 100 ਮੀਟਰ ਫਾਈਨਲ ਰੇਸ ‘ਡੀ’ ਵਿੱਚ ਆਪਣੇ ਹੀ ਪਿਛਲੇ ਰਾਸ਼ਟਰੀ ਰਿਕਾਰਡ ਨੂੰ 0.01 ਸੈਕਿੰਡ ਨਾਲ ਬਿਹਤਰ ਕੀਤਾ। ਲੇਨ ਪੰਜ ਤੇ ਛੇ ਵਿੱਚ ਇੱਕ-ਦੂਜੇ ਨਾਲ ਦੌੜਦੇ ਹੋਏ ਗੁਰਿੰਦਰਵੀਰ ਤੇ ਹੋਬਲੀਧਰ ਵਿਚਕਾਰ ਬਹੁਤ ਹੀ ਸਖ਼ਤ ਮੁਕਾਬਲਾ ਹੋਇਆ। ਹਾਲਾਂ ਕਿ, ਗੁਰਿੰਦਰਵੀਰ ਨੇ ਥੋੜ੍ਹੇ ਫਰਕ ਨਾਲ ਰੇਸ ਜਿੱਤ ਕੇ ਰਾਸ਼ਟਰੀ ਰਿਕਾਰਡ ਨੂੰ 0.03 ਸੈਕਿੰਡ ਦੇ ਫਰਕ ਨਾਲ ਆਪਣੇ ਨਾਮ ਕਰ ਲਿਆ।

ਅਮਲਾਨ ਬੋਰਗੋਹੇਨ ਨੇ 10.43 ਸੈਕਿੰਡ ਦੇ ਸਮੇਂ ਨਾਲ ਤੀਜਾ ਸਥਾਨ ਹਾਸਲ ਕੀਤਾ, ਜਿਸ ਨਾਲ ਰਿਲਾਇੰਸ ਨੇ ਟਾਪ ਦੇ ਤਿੰਨ ਸਥਾਨਾਂ ’ਤੇ ਕਬਜ਼ਾ



ਕਰ ਲਿਆ। ਇਹ ਤਿੱਕੜੀ ਤੇ ਅਨਿਮੇਸ਼ ਕੁਜੂਰ 100 ਮੀਟਰ ’ਚ ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਸਿਖਰ ਦੇ ਦੌੜਾਕ ਰਹੇ ਹਨ। ਕੁਜੂਰ ਨੇ ਇਸ ਮੁਕਾਬਲੇ ’ਚ ਹਿੱਸਾ ਨਹੀਂ ਲਿਆ। ਗੁਰਿੰਦਰਵੀਰ ਨੇ ਇਸ ਤੋਂ ਪਹਿਲਾਂ 2021 ਤੇ 2024 ਦੀ ਰਾਸ਼ਟਰੀ ਅੰਤਰਰਾਜ਼ੀ ਚੈਂਪੀਅਨਸ਼ਿਪ ਦੇ ਨਾਲ-ਨਾਲ 2024 ਫੈੱਡਰੇਸ਼ਨ ਕੱਪ ’ਚ 100 ਮੀਟਰ ’ਚ ਗੋਲਡ ਮੈਡਲ ਵੀ ਜਿੱਤਿਆ ਸੀ।

ਗੁਰਿੰਦਰਵੀਰ ਸਿੰਘ ਨੇ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੈ ਕਿ ਮੈਂ ਆਪਣੇ ਪੰਜਾਬ ਦਾ ਨਾਮ ਰੌਸ਼ਨ ਕਰ ਸਕਿਆ ਅਤੇ ਮੈਂ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਚੰਗਾ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕਰਾਂਗਾ। ਮੇਰਾ ਅਗਲਾ ਟੀਚਾ ਏਸ਼ੀਅਨ ਚੈਂਪੀਅਨਸ਼ਿਪ ਵਿੱਚੋਂ ਗੋਲਡ ਮੈਡਲ ਹਾਸਿਲ ਕਰਨ ਦਾ ਹੈ। ਮੈਂ ਇਹ ਵੀ ਟੀਚਾ ਰੱਖਿਆ ਹੋਇਆ ਕਿ ਇਸੇ ਸਾਲ ਮੈਂ ਆਪਣੇ ਪ੍ਰਦਰਸ਼ਨ ਵਿੱਚ ਹੋਰ ਵੀ ਸੁਧਾਰ ਕਰਾਂ ਅਤੇ 10.01 ਸੈਕਿੰਡ ਦੇ ਸਮੇਂ ਵਿੱਚ ਆਪਣੀ 100 ਮੀਟਰ ਦੌੜ ਪੂਰੀ ਕਰਾਂ। ਗੁਰਿੰਦਰ ਸਿੰਘ ਕਹਿੰਦੇ ਹਨ ਕਿ ਮੈਂ ਚਾਹੁੰਦਾ ਹਾਂ ਕਿ ਉਲੰਪਿਕ ਵਿੱਚੋਂ ਵੀ ਮੈਡਲ ਹਾਸਿਲ ਕਰਾਂ ਤੇ ਆਉਣ ਵਾਲੇ ਸਮੇਂ ਵਿੱਚ ਆਪਣੇ ਪ੍ਰਦਰਸ਼ਨ ਨੂੰ ਹੋਰ ਵੀ ਸੁਧਾਰਾਂ ਅਤੇ ਆਪਣੀ 100 ਮੀਟਰ ਦੌੜ ਨੌਂ ਤੋਂ ਸਾਢੇ ਨੌਂ ਸੈਕਿੰਡ ਵਿੱਚ ਪੂਰੀ ਕਰਾਂ।

## ਕੌਣ ਹਨ ਦੌੜਾਕ ਗੁਰਿੰਦਰਵੀਰ ਸਿੰਘ

ਗੁਰਿੰਦਰਵੀਰ ਸਿੰਘ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਪਿੰਡ ਪਤਿਆਲਾ (ਪਤਿਆਲ) ਦੇ ਰਹਿਣ ਵਾਲੇ ਹਨ। ਗੁਰਿੰਦਰਵੀਰ ਸਿੰਘ ਨੇ ਅਥਲੈਟਿਕਸ ਉਦੋਂ ਸ਼ੁਰੂ ਕੀਤੀ, ਜਦੋਂ ਉਹ ਛੇਵੀਂ ਜਮਾਤ ਵਿੱਚ ਪੜ੍ਹਦੇ ਸਨ। ਗੁਰਿੰਦਰਵੀਰ ਸਿੰਘ ਨੂੰ ਅਥਲੈਟਿਕਸ ਵੱਲ ਲਾਉਣ ਵਾਲੇ ਉਨ੍ਹਾਂ ਦੇ ਪਿਤਾ ਹੀ ਸਨ, ਜੋ ਪੰਜਾਬ ਪੁਲਿਸ ਵਿੱਚ ਅੱਜ-ਕੱਲ੍ਹ ਏ.ਐੱਸ.ਆਈ. ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਗੁਰਿੰਦਰਵੀਰ ਸਿੰਘ ਦੇ ਪਿਤਾ ਕਮਲਜੀਤ ਸਿੰਘ ਖੁਦ ਵੀ ਵਾਲੀਵਾਲ ਦੇ ਖਿਡਾਰੀ ਰਹਿ ਚੁੱਕੇ ਸਨ। ਜਦੋਂ ਗੁਰਿੰਦਰਵੀਰ ਸਿੰਘ ਨੌਵੀਂ ਜਮਾਤ ਵਿੱਚ ਆਇਆ ਤਾਂ ਉਸ ਨੇ ਸਰਵਣ ਸਿੰਘ ਕੋਚ ਕੋਲ ਗੁਰ ਲੈਣੇ ਸ਼ੁਰੂ ਕੀਤੇ। ਨੌਵੀਂ ਜਮਾਤ ਕਰਨ ਮਗਰੋਂ ਗੁਰਿੰਦਰਵੀਰ ਸਿੰਘ ਜਲੰਧਰ ਗਿਆ ਜਿੱਥੇ ਕੋਚ ਸਰਬਜੀਤ ਸਿੰਘ ਹੈਪੀ ਕੋਲ ਕੋਚਿੰਗ ਲੈਣੀ ਸ਼ੁਰੂ ਕੀਤੀ। ਸਰਬਜੀਤ ਸਿੰਘ ਹੈਪੀ ਕੋਲ ਕੋਚਿੰਗ ਲੈਣ ਬਾਅਦ ਗੁਰਿੰਦਰਵੀਰ ਸਿੰਘ ਦੀ ਜ਼ਿੰਦਗੀ ਬਦਲ ਗਈ। ਉਨ੍ਹਾਂ ਦੇ ਅੰਡਰ ਕੋਚਿੰਗ ਲੈਣ ਮਗਰੋਂ ਗੁਰਿੰਦਰਵੀਰ ਸਿੰਘ ਨੇ ਕਈ ਟੂਰਨਾਮੈਂਟਾਂ ਵਿੱਚ ਮੈਡਲ ਹਾਸਿਲ



ਕੀਤੇ। ਕੋਚ ਸਰਬਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਇਨ੍ਹਾਂ ਦੇ ਪਿਤਾ ਨੂੰ ਪਹਿਲੇ ਹੀ ਦਿਨ ਕਿਹਾ ਸੀ ਕਿ ਪਹਿਲੇ ਤਿੰਨ ਚਾਰ ਸਾਲ ਕੋਈ ਉਮੀਦ ਨਾ ਕਰਿਓ, ਕਿਉਂਕਿ ਸ਼ੁਰੂਆਤੀ ਸਾਲਾਂ ਵਿੱਚ ਅਥਲੀਟ ਦਾ ਬੇਸ ਬਣਦਾ ਹੈ ਉਸ ਤੋਂ ਬਾਅਦ ਨਤੀਜੇ ਬਾਰੇ ਸੋਚ ਸਕਦੇ ਹਾਂ।

ਕੋਚ ਸਰਬਜੀਤ ਸਿੰਘ ਹੈਪੀ ਮੁਤਾਬਕ ਗੁਰਿੰਦਰਵੀਰ ਸਿੰਘ ਵਿੱਚ ਆਪਣੀ ਗੇਮ ਪ੍ਰਤੀ ਲਗਨ ਬਹੁਤ ਸੀ। ਉਹ ਮਿਹਨਤ ਕਰਨ ਵਿੱਚ ਕਾਫ਼ੀ ਵਿਸ਼ਵਾਸ ਰੱਖਦਾ ਹੈ। ਗੁਰਿੰਦਰਜੀਤ ਸਿੰਘ ਨੇ ਅੰਡਰ-18 ਅਥਲੈਟਿਕਸ ਵਿੱਚ ਹਿੱਸਾ ਲੈਂਦਿਆਂ ਨੈਸ਼ਨਲ ਰਿਕਾਰਡ ਬਣਾਇਆ। ਇਸ ਤੋਂ ਬਾਅਦ ਅੰਡਰ-19 ਏਸ਼ੀਆਈ ਖੇਡਾਂ ਵਿੱਚੋਂ ਗੋਲਡ ਮੈਡਲ ਜਿੱਤਿਆ। ਅੰਡਰ-20 ਵਿੱਚ ਗੁਰਿੰਦਰਵੀਰ ਸਿੰਘ ਨੇ 10.35 ਸੈਕਿੰਡ ਵਿੱਚ 100 ਮੀਟਰ ਦੌੜ ਪੂਰੀ ਕਰਕੇ ਨੈਸ਼ਨਲ ਰਿਕਾਰਡ ਬਣਾਇਆ। ਯੂਥ ਏਸ਼ੀਆ, ਜੂਨੀਅਰ ਏਸ਼ੀਆ, ਜੂਨੀਅਰ ਸੈਫ, ਯੂਰੋ ਏਸ਼ੀਆ ਵਿੱਚੋਂ ਗੋਲਡ ਮੈਡਲ ਜਿੱਤੇ। ਸੈਫ ਸੀਨੀਅਰ ਗੇਮਾਂ ਵਿੱਚ ਰਿਲੇਅ ਦੌੜ ਦੌਰਾਨ ਸਿਲਵਰ ਮੈਡਲ ਜਿੱਤਿਆ। ਕੋਚ ਸਰਬਜੀਤ ਸਿੰਘ ਦੱਸਦੇ ਹਨ ਕਿ ਜਿਸ ਸਾਲ ਕੋਰੋਨਾ ਨੇ ਦਸਤਕ ਦਿੱਤੀ ਸੀ, ਉਸ ਸਮੇਂ ਸਾਨੂੰ ਕਾਫ਼ੀ ਚਿੰਤਾ ਹੋ ਗਈ ਸੀ ਕਿ ਪ੍ਰੈਕਟਿਸ ਕਿਸ ਤਰ੍ਹਾਂ ਜਾਰੀ ਰੱਖੀ ਜਾਵੇਗੀ।

(ਬਾਕੀ ਸਫ਼ਾ 31 ’ਤੇ)

# ਸੂਬੇ ’ਚ ਖੇਡ ਸੱਭਿਆਚਾਰ ਨੂੰ ਦਿੱਤਾ ਜਾਵੇਗਾ ਹੁਲਾਰਾ: ਮਾਨ

## ਪੰਜਾਬ ਸਰਕਾਰ ਵੱਲੋਂ 1975 ਦੀ ਹਾਕੀ ਵਿਸ਼ਵ ਕੱਪ ਜੇਤੂ ਟੀਮ ਦਾ ਸਨਮਾਨ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਥੇ ਸੈਕਟਰ-35 ਵਿੱਚ ਸਥਿਤ ਮਿਊਂਸਿਪਲ ਭਵਨ ਵਿੱਚ 1975 ਹਾਕੀ ਵਿਸ਼ਵ ਕੱਪ ਜੇਤੂ ਟੀਮ, ਕੌਮੀ ਖੇਡਾਂ ਦੇ ਜੇਤੂਆਂ, ‘ਖੇਡਾਂ ਵਤਨ ਪੰਜਾਬ ਦੀਆਂ’ ਅਤੇ ‘ਪੈਰਾ ਖੇਡਾਂ ਵਤਨ ਪੰਜਾਬ ਦੀਆਂ’ ਦੇ ਜੇਤੂਆਂ ਦਾ ਸਨਮਾਨ ਕੀਤਾ।

ਇਸ ਮੌਕੇ ਮੁੱਖ ਮੰਤਰੀ ਨੇ ਕੌਮੀ ਖੇਡਾਂ ’ਚ ਹਿੱਸਾ ਲੈਣ ਵਾਲੇ 107 ਖਿਡਾਰੀਆਂ ਨੂੰ 3.99 ਕਰੋੜ ਰੁਪਏ ਦੇ ਨਕਦ ਇਨਾਮਾਂ ਤੋਂ ਇਲਾਵਾ ‘ਖੇਡਾਂ ਵਤਨ ਪੰਜਾਬ ਦੀਆਂ’ ਅਤੇ ‘ਪੈਰਾ ਖੇਡਾਂ ਵਤਨ ਪੰਜਾਬ ਦੀਆਂ’ ਵਿੱਚ ਤਗ਼ਮਾ ਜੇਤੂ 13,778 ਖਿਡਾਰੀਆਂ ਨੂੰ 9.65 ਕਰੋੜ ਰੁਪਏ ਦੇ ਨਕਦ ਇਨਾਮ ਵੰਡੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ’ਚ ਖੇਡ ਸੱਭਿਆਚਾਰ ਨੂੰ ਹੁਲਾਰਾ ਦੇਣ ਲਈ



ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਅਣਥੱਕ ਕੋਸ਼ਿਸ਼ਾਂ ਤਹਿਤ ਪੰਜਾਬ ਜਲਦੀ ਕੌਮੀ ਤੇ ਕੌਮਾਂਤਰੀ ਖੇਡ ਮੁਕਾਬਲਿਆਂ ਦੀ ਮੇਜ਼ਬਾਨੀ ਕਰੇਗਾ।

ਮਾਨ ਨੇ ਕਿਹਾ, “ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਕਾਰਨ ਖਿਡਾਰੀਆਂ ਨੇ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ’ਚ ਪਛਾਣ ਬਣਾਈ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ 1975 ਦੀ ਹਾਕੀ ਵਿਸ਼ਵ ਕੱਪ ਜੇਤੂ ਟੀਮ ਵਿੱਚ ਅੱਠ ਖਿਡਾਰੀ ਤੇ ਕੋਚ ਦੇ ਨਾਲ-ਨਾਲ ਮੈਨੇਜਰ ਪੰਜਾਬ ਨਾਲ ਸਬੰਧਤ ਸਨ।” ਉਨ੍ਹਾਂ ਕਿਹਾ ਕਿ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੂਬਾ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਭ ਤੋਂ ਅਸਰਦਾਰ ਸਾਧਨ ਹੋ ਸਕਦਾ ਹੈ ਅਤੇ ਇਸ ਕਾਰਨ ਪੰਜਾਬ ਇਸ ਵਿੱਚ ਕੋਈ ਕਸਰ ਨਹੀਂ ਛੱਡ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ’ਚ ਸ਼ਾਮਲ ਨੌਜਵਾਨਾਂ ਕੋਲ ਨਸ਼ਿਆਂ ਵੱਲ ਜਾਣ ਦਾ ਸਮਾਂ ਨਹੀਂ ਹੁੰਦਾ ਅਤੇ ‘ਖੇਡਾਂ ਵਤਨ ਪੰਜਾਬ ਦੀਆਂ’ ਖਿਡਾਰੀਆਂ ਦੀ ਪ੍ਰਤਿਭਾ ਦੇ ਮੁਜ਼ਾਹਰੇ ਲਈ ਇੱਕ ਸਹੀ ਪਲੈਟਫਾਰਮ ਦੇਣ ਵੱਲ ਇੱਕ ਸਹੀ ਕਦਮ ਹੈ।

## ਮੈਸੀ ਤੇ ਅਰਜਨਟੀਨਾ ਦੀ ਟੀਮ ਪ੍ਰਦਰਸ਼ਨੀ ਮੈਚ ਲਈ ਅਕਤੂਬਰ ’ਚ ਆਵੇਗੀ ਭਾਰਤ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੇ ਫੁੱਟਬਾਲ ਪ੍ਰਸ਼ੰਸਕਾਂ ਨੂੰ ਅਕਤੂਬਰ ਵਿੱਚ ਕੇਰਲ ’ਚ ਪ੍ਰਦਰਸ਼ਨੀ ਮੈਚ ਦੌਰਾਨ ਲਿਓਨਲ ਮੈਸੀ ਅਤੇ ਉਸ ਦੀ ਅਰਜਨਟੀਨਾ ਟੀਮ ਦੀ ਇੱਕ ਹੋਰ ਝਲਕ ਦੇਖਣ ਨੂੰ ਮਿਲੇਗੀ। ਵਿਸ਼ਵ ਕੱਪ ਜੇਤੂ ਕਪਤਾਨ ਮੈਸੀ ਦਾ ਇਹ 14 ਸਾਲਾਂ ਬਾਅਦ ਭਾਰਤ ਦਾ ਦੂਜਾ ਦੌਰਾ ਹੋਵੇਗਾ। ਫੁੱਟਬਾਲ ਪ੍ਰਸ਼ੰਸਕ ਮੈਸੀ ਨੂੰ ਖੇਡਦਿਆਂ ਦੇਖਣ ਲਈ ਉਤਸ਼ਾਹਿਤ ਹਨ। ਕੇਰਲ ਦੇ ਖੇਡ ਮੰਤਰੀ ਵੀ. ਅਬਦੁਰਹਿਮਾਨ ਨੇ ਪਿਛਲੇ ਸਾਲ ਨਵੰਬਰ ਵਿੱਚ ਐਲਾਨ ਕੀਤਾ ਸੀ ਕਿ ਅਰਜਨਟੀਨਾ ਦੀ ਟੀਮ ਕੇਰਲ ਦਾ ਦੌਰਾ ਕਰੇਗੀ ਅਤੇ ਕੋਚੀ ਵਿੱਚ ਦੋ ਦੋਸਤਾਨਾ ਮੈਚ ਖੇਡੇਗੀ।



ਐੱਚਐੱਸਬੀਸੀ ਇੰਡੀਆ ਭਾਰਤ ’ਚ ਫੁਟਬਾਲ ਦੇ ਸਹਿਯੋਗ ਅਤੇ ਪ੍ਰਚਾਰ ਲਈ ਅਰਜਨਟੀਨਾ ਟੀਮ ਦਾ ਅਧਿਕਾਰਤ ਭਾਈਵਾਲ ਬਣ ਗਿਆ ਹੈ। ਉਸ ਨੇ ਐਲਾਨ ਕੀਤਾ ਕਿ ਮੈਚ ਅਕਤੂਬਰ ਵਿੱਚ ਖੇਡੇ ਜਾਣਗੇ।

# ਅਲਵਿਦਾ ਗਾਬਾ: ਢਾਹ ਦਿੱਤਾ ਜਾਵੇਗਾ ਬ੍ਰਿਸਬੇਨ ਦਾ ਪ੍ਰਸਿੱਧ ਕ੍ਰਿਕਟ ਸਟੇਡੀਅਮ

## ‘ਬ੍ਰਿਸਬੇਨ ਉਲੰਪਿਕ-2032’ ਲਈ ਵਿਕਟੋਰੀਆ ਪਾਰਕ ਵਿੱਚ ਕੀਤੀ ਜਾਵੇਗੀ 63,000 ਸੀਟਾਂ ਵਾਲੇ ਨਵੇਂ ਸਟੇਡੀਅਮ ਦੀ ਉਸਾਰੀ

ਬ੍ਰਿਸਬੇਨ/ਏ.ਟੀ.ਨਿਊਜ਼: ‘ਬ੍ਰਿਸਬੇਨ ਉਲੰਪਿਕ-2032’ ਦੀ ਮੇਜ਼ਬਾਨੀ ਤੋਂ ਬਾਅਦ ਪ੍ਰਸਿੱਧ ‘ਗਾਬਾ’ ਸਟੇਡੀਅਮ ਨੂੰ ਢਾਹਿਆ ਜਾਵੇਗਾ ਅਤੇ ਇਸ ਥਾਂ ਮਨੋਰੰਜਨ ਅਤੇ ਰਿਹਾਇਸ਼ੀ ਹੱਬ ਉਸਾਰੇ ਜਾਣਗੇ। ਸੂਬਾ ਕੁਈਨਜ਼ਲੈਂਡ ਦੇ ਪ੍ਰੀਮੀਅਰ ਡੇਵਿਡ ਕ੍ਰਿਸਫੁੱਲੀ ਨੇ ਇਹ ਗੱਲ ਆਖੀ ਹੈ। ਪ੍ਰੀਮੀਅਰ ਵੱਲੋਂ ਪੇਸ਼ ਕੀਤੇ ਸੱਤ ਸਾਲਾਂ ਬਲੂਪ੍ਰਿੰਟ ਤਹਿਤ 3.8 ਬਿਲੀਅਨ ਆਸਟ੍ਰੇਲੀਅਨ ਡਾਲਰ ਨਾਲ 63,000 ਸੀਟਾਂ ਵਾਲੇ ਨਵੇਂ ਸਟੇਡੀਅਮ ਦੀ ਉਸਾਰੀ ਬ੍ਰਿਸਬੇਨ ਸੀ.ਬੀ.ਡੀ. ਦੇ ਉੱਤਰ ’ਚ ਵਿਕਟੋਰੀਆ ਪਾਰਕ ਵਿੱਚ ਕੀਤੀ ਜਾਵੇਗੀ, ਜੋ ਬ੍ਰਿਸਬੇਨ ਉਲੰਪਿਕ ਦੀ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਦੀ ਮੇਜ਼ਬਾਨੀ ਵੀ ਕਰੇਗਾ।



ਗਾਬਾ ਸਟੇਡੀਅਮ 1895 ’ਚ ਸਥਾਪਤ ਕੀਤਾ ਗਿਆ ਸੀ ਜੋ ਲੰਬੇ ਸਮੇਂ ਤੋਂ ਕ੍ਰਿਕਟ, ਆਸਟ੍ਰੇਲਿਆਈ ਫੁਟਬਾਲ ਅਤੇ ਕਈ ਵੱਡੇ ਖੇਡ ਸਮਾਗਮਾਂ ਦਾ ਗਵਾਹ ਰਿਹਾ ਹੈ। ਇੱਥੋਂ ਤੱਕ ਕਿ ਇਸ ਤੋਂ ਸਿਡਨੀ ਉਲੰਪਿਕ-2000 ਦੌਰਾਨ ਵਿਸ਼ੇਸ਼ ਸਥਾਨ ਵਜੋਂ ਵੀ ਕੰਮ ਲਿਆ ਗਿਆ। ਸੂਬਾ ਸਰਕਾਰ ਵੱਲੋਂ ਇਹ ਫ਼ੈਸਲਾ 2032 ਉਲੰਪਿਕ ਖੇਡਾਂ ਦੀ ਤਿਆਰੀ ਦੇ ਹਿੱਸੇ ਵਜੋਂ ਲਿਆ ਹੈ, ਜਿਸ ਨਾਲ ਬ੍ਰਿਸਬੇਨ ਨੂੰ ਆਧੁਨਿਕ ਖੇਡ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ ਕਿਉਂਕਿ, ਗਾਬਾ ਸਟੇਡੀਅਮ ਢਾਂਚਾਗਤ ਸਮੱਸਿਆਵਾਂ ਕਾਰਨ ਭਵਿੱਖ ’ਚ ਆਧੁਨਿਕ ਮੰਗਾਂ ਨੂੰ ਪੂਰਾ ਕਰਨ ਦੇ ਅਸਮਰੱਥ ਹਨ। ਦੂਜੇ ਪਾਸੇ ਸਥਾਨਕ ਲੋਕਾਂ ਅਤੇ ਖੇਡ ਹਸਤੀਆਂ ਦਾ ਕਹਿਣਾ ਹੈ ਕਿ ਇਸ ਨਾਲ ਆਸਟ੍ਰੇਲੀਆ ਦੇ ਸਭ ਤੋਂ ਪਿਆਰੇ ਸਥਾਨਾਂ ’ਚੋਂ ਇੱਕ ਬ੍ਰਿਸਬੇਨ ਲਈ ਇੱਕ ਯੁੱਗ ਦਾ ਅੰਤ ਹੋ ਜਾਵੇਗਾ। ਨਵਾਂ ਸਟੇਡੀਅਮ 2030 ਤੱਕ ਪੂਰਾ ਹੋਣ ਦੀ ਉਮੀਦ ਹੈ। ਪੁਰਾਣੇ ਗਾਬਾ ਦੀਆਂ ਯਾਦਾਂ ਨੂੰ ਸੰਭਾਲਣ ਲਈ ਕੁਝ ਇਤਿਹਾਸਕ ਨਿਸ਼ਾਨ ਨਵੇਂ ਡਿਜ਼ਾਈਨ ਵਿੱਚ ਸ਼ਾਮਲ ਕੀਤੇ ਜਾਣਗੇ। ਮੰਨਿਆ ਜਾ ਰਿਹਾ ਕਿ ਇਸ ਪ੍ਰਾਜੈਕਟ ਨਾਲ ਸ਼ਹਿਰ ਦੇ ਬੁਨਿਆਦੀ ਢਾਂਚੇ ਵਿੱਚ ਵੱਡਾ ਬਦਲਾਅ ਆਵੇਗਾ ਅਤੇ ਆਸਟ੍ਰੇਲੀਆ ਦੇ ਖੇਡ ਜਗਤ ਨੂੰ ਨਵੀਂ ਦਿਸ਼ਾ ਮਿਲੇਗੀ।

# ਸ੍ਰੀ ਬੰਗਲਾ ਸਾਹਿਬ ਗੁਰਦੁਆਰਾ ਨਤਮਸਤਕ ਹੋਈ ਅਦਾਕਾਰਾ ਸਾਰਾ



ਅਦਾਕਾਰਾ ਸਾਰਾ ਅਲੀ ਖਾਨ ਸੋਸ਼ਲ ਮੀਡੀਆ 'ਤੇ ਬਹੁਤ ਸਰਗਰਮ ਰਹਿੰਦੀ ਹੈ ਅਤੇ ਅਕਸਰ ਆਪਣੇ ਖਾਸ ਪਲਾਂ ਅਤੇ ਮਜ਼ਾਕੀਆ ਬਿਆਨ ਪ੍ਰਸ਼ੰਸਕਾਂ ਨਾਲ ਸਾਂਝੇ ਕਰਦੀ ਰਹਿੰਦੀ ਹੈ। ਹਾਲ ਹੀ ਵਿੱਚ, ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਖਾਸ ਵਿਅਕਤੀ ਨੂੰ ਮਿਲਣ ਦੀ ਕਹਾਣੀ ਸਾਂਝੀ ਕੀਤੀ ਅਤੇ ਮੁਲਾਕਾਤ ਦੀਆਂ ਝਲਕੀਆਂ ਵੀ ਸਾਂਝੀਆਂ ਕੀਤੀਆਂ। ਉਸਨੇ ਇਹ ਵੀ ਕਿਹਾ ਕਿ ਇਸ ਖਾਸ ਵਿਅਕਤੀ ਨੂੰ ਮਿਲਣ ਤੋਂ ਬਾਅਦ ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ।



ਦਰਅਸਲ, ਜਦੋਂ ਸਾਰਾ ਅਲੀ ਖਾਨ ਦਿੱਲੀ ਦੇ ਪ੍ਰਸਿੱਧ ਸ੍ਰੀ ਬੰਗਲਾ ਸਾਹਿਬ ਗੁਰਦੁਆਰਾ ਵਿਚ ਮੱਥਾ ਟੇਕਣ ਗਈ ਤਾਂ ਅਚਾਨਕ ਉਸਦੀ ਮੁਲਾਕਾਤ ਫ਼ਿਲਮ ਨਿਰਮਾਤਾ ਆਨੰਦ ਐਲ ਰਾਏ ਨਾਲ ਹੋਈ। ਸਾਰਾ ਨੇ ਇੰਸਟਾ ਸਟੋਰੀ 'ਤੇ ਆਨੰਦ ਐਲ ਰਾਏ ਨਾਲ ਆਪਣੀ ਮੁਲਾਕਾਤ ਦੀਆਂ ਝਲਕੀਆਂ ਵੀ ਸਾਂਝੀਆਂ ਕੀਤੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਆਨੰਦ ਐਲ ਰਾਏ ਇਸ ਸਮੇਂ ਸੁਪਰਸਟਾਰ ਧਨੁਸ਼ ਨਾਲ ਆਪਣੀ ਆਉਣ ਵਾਲੀ ਫ਼ਿਲਮ 'ਤੇਰੇ ਇਸ਼ਕ ਮੇਂ' ਦੀ ਸ਼ੂਟਿੰਗ ਦਿੱਲੀ ਵਿੱਚ ਕਰ ਰਹੇ ਹਨ। ਇਸ ਰੋਮਾਂਟਿਕ ਡਰਾਮਾ ਵਿੱਚ ਧਨੁਸ਼ ਨਾਲ ਕ੍ਰਿਤੀ ਸੈਨਨ ਮੁੱਖ ਭੂਮਿਕਾ ਵਿੱਚ ਨਜ਼ਰ ਆਵੇਗੀ। ਇਸ ਦੌਰਾਨ, ਆਨੰਦ ਐਲ ਰਾਏ ਸ੍ਰੀ ਬੰਗਲਾ ਸਾਹਿਬ ਗੁਰਦੁਆਰਾ ਪਹੁੰਚੇ, ਜਿੱਥੇ ਉਹ ਸਾਰਾ ਨੂੰ ਮਿਲੇ ਅਤੇ ਉਹ ਬਹੁਤ ਖੁਸ਼ ਹੋ ਗਈ। ਦੱਸ ਦੇਈਏ ਕਿ ਤੇਰੇ ਇਸ਼ਕ ਮੇਂ 28 ਨਵੰਬਰ 2025 ਨੂੰ ਵੱਡੇ ਪਰਦੇ 'ਤੇ ਰਿਲੀਜ਼ ਹੋਵੇਗੀ।

# ਸੁਰੱਖਿਆ ਘੇਰੇ ਨਾਲ ਮੇਰਾ ਰਹਿਣ ਦਾ ਸਟਾਈਲ ਪ੍ਰਭਾਵਿਤ ਹੋਇਆ: ਸਲਮਾਨ

ਬਾਲੀਵੁੱਡ ਸਟਾਰ ਸਲਮਾਨ ਖਾਨ ਨੇ ਕਿਹਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਕਾਰਨ ਵਧੀ ਹੋਈ ਸੁਰੱਖਿਆ ਨੇ ਉਨ੍ਹਾਂ ਦੀ ਬਾਹਰ ਨਿੱਕਲਣ ਨੂੰ ਕਾਫ਼ੀ ਹੱਦ ਤੱਕ ਸੀਮਤ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਸਟਾਈਲ ਨੂੰ ਪ੍ਰਭਾਵਿਤ ਕਰ ਦਿੱਤਾ ਹੈ। ਖਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸੁਰੱਖਿਆ ਪ੍ਰੋਟੋਕੋਲ ਨੇ ਉਨ੍ਹਾਂ ਦੇ ਰੋਜ਼ਾਨਾ ਦੇ ਰੁਟੀਨ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ, "ਮੈਂ ਇਸ (ਸੁਰੱਖਿਆ) ਬਾਰੇ ਕੁਝ ਨਹੀਂ ਕਰ ਸਕਦਾ। ਮੈਂ ਸਿਰਫ ਗਲੈਕਸੀ (ਘਰ) ਤੋਂ ਸ਼ੂਟਿੰਗ ਕਰਨ ਜਾਂਦਾ ਹਾਂ, ਹੋਰ ਕੋਈ ਘੁੰਮਣਾ ਫਿਰਨਾ ਨਹੀਂ।"



ਜ਼ਿਕਰਯੋਗ ਹੈ ਕਿ ਸਲਮਾਨ ਖਾਨ ਨੂੰ ਪਹਿਲਾਂ ਬਿਨਾਂ ਕਿਸੇ ਰੁਕਾਵਟ ਦੇ ਸ਼ਹਿਰ ਵਿੱਚ ਅਕਸਰ ਸਾਈਕਲ ਚਲਾਉਂਦੇ ਦੇਖਿਆ ਜਾ ਸਕਦਾ ਸੀ। ਅਪ੍ਰੈਲ 2024 ਵਿੱਚ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਿਤ ਦੋ ਵਿਅਕਤੀਆਂ ਨੇ ਖਾਨ ਦੀ ਇਮਾਰਤ ਦੇ ਬਾਹਰ ਗੋਲੀਬਾਰੀ ਕੀਤੀ। ਇਸ ਤੋਂ ਬਾਅਦ ਉਸਦੀ ਬਾਲਕੋਨੀ ਦੀ ਸੁਰੱਖਿਆ ਲਈ ਬੁਲੇਟਪਰੂਫ਼ ਸ਼ੀਸ਼ੇ ਅਤੇ ਬਾਹਰ ਸੜਕ 'ਤੇ ਨਜ਼ਰ ਰੱਖਣ ਵਾਲੇ ਸੀ.ਸੀ.ਟੀ.ਵੀ. ਕੈਮਰਿਆਂ ਨਾਲ ਸੁਰੱਖਿਆ ਵਧਾ ਦਿੱਤੀ ਗਈ। ਦੋ ਮਹੀਨਿਆਂ ਬਾਅਦ ਨਵੀਂ ਮੁੰਬਈ ਪੁਲਿਸ ਨੇ ਦਾਅਵਾ ਕੀਤਾ ਕਿ ਜਦੋਂ ਉਹ ਮੁੰਬਈ ਦੇ ਨੇੜੇ ਪਨਵੇਲ ਵਿਖੇ ਆਪਣੇ ਫ਼ਾਰਮਹਾਊਸ ਗਿਆ ਤਾਂ ਅਦਾਕਾਰ ਨੂੰ ਮਾਰਨ ਦੀ ਸਾਜ਼ਿਸ਼ ਦਾ ਪਤਾ ਲੱਗਿਆ।

ਆਪਣੇ ਆਲੇ-ਦੁਆਲੇ ਦੀ ਸਖ਼ਤ ਸੁਰੱਖਿਆ ਬਾਰੇ ਪੁੱਛੇ ਜਾਣ 'ਤੇ ਖਾਨ ਨੇ ਕਿਹਾ, ਤੁਸੀਂ ਲੋਕ ਚੰਗੇ ਹੋ; ਇਸੇ ਲਈ ਉਹ ਤੁਹਾਡੇ ਨਾਲ ਚੰਗੇ ਹਨ। ਮੈਂ ਨਹੀਂ ਚਾਹੁੰਦਾ ਕਿ ਉਹ ਉਨ੍ਹਾਂ ਲੋਕਾਂ ਨਾਲ ਚੰਗੇ ਰਹਿਣ ਜੋ ਬੁਰੇ ਹਨ। ਖਾਨ ਨੇ ਕਿਹਾ ਇਹ (ਸੁਰੱਖਿਆ) ਮੇਰੇ ਸਟਾਈਲ ਨੂੰ ਪ੍ਰਭਾਵਿਤ(ਤੰਗ) ਕਰਦੀ ਹੈ।

# ਮੈਂ ਫ਼ੈਸ਼ਨ ਟਰੈਂਡਜ਼ ਵੱਲ ਘੱਟ ਧਿਆਨ ਦਿੰਦੀ ਹਾਂ: ਜਾਹਨਵੀ ਕਪੂਰ



ਬੌਲੀਵੁੱਡ ਅਦਾਕਾਰਾ ਜਾਹਨਵੀ ਕਪੂਰ ਦਾ ਕਹਿਣਾ ਹੈ ਕਿ ਉਸ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਕਿ ਲੋਕ ਉਸ ਦੀ ਫੈਸ਼ਨ ਚੋਣ ਨੂੰ ਕਿਵੇਂ ਦੇਖਦੇ ਹਨ। ਉਸ ਨੂੰ ਤਾਂ ਆਪਣਾ ਪਹਿਰਾਵਾ ਪਸੰਦ ਹੈ, ਭਾਵੇਂ ਕੋਈ ਵੀ ਮੌਕਾ ਕਿਉਂ ਨਾ ਹੋਵੇ। ਪਿਛਲੇ ਦਿਨੀਂ ਅਦਾਕਾਰਾ ਨੇ ਲੈਕਮੇ ਫੈਸ਼ਨ ਵੀਕ ਐਕਸ ਐੱਫ.ਡੀ.ਸੀ.ਆਈ. 'ਚ ਡਿਜ਼ਾਈਨਰ ਰਾਹੁਲ ਮਿਸ਼ਰਾ ਦੇ ਬਰਾਂਡ ਏ.ਐੱਫ.ਈ.ਡਬਲੂ. ਤਹਿਤ 'ਦਿ ਸਿਲਕ ਰੂਟ' ਲਈ ਰੈਂਪ ਵਾਕ ਕੀਤੀ ਸੀ। ਜਦੋਂ ਅਦਾਕਾਰਾ ਨੂੰ ਇਹ ਸਵਾਲ ਕੀਤਾ ਗਿਆ ਕਿ ਫੈਸ਼ਨ ਪ੍ਰਤੀ ਉਸ ਦਾ ਨਜ਼ਰੀਆ ਕੀ ਹੈ? ਤਾਂ ਜਾਹਨਵੀ ਨੇ ਕਿਹਾ, "ਮੈਂ ਫੈਸ਼ਨ ਦੇ ਰੁਝਾਨ ਪ੍ਰਤੀ ਬਹੁਤ ਘੱਟ ਧਿਆਨ ਦਿੰਦੀ ਹਾਂ। ਮੈਨੂੰ ਇੱਕੋ ਕੱਪੜੇ ਵਾਰ-ਵਾਰ ਪਹਿਨਣ 'ਚ ਕੋਈ ਦਿੱਕਤ ਨਹੀਂ ਹੈ। ਮੈਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ ਕਿ ਲੋਕ ਇਸ ਬਾਰੇ ਕੀ ਕਹਿੰਦੇ ਹਨ। ਅਦਾਕਾਰਾ ਨੂੰ ਉਸ ਦੀਆਂ ਫ਼ਿਲਮਾਂ 'ਧੜਕ', 'ਮਿਲੀ', 'ਗੁੰਜਨ ਸਕਸੈਨਾ: ਦਿ ਕਾਰਗਿਲ ਗਰਲ' ਅਤੇ 'ਗੁੱਡ ਲੱਕ ਜੈਰੀ' ਲਈ ਜਾਣਿਆ ਜਾਂਦਾ ਹੈ। ਜਾਹਨਵੀ ਦੀਆਂ ਆਉਣ ਵਾਲੀਆਂ ਫ਼ਿਲਮਾਂ ਵਿੱਚ 'ਸਨੀ ਸੰਸਕਾਰੀ ਕੀ ਤੁਲਸੀ ਕੁਮਾਰੀ' ਅਤੇ 'ਪਰਮ ਸੁੰਦਰੀ' ਸ਼ਾਮਲ ਹਨ। 'ਦੇਵਰ ਭਾਗ 1' ਦੀ ਅਦਾਕਾਰਾ ਜਾਹਨਵੀ ਨੇ ਕਿਹਾ ਕਿ ਇਨ੍ਹਾਂ ਫ਼ਿਲਮਾਂ ਦੀ ਸ਼ੂਟਿੰਗ ਦੌਰਾਨ ਉਸ ਨੂੰ ਕਾਫ਼ੀ ਆਨੰਦ ਆਇਆ।



# ਦਾਰਾ ਸਿੰਘ ਤੇ ਮੁਮਤਾਜ਼ ਦੀ ਪ੍ਰੇਮ ਕਹਾਣੀ ਜੋ ਰਹੀ ਅਧੂਰੀ

ਦੁਨੀਆਂ ਅਜੇ ਵੀ ਦਾਰਾ ਸਿੰਘ ਨੂੰ 80 ਦੇ ਦਹਾਕੇ 'ਚ ਰਾਮਾਨੰਦ ਸਾਗਰ ਦੇ ਮਸ਼ਹੂਰ ਸੀਰੀਅਲ 'ਰਾਮਾਇਣ' 'ਚ ਹਨੂੰਮਾਨ ਦੀ ਭੂਮਿਕਾ ਲਈ ਯਾਦ ਕਰਦੀ ਹੈ। ਇੱਕ ਅਦਾਕਾਰ ਹੋਣ ਦੇ ਨਾਲ-ਨਾਲ, ਉਹ ਇੱਕ ਵਿਸ਼ਵ ਚੈਂਪੀਅਨ ਪਹਿਲਵਾਨ ਵੀ ਸੀ। ਮਰਹੂਮ ਅਦਾਕਾਰ ਨੇ ਆਪਣੇ ਕੈਰੀਅਰ 'ਚ ਕੁੱਲ 500 ਕੁਸ਼ਤੀ ਮੈਚ ਲੜੇ ਅਤੇ ਜਿੱਤੇ। ਖਾਸ ਗੱਲ ਇਹ ਹੈ ਕਿ ਉਸ ਨੇ 55 ਸਾਲ ਦੀ ਉਮਰ ਤੱਕ ਕੁਸ਼ਤੀ ਲੜੀ ਅਤੇ ਕਦੇ ਵੀ ਹਾਰ ਦਾ ਸਾਹਮਣਾ ਨਹੀਂ ਕੀਤਾ। ਇਸ ਦਿੱਗਜ ਅਦਾਕਾਰ ਦੇ ਕੈਰੀਅਰ ਬਾਰੇ ਹਰ ਕੋਈ ਚੰਗੀ ਤਰ੍ਹਾਂ ਜਾਣਦਾ ਹੈ ਪਰ ਉਸਦੀ ਪ੍ਰੇਮ ਜ਼ਿੰਦਗੀ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਅੱਜ ਅਸੀਂ ਤੁਹਾਨੂੰ ਮਰਹੂਮ ਅਦਾਕਾਰ ਦੇ ਪਿਆਰ ਬਾਰੇ ਦੱਸਾਂਗੇ, ਜੋ ਕਦੇ ਪੂਰਾ ਨਹੀਂ ਹੋ ਸਕਿਆ।

**ਸਿਰਫ਼ ਇਸ ਅਦਾਕਾਰਾ ਲਈ ਧੜਕਦਾ ਸੀ ਦਾਰਾ ਸਿੰਘ ਦਾ ਦਿਲ**

ਬਾਲੀਵੁੱਡ 'ਚ ਇਕੱਠੇ ਕੰਮ ਕਰਦੇ ਸਮੇਂ ਕਈ ਵੱਡੇ ਅਦਾਕਾਰ ਅਕਸਰ ਅਭਿਨੇਤਰੀਆਂ ਨਾਲ ਪਿਆਰ 'ਚ ਪੈ ਜਾਂਦੇ ਹਨ। ਕੁਝ ਅਜਿਹਾ ਹੀ ਦਾਰਾ ਸਿੰਘ ਨਾਲ ਹੋਇਆ। ਉਹ ਅਦਾਕਾਰਾ ਮੁਮਤਾਜ਼ ਸੀ, ਜਿਸ ਲਈ ਦਾਰਾ ਸਿੰਘ ਦਾ ਦਿਲ ਧੜਕਦਾ ਸੀ, ਜਿਸਨੇ ਆਪਣੀ ਸਖ਼ਤ ਸ਼ਖ਼ਸੀਅਤ ਅਤੇ ਭਾਰੀ ਆਵਾਜ਼ ਨਾਲ ਆਪਣੇ ਕਿਰਦਾਰਾਂ 'ਚ ਜਾਨ ਪਾ ਦਿੱਤੀ। ਮੁਮਤਾਜ਼ ਨੂੰ ਹਿੰਦੀ ਸਿਨੇਮਾ 'ਚ ਇੱਕ ਸੁਪਰਸਟਾਰ ਦਾ ਦਰਜਾ ਪ੍ਰਾਪਤ ਹੈ। ਮੁਮਤਾਜ਼ ਨੇ ਆਪਣੇ ਕੈਰੀਅਰ 'ਚ ਕਈ ਬੀ ਗ੍ਰੇਡ ਫ਼ਿਲਮਾਂ 'ਚ ਵੀ ਕੰਮ ਕੀਤਾ, ਸੁਪਰਹਿੱਟ ਫ਼ਿਲਮਾਂ ਤੋਂ ਲੈ ਕੇ ਸੈੱਟਾਂ 'ਤੇ ਛੋਟੀਆਂ ਭੂਮਿਕਾਵਾਂ ਨਿਭਾਉਣ ਤੱਕ। ਉਸ ਦਹਾਕੇ ਦੇ ਕਲਾਕਾਰਾਂ ਨੂੰ ਉਸ ਨਾਲ ਕੰਮ ਕਰਨਾ ਪਸੰਦ ਨਹੀਂ ਸੀ।

**ਪਹਿਲੀ ਨਜ਼ਰ 'ਚ ਹੋ ਗਿਆ ਸੀ ਪਿਆਰ**

ਦਾਰਾ ਸਿੰਘ ਨੂੰ ਪਹਿਲੀ ਨਜ਼ਰ 'ਚ ਹੀ ਮੁਮਤਾਜ਼ ਦੀ ਸੁੰਦਰਤਾ ਨਾਲ ਪਿਆਰ ਹੋ ਗਿਆ। ਕਿਹਾ ਜਾਂਦਾ ਹੈ ਕਿ ਮੁਮਤਾਜ਼ ਨੇ ਦਾਰਾ ਸਿੰਘ ਦੀ ਫ਼ਿਲਮ 'ਫ਼ੌਲਾਦ' ਲਈ ਉਸ ਸਮੇਂ ਹਾਂ ਕਹਿ ਦਿੱਤੀ ਜਦੋਂ ਕੋਈ ਹੋਰ ਅਦਾਕਾਰਾ ਉਨ੍ਹਾਂ ਨਾਲ ਕੰਮ ਕਰਨ ਲਈ ਤਿਆਰ ਨਹੀਂ ਸੀ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਦਾਰਾ ਦੇ ਭਰਾ ਐੱਸ. ਰੰਧਾਵਾ ਦਾ ਵਿਆਹ ਮੁਮਤਾਜ਼ ਦੀ ਭੈਣ ਨਾਲ ਹੋਇਆ ਸੀ। ਪਰਿਵਾਰਕ ਸਬੰਧਾਂ ਕਾਰਨ ਹੀ ਦਾਰਾ ਅਤੇ ਮੁਮਤਾਜ਼ ਦੀ ਮੁਲਾਕਾਤ ਹੋਈ, ਉਹ ਹੋਰ ਵੀ ਇੱਕ-ਦੂਜੇ ਦੇ ਨੇੜੇ ਹੋ ਗਏ ਅਤੇ ਫਿਰ ਉਸ ਨੂੰ ਉਸ ਨਾਲ ਪਿਆਰ ਹੋ ਗਿਆ।

**...ਤਾਂ ਇਸ ਕਰਕੇ ਦਾਰਾ ਸਿੰਘ ਅਤੇ ਮੁਮਤਾਜ਼ ਹੋ ਗਏ ਸਨ ਵੱਖ**

ਦਾਰਾ ਸਿੰਘ ਨੇ ਬਾਲੀਵੁੱਡ 'ਚ ਕਈ ਫ਼ਿਲਮਾਂ ਕੀਤੀਆਂ, ਜਿਨ੍ਹਾਂ 'ਚੋਂ ਜ਼ਿਆਦਾਤਰ 'ਚ ਉਹ ਮੁਮਤਾਜ਼ ਨਾਲ ਨਜ਼ਰ ਆਏ। ਪਿਆਰ ਸੀ, ਇਸ ਲਈ ਦਰਸ਼ਕਾਂ ਨੂੰ ਵੀ ਉਨ੍ਹਾਂ ਦੀ ਕੈਮਿਸਟਰੀ ਪਸੰਦ ਆਉਣ ਲੱਗੀ। ਹਾਲਾਂਕਿ ਜਦੋਂ ਮੁਮਤਾਜ਼ ਬੀ-ਟਾਊਨ ਦੀ ਚੋਟੀ ਦੀ ਅਦਾਕਾਰਾ ਬਣ ਗਈ ਤਾਂ ਦਾਰਾ ਸਿੰਘ ਨਾਲ ਉਸ ਦੀ ਦੂਰੀ ਵਧਣ ਲੱਗੀ। ਨਤੀਜੇ ਵਜੋਂ ਉਹ ਹਮੇਸ਼ਾ ਲਈ ਵੱਖ ਹੋ ਗਏ। ਦਾਰਾ ਸਿੰਘ ਮੁਮਤਾਜ਼ ਤੋਂ ਆਪਣੇ ਵੱਖ ਹੋਣ ਲਈ ਬਾਲੀਵੁੱਡ ਨੂੰ ਜ਼ਿੰਮੇਵਾਰ ਠਹਿਰਾਉਂਦਾ ਸੀ।



## ਅਮਰੀਕਾ ਸਰਕਾਰ ਨੇ ਵਪਾਰਕ ਭਰੋਸਿਆਂ

ਟੈਕਸ ਮਾਮਲੇ 'ਤੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਓਂਟਾਰਿਓ ਦੇ ਮੁੱਖ ਮੰਤਰੀ ਡੱਗ ਫੋਰਡ ਨੇ ਕਿਹਾ ਕਿ ਪਿਛਲੇ ਦਿਨੀਂ ਉਸਦੀ ਅਮਰੀਕਨ ਵਪਾਰ ਸਕੱਤਰ ਹੌਵਰਡ ਲੂਨਿਕ ਨਾਲ ਚੰਗੇ ਮਹੌਲ ਵਿੱਚ ਗੱਲ ਹੋਈ ਹੈ। ਫੋਰਡ ਨੇ ਦੱਸਿਆ ਕਿ ਬੇਸ਼ੱਕ ਹੌਵਰਡ ਨੇ ਭਰੋਸਾ ਦਿੱਤਾ ਹੈ ਕਿ ਵਾਹਨ ਟੈਕਸ ਉਤਪਾਦਕਾਂ ਨੂੰ ਪ੍ਰਭਾਵਿਤ ਕਰਨ ਦਾ ਕਾਰਨ ਨਹੀਂ ਬਣੇਗਾ।

ਜ਼ਿਕਰਯੋਗ ਹੈ ਕਿ ਕੈਨੇਡਾ 'ਚ 85 ਫੀਸਦ ਵਾਹਨ ਉਤਪਾਦਨ ਓਂਟਰੀਓ ਸੂਬੇ ਵਿੱਚ ਹੁੰਦਾ ਹੈ। ਕਰੀਬ ਸਾਢੇ ਪੰਜ ਲੱਖ ਕਾਮੇ ਆਟੋ ਫੈਕਟਰੀਆਂ 'ਚ ਕੰਮ ਕਰਦੇ ਹਨ। 2023 'ਚ ਇੱਥੇ 1537111 ਵਾਹਨਾਂ ਦਾ ਉਤਪਾਦਨ ਹੋਇਆ, ਜੋ 50 ਫੀਸਦੀ ਤੋਂ ਵੱਧ ਨਿਰਯਾਤ ਹੋਏ ਹਨ। ਕੈਨੇਡਾ ਦੇ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਵਿੱਚ ਆਟੋ ਉਤਪਾਦਨ ਦਾ ਯੋਗਦਾਨ 6 ਫੀਸਦ ਹੈ।

ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਚੋਣ ਮੁਹਿਮ ਦੇ ਟੂਰ ਵਿਚਾਲੇ ਛੱਡ ਕੇ ਵੱਡੀਆਂ ਵਾਹਨ ਫੈਕਟਰੀਆਂ ਦੇ ਯੂਨੀਅਨ ਆਗੂਆਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਨੂੰ ਸਰਕਾਰ ਬਣਾਉਣ ਦਾ ਮੌਕਾ ਮਿਲਦਾ ਹੈ ਤਾਂ ਕੈਨੇਡਾ 'ਚ ਬਣੀਆਂ ਕਾਰਾਂ ਨੂੰ ਜੀ.ਐੱਸ.ਟੀ. ਮੁਕਤ ਕੀਤਾ ਜਾਵੇਗਾ।

***

## ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ

ਧਰਮ ਨਹੀਂ ਸਗੋਂ ਤਾਲਿਬਾਨੀ ਹਕੂਮਤ ਕਾਇਮ ਕਰਨੀ ਚਾਹੁੰਦੇ ਹੋਣ।

ਕਾਸ਼ ਧਰਮ ਰਜਿਸਟਰਡ ਦੇ ਮਾਮਲੇ ਦੀ ਡੂੰਘਾਈ ਨੂੰ ਭਾਂਪਦਿਆਂ ਸਾਡੇ ਸਿਆਣੇ ਸਿੱਖ ਆਗੂ ਕਿਸੇ ਚੰਗੇ ਤਜਰਬੇਕਾਰ ਕਾਨੂੰਨ ਦੇ ਮਾਹਿਰ ਸਿਆਣੇ ਨਾਲ ਵਿਚਾਰ-ਵਟਾਂਦਰਾ ਕਰ ਧਰਮ ਰਜਿਸਟਰਡ ਕਰਵਾਉਣ ਦਾ ਕੇਸ ਲੈ ਤੁਰਦੇ ਤਾਂ ਸ਼ਾਇਦ ਇਹ ਮਿਸ਼ਨ ਜਿੱਤ ਕੇ ਮੁੜਦੇ ਪਰ ਇਨ੍ਹਾਂ ਉਲਝੇ ਆਗੂਆਂ ਨੇ ਤਾਂ ਕੇਸ ਹਾਰਨ ਬਾਅਦ ਵੀ ਕਾਫ਼ੀ ਸਮਾਂ ਸੰਗਤ ਵਿੱਚ ਭਾਫ਼ ਨਹੀਂ ਕੱਢੀ ਕਿ ਉਹ ਕੇਸ ਹਾਰ ਗਏ ਹਨ। ਸਿੱਖ ਸੰਗਤ ਨੂੰ ਚੁਣੇ ਸਿੱਖ ਆਗੂਆਂ ਤੋਂ ਕਾਫ਼ੀ ਉਮੀਦਾਂ ਸਨ ਪਰ ਇਨ੍ਹਾਂ ਆਗੂਆਂ ਨੇ ਸਰਕਾਰ ਵੱਲੋਂ ਲੱਗੇ ਪ੍ਰਸ਼ਨਾਂ ਨੂੰ ਜਨਤਕ ਕਰਨ ਤੋਂ ਲੰਬਾ ਸਮਾਂ ਪਾਸਾ ਵੱਟੀ ਰੱਖਿਆ ਜਿਸ ਕਾਰਨ ਸੰਗਤਾਂ ਅੰਦਰ ਬਹੁਤ ਨਿਰਾਸ਼ਾ ਦੇਖਣ ਨੂੰ ਮਿਲੀ ਤੇ ਅੱਗੇ ਕਈ ਹੋਰ ਸਿੱਖ ਆਗੂਆਂ ਨੇ ਨਵੀਂ ਸੰਸਥਾ ਖੜ੍ਹੀ ਕਰ ਫ਼ਿਰ ਸਿੱਖ ਧਰਮ ਨੂੰ ਰਜਿਸਟਰਡ ਕਰਨ ਦਾ ਕੇਸ ਲਗਾ ਦਿੱਤਾ ਪਰ ਇਸ ਵਾਰ ਹਾਲਾਤ ਥੋੜ੍ਹੇ ਸੰਜੀਦਾ ਹੋ ਗਏ ਤੇ ਇਟਲੀ ਦੀ ਸਰਕਾਰ ਨੇ ਸਿੱਖ ਭਾਈਚਾਰੇ ਨੂੰ ਇੱਕ ਝੰਡੇ ਹੇਠ ਲਾਮਬੰਦ ਹੋਕੇ ਆਉਣ ਲਈ ਕਹਿ ਦਿੱਤਾ।

ਹੁਣ ਜੇਕਰ ਸਿੱਖੀ ਸਿਧਾਂਤ, ਸਿੱਖ ਫ਼ਲਸਫ਼ੇ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ਦੀ ਬਾਣੀ ਦੇ ਓਟ ਆਸਰੇ ਕਿਸੇ ਫ਼ੈਸਲਾ ਲੈਣਾ ਹੁੰਦਾ ਤਾਂ ਗੱਲ ਮਿੰਟੋ-ਮਿੰਟੀ ਮੁੱਕ ਜਾਂਦੀ ਪਰ ਇੱਥੇ ਗੱਲ ਗੁਰੂ ਦੀ ਨਹੀਂ ਸਗੋਂ ਗਰੂਰ ਦੀ ਹੈ ਜਿਹੜਾ ਤਾਂ ਕੁਝ ਸਿੱਖ ਆਗੂਆਂ ਵਿੱਚ ਕੁੱਟ-ਕੁੱਟ ਕਿ ਭਰਿਆ ਲੱਗਦਾ। ਦੂਜੀ ਬਣੀ ਸਿੱਖ ਸੰਸਥਾ ਨੇ ਧਰਮ ਨੂੰ ਰਜਿਸਟਰਡ ਕਰਵਾਉਣ ਲਈ ਕਮਰ ਕੱਸੀ ਤੇ ਕਿਹਾ ਉਹ ਸਰਕਾਰੇ-ਦਰਬਾਰੇ ਹੋਈ ਹਰ ਗੱਲ ਨੂੰ ਸੰਗਤ ਵਿੱਚ ਰੱਖਣਗੇ ਪਰ ਇਹ ਸੰਸਥਾ ਵੀ ਆਪਣੇ ਵਾਅਦਿਆਂ 'ਤੇ ਸੰਗਤ ਲਈ ਖਰੀ ਨਾ ਉੱਤਰ ਸਕੀ ਜਿਸ ਕਾਰਨ ਸੰਗਤ ਨੇ ਫ਼ਿਰ ਪਹਿਲੀ ਸੰਸਥਾ ਦਾ ਨਵੇਂ ਨਾਮ ਨਾਲ ਪੁਨਰ ਗਠਿਤ ਕਰ ਦਿੱਤਾ ਤੇ ਲਗਾ ਦਿੱਤਾ ਸਿੱਖ ਧਰਮ ਨੂੰ ਰਜਿਸਟਰਡ ਕਰਨ ਦਾ ਤੀਜੀ ਵਾਰ ਕੇਸ, ਜਿਹੜਾ ਕਿ ਹਾਲੇ ਜਾਂਚ ਅਧੀਨ ਹੈ। ਹੁਣ ਸਵਾਲ ਪੈਦਾ ਇਹ ਹੋ ਰਿਹਾ ਕਿ ਜਦੋਂ ਸਿੱਖ ਧਰਮ ਰਜਿਸਟਰਡ ਕਰਵਾਉਣਾ ਗੁਰੂ ਦਾ ਕਾਰਜ ਇੱਕ ਹੈ ਫ਼ਿਰ ਕਿਉਂ ਇਨ੍ਹਾਂ ਸਿਆਣੇ ਲੀਡਰਾਂ ਨੇ ਸੰਗਤ ਦਾ ਦੋਹਰਾ ਖਰਚ ਕਰਵਾਉਣਾ ਸ਼ੁਰੂ ਕੀਤਾ ਹੋਇਆ ਹੈ ਕਿਉਂ ਨਹੀਂ ਇਹ ਸਿੱਖ ਆਗੂ ਆਪਣੀ ਹਉਮੈਂ ਦਾ ਪੱਲਾ ਛੱਡਕੇ ਗੁਰੂ ਦਾ ਕਾਰਜ ਕਰਨ ਲਈ ਪੂਰਨ ਤੌਰ 'ਤੇ ਸਿੱਖੀ ਦਾ ਪੱਲਾ ਫੜਦੇ ਹਨ ਜਿਸ ਨਾਲ ਇਟਲੀ ਦੇ ਸਿੱਖ ਸਮਾਜ ਦਾ ਸਮਾਂ ਬਦਲ ਸਕਦਾ ਹੈ। ਧਰਮ ਰਜਿਸਟਰਡ ਸਬੰਧੀ ਕੇਸ ਲੜ ਰਹੇ ਇਨ੍ਹਾਂ ਸਿੱਖ ਆਗੂਆਂ ਵੱਲੋਂ ਸਵਾਲ ਪੁੱਛਣ ਵਾਲੇ ਮੀਡੀਏ ਦੇ ਨੁਮਾਇੰਦਿਆਂ 'ਤੇ ਇਹ ਲੱਖ ਸਿੱਖੀ ਵਿਰੋਧੀ ਹੋਣ ਦੇ ਫਤਵੇ ਲਗਾ ਦਿੰਦੇ ਹਨ ਪਰ ਇਹ ਸਿੱਖ ਆਗੂ ਆਪ ਸਿੱਖੀ ਵਿੱਚ ਕਿੰਨਾ ਪਰਪੱਖ ਹਨ ਇਸ ਨੂੰ ਪ੍ਰਮਾਣਿਤ ਕਰਨ ਲਈ ਇਟਲੀ ਦੀ ਹਜ਼ਾਰਾਂ ਸਿੱਖ ਸੰਗਤ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਕਾਰਵਾਈ ਨੂੰ ਅੰਜਾਮ ਦੇਣ ਨਾ ਕਿ ਸਿਰਫ਼ ਕਾਗਜ਼ੀ ਬਿਆਨਾਂ ਨਾਲ ਜੰਗ ਜਿੱਤਣ ਦੇ ਸੁਪਨੇ ਦੇਖਣ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇਟਲੀ ਦੀ ਸਿੱਖ ਸੰਗਤ ਦਾ ਸਮਾਂ ਬਦਲੇ ਚਾਹੇ ਨਾ ਬਦਲੇ ਪਰ ਉਨ੍ਹਾਂ ਅਜਿਹੇ ਤਮਾਮ ਸਿੱਖ ਆਗੂਆਂ ਦਾ ਸਮਾਂ ਜ਼ਰੂਰ ਬਦਲ ਦੇਣਾ ਜਿਹੜੇ ਕਿ ਸੰਗਤ ਨੂੰ ਗੁੰਮਰਾਹ ਕਰਨ ਦੇ ਸਿਵਾਏ ਕੁਝ ਨਹੀਂ ਕਰ ਰਹੇ।

***

## ਇਰਾਨ-ਅਮਰੀਕਾ ਵਿਚਾਲੇ ਵਧ

ਕੋਈ ਸੌਦਾ ਕਰਦੇ ਹਨ ਤਾਂ ਅਸੀਂ ਉਨ੍ਹਾਂ 'ਤੇ ਕਦੇ ਵੀ ਸੈਕੰਡਰੀ ਟੈਰਿਫ਼ ਨਹੀਂ ਲਗਾਵਾਂਗੇ। ਆਓ ਉਮੀਦ ਕਰੀਏ ਕਿ ਦੇਸ਼ ਦੇ ਤੌਰ 'ਤੇ ਉਨ੍ਹਾਂ ਦਾ ਜੀਵਨ ਸ਼ਾਨਦਾਰ, ਲੰਮਾ ਤੇ ਸਫ਼ਲ ਰਹੇ। ਟਰੰਪ ਨੇ ਇੱਕ ਸਮਝੌਤਾ ਨੋਟ ਵੀ ਪੇਸ਼ ਕੀਤਾ ਤੇ ਕਿਹਾ ਕਿ ਇਹ ਚੰਗਾ ਨਹੀਂ ਹੋਵੇਗਾ ਜੇ ਇਰਾਨ ਸਮਝੌਤਾ ਨਾ ਕਰੇ। ਮੈਂ ਕਿਸੇ ਹੋਰ ਚੀਜ਼ ਲਈ ਸੌਦੇ ਦਾ ਆਦਾਨ-ਪ੍ਰਦਾਨ ਕਰਨ ਦੀ ਕਲਪਨਾ ਨਹੀਂ ਕਰ ਸਕਦਾ। ਮੈਂ ਦੂਜੀ ਆਪਸ਼ਨ ਦੀ ਬਜਾਏ ਸੌਦਾ ਕਰਨਾ ਪਸੰਦ ਕਰਾਂਗਾ।

### ਇਰਾਨ ਵੱਲੋਂ ਅਮਰੀਕਾ ਨਾਲ ਗੱਲਬਾਤ ਤੋਂ ਨਾਂਹ

ਇਰਾਨ ਦੇ ਰਾਸ਼ਟਰਪਤੀ ਨੇ ਕਿਹਾ ਕਿ ਤਹਿਰਾਨ ਨੇ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੱਤਰ ਦੇ ਜਵਾਬ 'ਚ ਅਮਰੀਕਾ ਨਾਲ ਸਿੱਧੀ ਗੱਲਬਾਤ ਨੂੰ ਖਾਰਜ ਕੀਤਾ ਹੈ।

ਰਾਸ਼ਟਰਪਤੀ ਮਸੂਦ ਪੇਜ਼ੈਸ਼ਕੀਅਨ ਦੀ ਟਿੱਪਣੀ ਤੋਂ ਪਹਿਲੀ ਵਾਰ ਅਧਿਕਾਰਤ ਤੌਰ 'ਤੇ ਸਪੱਸ਼ਟ ਹੋਇਆ ਹੈ ਕਿ ਇਰਾਨ ਨੇ ਟਰੰਪ ਦੇ ਪੱਤਰ 'ਤੇ ਕਿਸ ਤਰ੍ਹਾਂ ਦਾ ਜਵਾਬ ਦਿੱਤਾ ਹੈ।

ਇਸ ਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਦੋਵਾਂ ਮੁਲਕਾਂ ਵਿਚਾਲੇ ਤਣਾਅ ਵਧ ਸਕਦਾ ਹੈ। ਪੇਜ਼ੈਸ਼ਕੀਅਨ ਨੇ ਕਿਹਾ, "ਹਾਲਾਂਕਿ ਇਸ (ਟਰੰਪ ਦੇ ਪੱਤਰ 'ਤੇ) ਪ੍ਰਤੀਕਿਰਿਆ 'ਚ ਦੋਵਾਂ ਧਿਰਾਂ ਵਿਚਾਲੇ ਸਿੱਧੀ ਗੱਲਬਾਤ ਦੀ ਸੰਭਾਵਨਾ ਨੂੰ ਖਾਰਜ ਕੀਤਾ ਗਿਆ ਹੈ ਪਰ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਅਸਿੱਧੇ ਤੌਰ 'ਤੇ ਗੱਲਬਾਤ ਦਾ ਰਾਹ ਖੁੱਲ੍ਹ ਸਕਦਾ ਹੈ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਕੀ ਟਰੰਪ ਅਸਿੱਧੇ ਗੱਲਬਾਤ ਨੂੰ ਸਵੀਕਾਰ ਕਰਨਗੇ।

ਦੱਸਣਯੋਗ ਹੈ ਕਿ ਟਰੰਪ ਵੱਲੋਂ 2018 ਵਿੱਚ ਆਲਮੀ ਸ਼ਕਤੀਆਂ (ਮਰਗ;ਦ ਬਰਮਕਗਤ) ਨਾਲ ਤਹਿਰਾਨ ਦੇ ਪ੍ਰਮਾਣੂ ਸਮਝੌਤੇ ਤੋਂ ਅਮਰੀਕਾ ਨੂੰ ਪਾਸੇ ਰੱਖਣ ਤੋਂ ਬਾਅਦ ਅਸਿੱਧੇ ਤੌਰ 'ਤੇ ਗੱਲਬਾਤ ਅਸਫ਼ਲ ਰਹੀ ਹੈ।

***

## ਗੁਰਿੰਦਰਵੀਰ ਨੇ 100 ਮੀਟਰ ਦੌੜ 'ਚ ਬਣਾਇਆ

ਸਰਬਜੀਤ ਸਿੰਘ ਦੱਸਦੇ ਹਨ ਕਿ ਉਨ੍ਹਾਂ ਮੁਸ਼ਕਲ ਹਾਲਾਤ ਵਿੱਚ ਵੀ ਗੁਰਿੰਦਰਵੀਰ ਸਿੰਘ ਨੇ ਟ੍ਰੇਨਿੰਗ ਜਾਰੀ ਰੱਖੀ। ਫਿਰ ਕਰੋਨਾ ਤੋਂ ਬਾਅਦ 2021 ਵਿੱਚ ਪਟਿਆਲਾ ਵਿਖੇ ਹੋਈ ਮੀਟ ਵਿੱਚ ਗੁਰਿੰਦਰਵੀਰ ਸਿੰਘ ਨੇ 100 ਮੀਟਰ ਦੌੜ 10.27 ਸੈਕਿੰਡ ਵਿੱਚ ਪੂਰੀ ਕੀਤੀ। ਸਰਬਜੀਤ ਸਿੰਘ ਦੱਸਦੇ ਹਨ ਕਿ ਉਦੋਂ ਵੀ 1 ਮਾਈਕਰੋ ਸੈਕਿੰਡ ਤੋਂ ਰਿਕਾਰਡ ਟੁੱਟਣੋ ਰਹਿ ਗਿਆ ਸੀ। ਇਸੇ ਵਰ੍ਹੇ ਉਤਰਾਖੰਡ ਵਿੱਚ ਹੋਈਆਂ ਰਾਸ਼ਟਰੀ ਖੇਡਾਂ ਵਿੱਚ ਗੁਰਿੰਦਰਵੀਰ ਸਿੰਘ ਚੰਗਾ ਨਹੀਂ ਕਰ ਸਕਿਆ ਸੀ। ਜਿੱਥੇ ਉਹ ਫਾਈਨਲ ਲਈ ਕੁਆਲੀਫਾਈ ਕਰਨ ਵਿੱਚ ਅਸਫਲ ਰਿਹਾ। ਗੁਰਿੰਦਰਵੀਰ ਸਿੰਘ 10.96 ਸਕਿੰਟ ਦੇ ਨਾਲ ਆਪਣੀ ਹੀਟਸ ਵਿੱਚੋਂ ਤੀਜੇ ਸਥਾਨ 'ਤੇ ਰਿਹਾ। ਗੁਰਿੰਦਰਵੀਰ ਸਿੰਘ ਦੇ ਪੁਰਾਣੇ ਕੋਚ ਸਰਬਜੀਤ ਸਿੰਘ ਦੱਸਦੇ ਹਨ ਕਿ ਗੁਰਿੰਦਰ ਨੂੰ ਕੁਝ ਮਹੀਨੇ ਪਹਿਲਾਂ ਰਿਲਾਇੰਸ ਫਾਊਂਡੇਸ਼ਨ ਨੇ ਅਡਾਪਟ ਕਰ ਲਿਆ ਸੀ। ਕੋਚ ਸਰਬਜੀਤ ਦੱਸਦੇ ਹਨ ਕਿ ਪੰਜਾਬ ਤੇ ਉਥੋਂ ਦੀਆਂ ਸਹੂਲਤਾਂ ਵਿੱਚ ਕਾਫ਼ੀ ਅੰਤਰ ਹੈ। ਇਸੇ ਲਈ ਗੁਰਿੰਦਰਵੀਰ ਨੂੰ ਮੁੰਬਈ ਭੇਜਣ ਦਾ ਫੈਸਲਾ ਕੀਤਾ ਸੀ ਕਿਉਂਕਿ ਮੁੰਬਈ ਵਿੱਚ ਖਿਡਾਰੀਆਂ ਨੂੰ ਹਰ ਉਹ ਸਹੂਲਤ ਮਿਲਦੀ ਹੈ, ਜਿਸਦੀ ਅੱਜ ਦੇ ਸਮੇਂ ਵਿੱਚ ਲੋੜ ਹੈ। ਸਾਡੇ ਪੰਜਾਬ ਵਿੱਚ ਕੋਚ ਤਾਂ ਇੱਕ ਅਥਲੀਟ ਨੂੰ ਮਿਲ ਜਾਂਦਾ ਪਰ ਸਹਾਇਕ ਕੋਚ ਬਿਲਕੁਲ ਨਹੀਂ ਮਿਲਦੇ। ਨਾ ਹੀ ਪੂਰੀ ਡਾਇਟ ਮਿਲ ਪਾਊਂਦੀ ਹੈ।

ਸਰਬਜੀਤ ਦੱਸਦੇ ਹਨ ਕਿ ਜਦੋਂ ਜਲੰਧਰ ਵਿੱਚ ਸਿੰਥੈਟਿਕ ਦਾ ਟਰੈਕ ਨਹੀਂ ਸੀ ਬਣਿਆ ਤਾਂ ਉਦੋਂ ਗੁਰਿੰਦਰ ਤੇ ਹੋਰ ਖਿਡਾਰੀ ਪ੍ਰੈਕਿਟਸ ਕਰਵਾਉਣ ਲਈ ਕਈ ਕਿਲੋਮੀਟਰ ਦੂਰ ਜਲੰਧਰ ਤੋਂ ਤਰਨ ਤਾਰਨ ਜਾਂਦੇ ਸੀ।

ਗੁਰਿੰਦਰ ਕਹਿੰਦੇ ਹਨ ਕਿ ਮੇਰਾ ਪੰਜਾਬ ਛੱਡ ਕੇ ਮੁੰਬਈ ਵਿੱਚ ਰਿਲਾਇੰਸ ਫਾਊਂਡੇਸ਼ਨ ਜੁਆਇਨ ਕਰਨ ਦਾ ਮੁੱਖ ਮਕਸਦ ਇਹ ਸੀ ਕਿ ਉੱਥੇ ਖਿਡਾਰੀ ਨੂੰ ਹਰ ਤਰ੍ਹਾਂ ਦੀ ਸਹੂਲਤ ਮਿਲਦੀ ਹੈ ਜਿਵੇਂ ਪੰਜਾਬ ਵਿੱਚ ਸਾਨੂੰ ਪ੍ਰਤੀ ਦਿਨ 160 ਰੁਪਏ ਦੀ ਡਾਇਟ ਮਿਲਦੀ ਸੀ, ਉਹ ਵੀ ਕਦੇ ਮਿਲ ਜਾਂਦੀ ਕਦੇ ਨਹੀਂ। ਇਸ ਕਰਕੇ ਕਈ ਦਿਨ ਸਾਨੂੰ ਭੁੱਖੇ ਵੀ ਰਹਿਣਾ ਪੈਂਦਾ ਅਤੇ ਕਈ ਵਾਰ ਬਾਹਰੋਂ ਖਾਣਾ ਪੈਂਦਾ, ਜਿਸ ਕਾਰਨ ਮੇਰੀ ਸਿਹਤ ਵੀ ਖਰਾਬ ਹੋ ਗਈ ਸੀ ਤੇ ਮੈਨੂੰ ਰਿਕਵਰ ਹੋਣ ਲਈ ਤਕਰੀਬਨ ਡੇਢ ਸਾਲ ਲੱਗੇ। ਰਿਲਾਇੰਸ ਫਾਊਂਡੇਸ਼ਨ ਵੱਲੋਂ ਇੱਕ ਦਿਨ ਦੀ ਤਕਰੀਬਨ 2000 ਰੁਪਏ ਦੀ ਡਾਇਟ ਦਿੱਤੀ ਜਾਂਦੀ ਹੈ ਅਤੇ ਕੋਚ ਤੋਂ ਲੈ ਕੇ ਹਰ ਪ੍ਰਕਾਰ ਦੀ ਸਹੂਲਤ ਵੀ ਖਿਡਾਰੀ ਨੂੰ ਮਿਲਦੀ ਹੈ।

ਗੁਰਿੰਦਰ ਸਿੰਘ ਆਪਣੇ ਰੋਲ ਮਾਡਲ ਆਪਣੇ ਪਿਤਾ ਅਤੇ ਕੋਚ ਨੂੰ ਮੰਨਦੇ ਹਨ, ਜਿਨ੍ਹਾਂ ਨੇ ਉਹਨਾਂ ਦਾ ਹਮੇਸ਼ਾ ਸਾਥ ਦਿੱਤਾ ਅਤੇ ਇਸ ਮੁਕਾਮ ਤੱਕ ਪਹੁੰਚਾਇਆ। ਗੁਰਿੰਦਰ ਸਿੰਘ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਦੇ ਰੋਲ ਮਾਡਲ ਸਿੱਖ ਧਰਮ ਦੇ ਸ਼ਹੀਦ ਹਨ, ਜਿਨ੍ਹਾਂ ਨੂੰ ਦੇਖ ਕੇ ਉਨ੍ਹਾਂ ਅੰਦਰ ਹਮੇਸ਼ਾ ਹੌਸਲਾ ਭਰਦਾ ਹੈ।

ਲੋਕਾਂ ਵੱਲੋਂ ਦਿੱਤੇ ਗਏ ਫਲਾਇੰਗ ਸਿੱਖ ਦੇ ਖਿਤਾਬ ਬਾਰੇ ਗੁਰਿੰਦਰਵੀਰ ਸਿੰਘ ਕਹਿੰਦੇ ਹਨ ਕਿ ਮੈਨੂੰ ਖੁਸ਼ੀ ਹੈ ਕਿ ਮੈਨੂੰ ਫਲਾਇੰਗ ਸਿੱਖ ਕਹਿ ਕੇ ਲੋਕ ਬੁਲਾ ਰਹੇ ਹਨ ਅਤੇ ਉਸ ਇਨਸਾਨ ਨਾਲ ਯਾਨੀ ਕਿ ਮਿਲਖਾ ਸਿੰਘ ਨਾਲ ਤੁਲਨਾ ਕਰ ਰਹੇ ਨੇ ਜਿਨ੍ਹਾਂ ਨੇ ਅਥਲੈਟਿਕਸ ਵਿੱਚ ਇੱਕ ਵੱਖਰਾ ਮੁਕਾਮ ਹਾਸਿਲ ਕੀਤਾ।

***

## ਪਾਸਟਰ ਬਜਿੰਦਰ ਦਾ ਨਹੀਂ ਚਲਿਆ ਜਾਦੂ,

ਸਾਂਝੀ ਕੀਤੀ। ਬੀਬੀਆਂ ਨੇ ਜਥੇਦਾਰ ਨੂੰ ਦੱਸਿਆ ਕਿ ਪਾਸਟਰ ਬਜਿੰਦਰ ਵੱਲੋਂ ਉਸ ਦੇ ਡੇਰਿਆਂ ਵਿੱਚ ਉਨ੍ਹਾਂ ਨਾਲ ਅੱਤਿਆਚਾਰ ਤੇ ਜਿਣਸੀ ਸ਼ੋਸ਼ਣ ਕੀਤਾ ਗਿਆ, ਜਿਸ ਸਬੰਧੀ ਪੰਜਾਬ ਪੁਲਿਸ ਵੱਲੋਂ ਪਰਚੇ ਵੀ ਦਰਜ ਕੀਤੇ ਗਏ ਹਨ। ਬੀਬੀਆਂ ਨੇ ਕਿਹਾ ਕਿ ਪਰਚੇ ਦਰਜ ਕੀਤੇ ਜਾਣ ਤੋਂ ਬਾਅਦ ਬਜਿੰਦਰ ਦੇ ਕਰਿੰਦਿਆਂ ਵੱਲੋਂ ਦੋਵਾਂ ਨੂੰ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ ਅਤੇ ਪੁਲਿਸ ਵੱਲੋਂ ਵੀ ਉਸ ਖ਼ਿਲਾਫ਼ ਲੰਮੇ ਸਮੇਂ ਤੋਂ ਸਖ਼ਤ ਕਾਰਵਾਈ ਨਹੀਂ ਕੀਤੀ ਗਈ, ਇਸ ਕਰਕੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜੀਆਂ ਹਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਵੇਂ ਪੁਲਿਸ ਵੱਲੋਂ ਦੋਸ਼ੀ ਬਜਿੰਦਰ ਖ਼ਿਲਾਫ਼ ਪਰਚੇ ਦਰਜ ਕਰ ਲਏ ਗਏ ਹਨ ਪਰੰਤੂ ਉਸ ਵਿਰੁੱਧ ਕਾਰਵਾਈ 'ਚ ਢਿੱਲ-ਮੱਠ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਤਾੜਨਾ ਹੈ ਕਿ ਉਹ ਦੋਸ਼ੀ ਬਜਿੰਦਰ ਦੇ ਖ਼ਿਲਾਫ਼ ਤੁਰੰਤ ਸਖ਼ਤ ਤੋਂ ਸਖ਼ਤ ਕਾਰਵਾਈ ਕਰੇ ਅਤੇ ਪੀੜਤ ਬੀਬੀਆਂ ਦੀ ਸੁਰੱਖਿਆ ਯਕੀਨੀ ਬਣਾਵੇ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਖ਼ਾਲਸਾ ਪੰਥ ਦਾ ਨੁਮਾਇੰਦਾ ਹੋਣ ਦੇ ਨਾਤੇ ਦੋਵੇਂ ਬੀਬੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੱਚੇ ਤਖ਼ਤ ਉੱਤੇ ਆਈਆਂ ਹਨ ਅਤੇ ਦੋਸ਼ੀ ਪਖੰਡਵਾਦੀ ਦੇ ਵਿਰੁੱਧ ਸਮੁੱਚੀ ਸਿੱਖ ਕੌਮ ਤੇ ਪੰਜਾਬ ਇਨਸਾਫ਼ ਦਿਵਾਉਣ ਲਈ ਉਨ੍ਹਾਂ ਦੇ ਨਾਲ ਖੜ੍ਹਾ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਗੁਰੂ ਸਾਹਿਬਾਨ ਦੇ ਨਾਮ ਉੱਤੇ ਵੱਸਦੇ ਪੰਜਾਬ ਅੰਦਰ ਸਰਕਾਰ ਵੱਲੋਂ ਅੱਜ ਬਲਾਤਕਾਰੀ ਮਾਨਸਿਕਤਾ ਵਾਲੇ ਡੇਰੇਦਾਰਾਂ ਨੂੰ ਉਭਾਰਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਬਲਾਤਕਾਰੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੀ ਪੰਜਾਬ ਅੰਦਰ ਇਸੇ ਤਰ੍ਹਾਂ ਉਭਾਰਿਆ ਗਿਆ ਸੀ ਅਤੇ ਅੱਜ ਵੀ ਸਰਕਾਰ ਵੱਲੋਂ ਉਸ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਅੰਦਰ ਉਭਰ ਰਹੇ ਮਨੁੱਖਤਾ ਵਿਰੋਧੀ, ਸਿੱਖ ਵਿਰੋਧੀ ਤੇ ਪਖੰਡਵਾਦ ਦੇ ਡੇਰਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਇਨ੍ਹਾਂ ਨੂੰ ਤੁਰੰਤ ਸੀਲ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਬੀਬੀਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਇਸਾਈ ਭਾਈਚਾਰੇ ਦੇ ਧਾਰਮਿਕ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੇ ਅਖੌਤੀ ਪਖੰਡਵਾਦੀਆਂ ਤੇ ਬਲਾਤਕਾਰੀ ਮਾਨਸਿਕਤਾ ਵਾਲੇ ਲੋਕਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਵਿਰੁੱਧ ਖੁਦ ਅਵਾਜ਼ ਉਠਾਉਣ ਦੂਜੇ ਪਾਸੇ ਪਾਸਟਰ ਬਜਿੰਦਰ ਸਿੰਘ ਮਨਿਸਟਰੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਸਾਰੇ ਇਲਜ਼ਾਮਾਂ ਨੂੰ ਨਕਾਰਿਆ ਹੈ। ਉਨ੍ਹਾਂ ਨੇ ਕਿਹਾ, 'ਪਾਸਟਰ ਬਜਿੰਦਰ ਸਿੰਘ ਉੱਤੇ ਲੱਗੇ ਇਲਜ਼ਾਮ ਝੂਠੇ ਅਤੇ ਬੇਬੁਨਿਆਦ ਹਨ। ਇਹ ਇਲਜ਼ਾਮ ਇੱਕ ਸਾਜ਼ਿਸ਼ ਤਹਿਤ ਲਗਾਏ ਗਏ ਹਨ।'

***

## ਬਾਦਲ ਦਲ, ਬਾਬਾ ਹਰਨਾਮ ਸਿੰਘ ਧੁੰਮਾ 'ਤੇ

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਜੋ ਹੁਣ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਹਨ ਅਤੇ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਸੁਲਤਾਨ ਸਿੰਘ, ਜਿਨ੍ਹਾਂ ਦੀ ਬਰਖਾਸਤਗੀ ਨੇ ਤੂਫਾਨ ਮਚਾ ਦਿੱਤਾ ਸੀ ਅਤੇ ਜਿਨ੍ਹਾਂ ਦੀ ਬਹਾਲੀ ਦੀ ਮੰਗ ਟਕਸਾਲ ਮੁਖੀ ਅਤੇ ਹੋਰਾਂ ਦੁਆਰਾ ਕੀਤੀ ਜਾ ਰਹੀ ਹੈ, ਨੇ ਵੀ ਇਸ ਸਮਾਰੋਹ ਵਿੱਚ ਸ਼ਿਰਕਤ ਕੀਤੀ।

ਅਕਾਲੀ ਦਲ ਦੇ ਇੱਕ ਹਿੱਸੇ ਦਾ ਮੰਨਣਾ ਹੈ ਕਿ ਧਾਮੀ ਦੀ ਟਕਸਾਲ ਨਾਲ ਪੁਰਾਣੀ ਨੇੜਤਾ ਤੋਂ ਇਲਾਵਾ, ਟਕਸਾਲ ਨੂੰ ਸ਼ਾਂਤੀ ਦੀ ਪੇਸ਼ਕਸ਼ ਵੀ ਹਿੱਸਾ ਹੋ ਸਕਦੀ ਹੈ।

**ਸਰਨਾ ਦੀ ਤਿੱਖੀ ਟਿੱਪਣੀ** : ਅਜਿਹੇ ਸਮੇਂ ਜਦੋਂ ਜ਼ਿਆਦਾਤਰ ਅਕਾਲੀ ਆਗੂ ਦਮਦਮੀ ਟਕਸਾਲ 'ਤੇ ਚੁੱਪ ਹਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਖੀ ਪਰਮਜੀਤ ਸਿੰਘ ਸਰਨਾ ਸੋਸ਼ਲ ਮੀਡੀਆ 'ਤੇ ਟਕਸਾਲ ਉਪਰ ਤਿੱਖੇ ਹਮਲੇ ਕਰ ਰਹੇ ਹਨ ਕਿਉਂਕਿ ਨਵ-ਨਿਯੁਕਤ ਕਾਰਜਕਾਰੀ ਅਕਾਲ ਤਖ਼ਤ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਉਨ੍ਹਾਂ ਦੇ ਨੇੜੇ ਮੰਨਿਆ ਜਾਂਦਾ ਹੈ। ਸਰਨਾ ਦਾ ਕਹਿਣਾ ਸੀ ਕਿ ਬਾਬਾ ਹਰਨਾਮ ਸਿੰਘ ਧੁੰਮਾ ਨੇ ਦਮਦਮੀ ਟਕਸਾਲ ਦੇ ਨਾਮ ਤੇ ਕੌਮ ਅੰਦਰ ਇਸਦੇ ਸਤਿਕਾਰ ਦੀ ਪ੍ਰਵਾਹ ਨਾ ਕਰਦੇ ਹੋਏ ਜਿਸ ਤਰ੍ਹਾਂ ਦੀ ਸਰਗਰਮੀ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਨੂੰ ਬਹਾਨਾ ਬਣਾਕੇ ਬਿਗਾਨੀਆਂ ਤਾਕਤਾਂ ਦੇ ਇਸ਼ਾਰਿਆਂ ਦੇ ਸ਼ੁਰੂ ਕੀਤੀ ਹੋਈ ਸੀ। ਉਸਨੂੰ ਅੱਜ ਦੂਸਰੀ ਵਾਰ ਸਿੱਖ ਪੰਥ ਨੇ ਰੱਦ ਕਰਦੇ ਹੋਏ ਪੰਥ ਤੇ ਇਸ ਲੁਕਵੇਂ ਹਮਲੇ ਨੂੰ ਨਾਕਾਮ ਕਰ ਦਿੱਤਾ ਹੈ। ਇਸਤੋਂ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਸੇ ਬਹਾਨੇ ਸੱਦੇ ਇਕੱਠ ਵਿੱਚ ਨਾ ਦੋ ਸੌ ਬੰਦਾ ਇਕੱਠਿਆਂ ਹੋ ਸਕਿਆ ਸੀ ਤੇ ਨਾ ਹੀ ਹੁਣ ਪੂਰੇ ਪੰਜਾਬ ਵਿੱਚ ਇਸ਼ਤਿਹਾਰ ਲਗਾਉਣ ਦੇ ਬਾਵਜੂਦ ਦੋ ਸੌ ਬੰਦਾ ਬਾਬਾ ਹਰਨਾਮ ਸਿੰਘ ਤੇ ਉਹਨਾਂ ਦੇ ਸਾਥੀ ਇਕੱਠਾ ਕਰ ਸਕੇ।

ਸਰਨਾ ਨੇ ਕਿਹਾ ਸੀ ਕਿ ਇਸ ਇਕੱਠ ਵਿੱਚ ਬਲਜੀਤ ਸਿੰਘ ਦਾਦੂਵਾਲ, ਜਿਸਨੂੰ ਹਰਿਆਣਾ ਦੀ ਸੰਗਤ ਕੁਝ ਸਮਾਂ ਪਹਿਲਾਂ ਹੀ ਬੁਰੀ ਤਰ੍ਹਾਂ ਨਾਕਾਰ ਕੇ ਹਟੀ ਹੈ ਤੇ ਹਰਮੀਤ ਸਿੰਘ ਕਾਲਕਾ ਜੋ ਪਿਛਲੇ ਸਾਢੇ ਤਿੰਨ ਸਾਲ ਤੋਂ ਸਰਕਾਰੀ ਸਰਪ੍ਰਸਤੀ ਨਾਲ ਦਿੱਲੀ ਕਮੇਟੀ ਦੀ ਚੋਣ ਰੋਕ ਕੇ ਬੈਠਾ ਹੈ। ਉਹਨਾਂ ਵਰਗੇ ਹੀ ਕੌਮ ਦੇ ਨਕਾਰੇ ਤੇ ਦਿੱਲੀ ਦੇ ਸ਼ਿੰਗਾਰੇ ਹੋਏ ਹੱਥ ਠੋਕੇ ਹੀ ਇਕੱਠੇ ਹੋਏ ਸਨ। ਪਰ ਸਮੁੱਚੀ ਸਿੱਖ ਕੌਮ ਇਹਨਾਂ ਸਾਰਿਆਂ ਦਾ ਕਿਰਦਾਰ ਪਛਾਣਦੀ ਹੈ। ਇਸ ਲਈ ਅੱਜ ਦੂਜੀ ਵਾਰ ਕੌਮ ਨੇ ਇਹਨਾਂ ਦੀ ਪੰਥ ਵਿੱਚ ਫੁੱਟ ਪਾ ਕੇ ਪੰਥ ਵਿਰੋਧੀ ਤਾਕਤਾਂ ਨੂੰ ਲਾਭ ਪਹੁੰਚਾਉਣ ਦੀ ਨੀਤੀ ਨੂੰ ਕਰਾਰੀ ਹਾਰ ਦਿੱਤੀ ਹੈ।

ਦੂਜੇ ਪਾਸੇ ਬਾਬਾ ਧੁੰਮਾ ਨੇ ਕਿਹਾ ਕਿ ਸਰਨਾ ਦਿੱਲੀ ਦੀ ਸੰਗਤ ਤੋਂ ਨਕਾਰਿਆ ਬੰਦਾ ਹੈ ਜੋ ਕਾਂਗਰਸ ਦਾ ਏਜੰਟ ਰਿਹਾ ਹੈ। ਇਹ ਹੁਣ ਸਿੱਖ ਪੰਥ ਵਿੱਚ ਫੁੱਟ ਪਾਉਣਾ ਚਾਹੁੰਦਾ ਹੈ।




## ਕਹਿੰਦੇ ਇੱਕ ਮੁਲਕ ਸੁਣੀਂਦਾ, ਪਾਣੀਆਂ ਦੇ ਓਹਲੇ ...

ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੰਤਰਰਾਸ਼ਟਰੀ ਸਿੱਖਿਆ ਆਸਟ੍ਰੇਲੀਆ ਦਾ ਚੌਥਾ ਸਭ ਤੋਂ ਵੱਡਾ ਨਿਰਯਾਤ ਉਦਯੋਗ ਹੈ। 2022-2023 ਵਿੱਤੀ ਸਾਲ 'ਚ ਆਰਥਿਕਤਾ 'ਚ ਇਸ ਖੇਤਰ ਦਾ ਯੋਗਦਾਨ 36.4 ਅਰਬ ਆਸਟ੍ਰੇਲੀਅਨ ਡਾਲਰ ਯਾਨੀ ਲਗਭਗ ਦੋ ਹਜ਼ਾਰ ਅਰਬ ਰੁਪਏ ਸੀ। ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਲੋਕ ਪ੍ਰਵਾਸੀਆਂ ਦੀ ਵਧਦੀ ਗਿਣਤੀ ਤੋਂ ਚਿੰਤਤ ਹਨ।

ਇੱਕ ਸਰਵੇਖਣ ਅਨੁਸਾਰ ਵੋਟਰ ਵਿਦੇਸ਼ੀ ਵਿਦਿਆਰਥੀਆਂ ਅਤੇ ਕੰਮ ਕਰਨ ਵਾਲਿਆਂ ਦੀ ਆਮਦ ਤੋਂ ਚਿੰਤਤ ਹਨ, ਜੋ ਹਾਊਸਿੰਗ ਮਾਰਕੀਟ 'ਤੇ ਵਧੇਰੇ ਦਬਾਅ ਪਾ ਰਹੇ ਹਨ। 30 ਸਤੰਬਰ, 2023 ਤੱਕ ਸਾਲ 'ਚ ਸ਼ੁੱਧ ਪ੍ਰਵਾਸ 60 ਫ਼ੀਸਦੀ ਵਧ ਕੇ ਰਿਕਾਰਡ 5,48,800 ਹੋ ਗਿਆ ਸੀ। ਇਨ੍ਹਾਂ 'ਚ ਵੱਡੀ ਗਿਣਤੀ ਭਾਰਤ, ਚੀਨ ਅਤੇ ਫਿਲੀਪੀਨਜ਼ ਦੇ ਵਿਦਿਆਰਥੀ ਸਨ। 2022-23 'ਚ ਦੇਸ਼ 'ਚ ਆਏ ਪ੍ਰਵਾਸੀਆਂ ਦੀ ਕੁੱਲ ਗਿਣਤੀ 5,18,000 ਸੀ। ਅੰਕੜੇ ਦਸ ਰਹੇ ਹਨ ਕਿ ਆਸਟ੍ਰੇਲੀਆ ਜਾਣ ਦੇ ਚਾਹਵਾਨ ਲੋਕਾਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ ਅਤੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਵਸੇ ਹੋਏ ਲੋਕ ਆਸਟ੍ਰੇਲੀਆ ਜਾਣ ਲਈ ਹਰ ਤਰੀਕਾ ਅਪਨਾਉਣ ਲਈ ਤਿਆਰੀ ਕਰ ਰਹੇ ਹਨ। ਦੁਨੀਆਂ ਭਰ ਤੋਂ ਭਾਵੇਂ ਆਸਟ੍ਰੇਲੀਆ ਵਿੱਚ ਹਰ ਕਿਸਮ ਦੇ ਕੋਰਸਾਂ ਵਿੱਚ ਦਾਖਲੇ ਲੈਣ ਲਈ ਅੰਤਰਰਾਸ਼ਟਰੀ ਵਿਦਿਆਰਥੀ ਆ ਰਹੇ ਹਨ ਪਰ ਕਿੱਤਾਮੁੱਖੀ ਕੋਰਸਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ।

ਆਸਟ੍ਰੇਲੀਆ ਦਾ ਸ਼ਾਂਤ ਮਾਹੌਲ ਅਤੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਸਾਫ਼ ਸੁਥਰਾ ਵਾਤਾਵਰਣ ਜਿਥੇ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਖਿੱਚਦਾ ਹੈ, ਉਥੇ ਅੰਤਰਰਾਸ਼ਟਰੀ ਵਿਦਿਆਰਥੀ ਵੀ ਆਸਟ੍ਰੇਲੀਆ ਜਾ ਕੇ ਪੜ੍ਹਾਈ ਕਰਨ ਨੂੰ ਤਰਜੀਹ ਦੇ ਰਹੇ ਹਨ। ਭਾਵੇਂ ਕਿ ਹੁਣ ਆਸਟ੍ਰੇਲੀਆ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਖ਼ਤ ਕਾਨੂੰਨ ਬਣਾਉਣ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਹੋਣ ਦੇ ਖ਼ਦਸ਼ੇ ਖੜੇ ਹੋ ਗਏ ਹਨ, ਫ਼ਿਰ ਵੀ ਭਾਰਤ ਸਮੇਤ ਦੁਨੀਆਂ ਦੇ ਵੱਖ- ਵੱਖ ਮੁਲਕਾਂ ਤੋਂ ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆ ਜਾਣ ਦੇ ਯਤਨ ਕਰ ਰਹੇ ਹਨ।

***

## ਹੁਣ ਦੁਰਲੱਭ ਚੀਜ਼ ਬਣ ਰਿਹੇ ਆਜ਼ਾਦ

ਇਸ ਦਾ ਪ੍ਰਮਾਣ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਵਿਦਵਾਨਾਂ ਦੇ ਲੇਖਾਂ ਦੀ ਘਟਦੀ ਗਿਣਤੀ ਅਤੇ ਅਨੁਪਾਤ ਤੋਂ ਸਪੱਸ਼ਟ ਹੁੰਦਾ ਹੈ। ਵਿਸ਼ਵ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਦੀ ਦਰਜਾਬੰਦੀ ਵਿੱਚ ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਜਾਂ ਖੋਜ ਸੰਸਥਾ ਦਾ ਨਾਮ ਸ਼ਾਮਲ ਨਹੀਂ। ਆਨਲਾਈਨ ਖੋਜ ਪੱਤਰ ਅਤੇ ਕਿਤਾਬਾਂ ਲਿਖਣ ਤੇ ਛਾਪਣ ਦੇ ਘੁਟਾਲੇ ਹੋ ਰਹੇ ਹਨ। ਵਿਦਿਅਕ ਸੰਸਥਾਵਾਂ ਨਿਘਾਰ ਵੱਲ ਜਾ ਰਹੀਆਂ ਹੋਣ ਤਾਂ ਦੇਸ਼/ਇਲਾਕੇ ਦੇ ਬੌਧਿਕ ਵਿਕਾਸ 'ਤੇ ਮਾੜਾ ਅਸਰ ਪੈਂਦਾ ਹੈ। ਬੌਧਿਕ ਕੰਗਾਲੀ ਕਾਰਨ ਬਾਹਰੀ ਤਾਕਤਾਂ ਫਾਇਦਾ ਉਠਾ ਲੈਂਦੀਆਂ ਹਨ ਅਤੇ ਅਸਥਿਰਤਾ ਪੈਦਾ ਕਰ ਸਕਦੀਆਂ ਹਨ।

ਜਦੋਂ ਸਰਕਾਰਾਂ ਸਚਾਈ ਲੁਕਾਉਣ ਲੱਗੀਆਂ ਹੋਣ, ਕਾਰਪੋਰੇਟ ਮੀਡੀਆ ਸੱਚਾਈ ਉਜਾਗਰ ਕਰਨ ਵਿੱਚ ਦਿਲਚਸਪੀ ਗੁਆ ਚੁੱਕਿਆ ਹੋਵੇ, ਸਿਆਸੀ ਪਾਰਟੀਆਂ ਦੇ ਆਈ.ਟੀ. ਸੈੱਲ ਪੱਖਪਾਤੀ ਹੋ ਜਾਣ ਅਤੇ ਉੱਚ ਵਿਦਿਅਕ ਅਦਾਰਿਆਂ ਨੂੰ ਨਿਰਪੱਖ ਖੋਜ ਤੋਂ ਅਸਮਰੱਥ ਕਰ ਦਿੱਤਾ ਜਾਵੇ ਤਾਂ ਸੱਚ ਲੱਭਣ ਦਾ ਕਾਰਜ ਔਖਾ, ਗੁੰਝਲਦਾਰ ਅਤੇ ਖ਼ਤਰਨਾਕ ਬਣ ਜਾਂਦਾ ਹੈ ਪਰ ਸੱਚਾਈ ਲੱਭਣਾ ਅਤੇ ਸਮਾਜਿਕ, ਆਰਥਿਕ ਤੇ ਸਿਆਸੀ ਵਰਤਾਰੇ ਨੂੰ ਲੋਕ ਪੱਖੀ ਬਣਾਉਣ ਲਈ ਇਹ ਕਾਰਜ ਜ਼ਰੂਰੀ ਹੈ। ਇਹ ਕਾਰਜ ਹੁਣ ਲੋਕਾਂ ਦੀ ਸਮਾਜਿਕ ਲਹਿਰ ਨੂੰ ਆਪਣੇ ਜ਼ਿੰਮੇ ਲੈਣਾ ਪਵੇਗਾ। ਇਸ ਵਾਸਤੇ ਸਮਾਜਿਕ ਲਹਿਰ ਦੇ ਪੂਰਕ ਦੇ ਤੌਰ 'ਤੇ ਸਿਆਣੇ, ਗੰਭੀਰ ਅਤੇ ਸਰਗਰਮ ਗਰੁੱਪ ਕਾਇਮ ਕਰਨੇ ਪੈਣਗੇ। ਇਹ ਗਰੁੱਪ ਲਗਾਤਾਰ ਆਪਣੀਆਂ ਤੱਥ-ਖੋਜ ਰਿਪੋਰਟਾਂ ਅਤੇ ਮਾਹਿਰਾਂ ਦੇ ਖੋਜ ਆਧਾਰਿਤ ਲੇਖ/ਕਿਤਾਬਾਂ ਦੇ ਨਤੀਜੇ ਲੋਕਾਂ ਸਾਹਮਣੇ ਪੇਸ਼ ਕਰਨ। ਇਨ੍ਹਾਂ ਰਿਪੋਰਟਾਂ ਨਾਲ ਲੈਸ ਹੋ ਕੇ ਗੋਸ਼ਟੀਆਂ/ਬਹਿਸਾਂ ਕਰ ਕੇ ਤੱਥ ਵਿਚਾਰੇ ਜਾਣ। ਇਸ ਮੌਕੇ ਸੰਵਾਦ ਦੀ ਬਹੁਤ ਜ਼ਰੂਰਤ ਹੈ। ਲੋਕਾਂ ਤੱਕ ਸੱਚਾਈ ਲੋਕ ਪੱਖੀ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਪਹੁੰਚਾਈ ਜਾ ਸਕਦੀ ਹੈ। ਸੱਚਾਈ ਦੀ ਭਾਲ ਨੂੰ ਟਿਕਾਊ ਬਣਾਉਣ ਲਈ ਜ਼ਰੂਰੀ ਹੈ ਕਿ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਰੋਕਿਆ ਜਾਵੇ ਅਤੇ ਹਰ ਪੱਧਰ ਦੀ ਸਿੱਖਿਆ ਦਾ ਇੰਤਜ਼ਾਮ ਸਰਕਾਰ ਕਰੇ। ਵਿਦਿਅਕ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਨੂੰ ਹਾਕਮ ਪਾਰਟੀਆਂ ਦੀ ਸਿਆਸਤ ਤੋਂ ਬਚਾਇਆ ਜਾਵੇ। ਕਿਸਾਨ, ਮਜ਼ਦੂਰ, ਮੁਲਾਜ਼ਮ, ਅਧਿਆਪਕ ਅਤੇ ਵਿਦਿਆਰਥੀ ਲਹਿਰ ਨੂੰ ਸਰਕਾਰੀ ਵਿਦਿਅਕ ਸੰਸਥਾਵਾਂ ਦੀਆਂ ਗ੍ਰਾਂਟਾਂ ਦੀ ਬਹਾਲੀ, ਖ਼ੁਦਮੁਖ਼ਤਾਰੀ ਅਤੇ ਸਿੱਖਿਆ ਦੇ ਮਿਆਰ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾਉਣ ਤੋਂ ਬਗੈਰ ਕਾਰਪੋਰੇਟ ਮੀਡੀਆ ਨਾਲ ਵਿਚਾਰਧਾਰਕ ਲੋਹਾ ਨਹੀਂ ਲਿਆ ਜਾ ਸਕਦਾ।

***

## ਪਰਵਾਸ: ਨਵੀਆਂ ਸਮੱਸਿਆਵਾਂ

ਜਾਇਦਾਦਾਂ ਬਣਾਉਂਦੇ ਸਨ ਪਰ ਹੁਣ ਇਹ ਪ੍ਰਕਿਰਿਆ ਵੀ ਪੁੱਠੀ ਪੈਣੀ ਸ਼ੁਰੂ ਹੋ ਗਈ ਹੈ। ਪਰਵਾਸ ਕਰ ਰਹੀ ਜਵਾਨੀ ਸਦਕਾ ਇਕੱਲਾ ਆਰਥਿਕ ਘਾਟਾ ਹੀ ਨਹੀਂ ਪੈ ਰਿਹਾ ਬਲਕਿ ਸਮਾਜਿਕ ਤੇ ਮਾਨਸਿਕ ਪੱਖੋਂ ਗੰਭੀਰ ਸਿੱਟੇ ਸਾਹਮਣੇ ਆ ਰਹੇ ਹਨ। ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ। ਸਰਕਾਰਾਂ ਨੂੰ ਯੋਗ ਪ੍ਰਸ਼ਾਸਨ ਤੇ ਵਿਕਾਸ ਨੀਤੀਆਂ ਲਾਗੂ ਕਰ ਲੋਕਾਂ ਅੰਦਰ ਇੱਥੇ ਵਸਣ ਲਈ ਭਰੋਸਾ ਬਣਾਉਣਾ ਚਾਹੀਦਾ ਹੈ। ਮੂਲ ਮੁੱਦਾ ਰੁਜ਼ਗਾਰ ਦਾ ਹੈ। ਇਹ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ, ਖੇਤੀ ਸਮੇਤ ਉਦਯੋਗਾਂ ਦੀ ਸਥਾਪਨਾ ਨਾਲ ਹੀ ਸੰਭਵ ਹੈ। ਯੋਗ ਕੋਸ਼ਿਸ਼ਾਂ ਹੀ ਸਾਨੂੰ ਬਾਹਰਲਿਆਂ ਦੇ ਧੱਕੇ ਖਾਣ ਤੋਂ ਬਚਾ ਸਕਦੀਆਂ ਹਨ।

****

## ਭਾਈ ਨੰਦ ਲਾਲ ਗੋਯਾ

ਮਾਤਾ ਗੁਜਰੀ ਜੀ ਅਤੇ ਛੋਟੇ ਦੋ ਸਾਹਿਬਜ਼ਾਦੇ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਖੇੜੀ ਪਹੁੰਚ ਗਏ। ਗੁਰੂ ਸਾਹਿਬ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਛੇਤੀ ਹੀ ਗੋਯਾ ਉਹਨਾਂ ਨਾਲ ਮਿਲ ਗਿਆ। ਸੰਨ 1707 ਵਿੱਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੋਯਾ ਬਾਦਸ਼ਾਹ ਬਹਾਦਰਸ਼ਾਹ ਅਤੇ ਗੁਰੂ ਸਾਹਿਬ ਵਿਚਕਾਰ ਵਿਚੋਲੇ ਸਨ। ਗੋਯਾ 1707-1712 ਤੱਕ ਬਹਾਦਰ ਸ਼ਾਹ ਦੇ ਡੇਰੇ ਰਿਹਾ। ਸਕੱਤਰ ਵਜੋਂ ਕੰਮ ਕੀਤਾ। ਗੋਯਾ 1710 ਵਿੱਚ ਬੰਦਾ ਬਹਾਦਰ ਵਿਰੁੱਧ ਬਾਦਸ਼ਾਹ ਦੀ ਲੋਹਗੜ੍ਹ ਮੁਹਿੰਮ ਵਿੱਚ ਹਾਜ਼ਰ ਸੀ। ਉਹ ਬਾਦਸ਼ਾਹ ਨਾਲ ਲਾਹੌਰ ਗਿਆ। ਤਦ 1712 ਵਿਚ ਲਾਹੌਰ ਵਿਖੇ ਬਹਾਦਰ ਸ਼ਾਹ ਦੀ ਮੌਤ ਹੋਣ 'ਤੇ ਬਹਾਦਰ ਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਨਾਲ ਮਿਲ ਕੇ ਦਿੱਲੀ ਆ ਗਿਆ। ਫਿਰ 1713 ਵਿੱਚ ਗੋਯਾ ਦਿੱਲੀ ਤੋਂ ਭੱਜ ਕੇ ਮੁਲਤਾਨ ਚਲਾ ਗਿਆ। ਉਥੇ ਉਸ ਨੇ ਫ਼ਾਰਸੀ ਅਤੇ ਅਰਬੀ ਦੀ ਸਿੱਖਿਆ ਲਈ ਉੱਚ ਸਕੂਲ ਖੋਲ੍ਹਿਆ। 1715 ਵਿੱਚ ਗੋਯਾ ਦੀ ਮੁਲਤਾਨ ਵਿਖੇ ਮੌਤ ਹੋ ਗਈ। ਸੰਨ 1849 ਵਿੱਚ ਪੰਜਾਬ ਦੇ ਕਬਜ਼ੇ ਵਿੱਚ ਅੰਗਰੇਜ਼ਾਂ ਨੇ ਇਸ ਸਕੂਲ ਨੂੰ ਗੋਯਾ ਦੇ ਵੰਸ਼ਜਾਂ ਦੀ ਸਰਪ੍ਰਸਤੀ ਹੇਠ ਕੰਮ ਕਰਦੇ ਪਾਇਆ।

ਉਸ ਦੇ ਦੋ ਪੁੱਤਰਾਂ ਵਿਚੋਂ ਦੀਵਾਨ ਲਖਪਤ ਰਾਏ ਬਔਲਾਦ ਹੀ ਮਰ ਗਿਆ। ਜਦਕਿ ਦੀਵਾਨ ਲੀਲਾ ਰਾਮ ਦੇ ਵੰਸ਼ਜ ਆਗਾਪੁਰਾ ਵਿੱਚ ਰਹਿੰਦੇ ਸਨ। ਜੋ ਬਹਾਵਲਪੁਰ ਰਾਜ ਦੀਆਂ ਸਰਕਾਰੀ ਨੌਕਰੀਆਂ 'ਤੇ ਸਨ।

'ਗੋਯਾ' ਤਖ਼ਲਸ ਦਾ ਮਤਲਬ ਹੈ ਬੁਲਾਰਾ। ਉਸ ਕਿਹਾ ਕਿ ਜਿਵੇਂ ਪਰਮਾਤਮਾ ਮੈਨੂੰ ਬੋਲਾਂਦਾ ਹੈ, ਮੈਂ ਬੋਲਦਾ ਹਾਂ। ਮੈਂ ਇਸ ਵਿੱਚ ਕੁਝ ਨਹੀਂ ਕੀਤਾ। ਉਸ ਦੀਆਂ ਰਚਨਾਵਾਂ ਵਿਚੋਂ:

ਅੰਤਿਕਾ : ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ,
ਜਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ

ਦੋਹਾਂ ਜਹਾਂ ਉੱਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਦਾ ਹੱਥ ਹੈ। ਸਾਰੇ ਫਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਝੁੱਕ ਹਨ। ਸੰਸਾਰ ਵਿੱਚ ਜਦ ਖ਼ੁਦਾ ਦੇ ਭਗਤ ਆਉਂਦੇ ਹਨ,
ਉਹ ਭੁੱਲੜਾ ਨੂੰ ਰਾਹ ਦੱਸਣ ਆਉਂਦੇ ਹਨ, ਗੋਯਾ ਜੇ ਕਰ ਤੇਰੀ ਅੱਖ ਰੱਬ ਦੀ ਤਾਂਘ ਵਾਲੀ ਹੋਵੇ
ਤਾਂ ਸਮਝ ਕਿ ਰੱਬ ਦੇ ਭਗਤ ਰੱਬ ਨੂੰ ਵਿਖਾਉਣ ਆਉਂਦੇ ਹਨ।

ਬਾਦ ਜਾਨਸ ਫਿਦਾਇ ਗੁਰੂ ਗੋਬਿੰਦ ਸਿੰਘ
ਫਰਕਿ ਉ ਬਰ ਪਾਇ ਗੁਰੂ ਗੋਬਿੰਦ ਸਿੰਘ

ਰੱਬ ਕਰੇ ਇਸ ਨੰਦ ਲਾਲ ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ, ਰੱਬ ਕਰੇ ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਟਿਕਿਆ ਰਹੇ।

***

## ਫ਼ਸਲੀ ਚੱਕਰ ਵਧਾ ਰਿਹਾ

ਫ਼ਸਲੀ ਚੱਕਰ ਟੁੱਟਣ ਨਾਲ ਪਾਣੀ ਦੀ ਬੇਲੋੜੀ ਬਰਬਾਦੀ ਰੁਕੇਗੀ। ਮਾਹਿਰਾਂ ਅਨੁਸਾਰ ਜੇ 30 ਫ਼ੀਸਦੀ ਜ਼ਮੀਨਦੋਜ਼ ਪਾਣੀ ਵਰਤੀਏ ਤਦ 70 ਫ਼ੀਸਦੀ ਰਿਚਾਰਜ ਕਰਨ ਦੀ ਲੋੜ ਹੋਵੇਗੀ। ਅੱਜ ਸ਼ਾਇਦ ਕੋਈ ਹੀ ਅਜਿਹੀ ਨਦੀ ਹੋਵੇ ਜਿਸ ਦਾ ਪਾਣੀ ਪੀਣਯੋਗ ਬਚਿਆ ਹੋਵੇ। ਅਸੀਂ ਨਦੀਆਂ ਵਿਚ ਘਰਾਂ ਦਾ ਕੂੜਾ-ਕਰਕਟ, ਸੀਵਰੇਜ ਦਾ ਪਾਣੀ, ਪਲਾਸਟਿਕ ਕਚਰਾ ਸੁੱਟ ਕੇ ਉਨ੍ਹਾਂ ਨੂੰ ਗੰਧਲਾ ਕਰ ਰਹੇ ਹਾਂ। ਪਾਣੀ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਸਾਨੂੰ ਫ਼ਿਕਰਮੰਦ ਹੋਣਾ ਪਵੇਗਾ ਕਿਉਂਕਿ ਗੰਭੀਰ ਜਲ ਸੰਕਟ ਕੌਮੀ ਸਮੱਸਿਆ ਹੈ। ਇਹ ਸਮਾਂ ਸਾਡੇ ਸਾਰਿਆਂ ਦੇ ਸੁਚੇਤ ਹੋਣ ਦਾ ਹੈ, ਨਹੀਂ ਤਾਂ ਅਗਲੀ ਪੀੜ੍ਹੀ ਨੂੰ ਸਾਫ਼ ਤੇ ਪੀਣਯੋਗ ਪਾਣੀ ਦੀ ਹਰ ਬੂੰਦ ਲਈ ਤਰਸਣਾ ਹੋਵੇਗਾ। ਸੋ, ਜਲ ਸੰਕਟ ਨੂੰ ਗੰਭੀਰਤਾ ਨਾਲ ਲੈਣਾ ਹੋਵੇਗਾ ਅਤੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਨੂੰ ਤਿਲਾਂਜਲੀ ਦੇਣੀ ਹੋਵੇਗੀ। ਆਮ ਲੋਕਾਂ ਨੂੰ ਵੀ ਪਾਣੀ ਦੀ ਅਹਿਮੀਅਤ ਸਮਝਣ ਦੀ ਜ਼ਰੂਰਤ ਹੈ। ਕੁਦਰਤ ਦੀ ਇਸ ਅਨਮੋਲ ਦਾਤ ਨੂੰ ਹਰਗਿਜ਼ ਬਰਬਾਦ ਨਾ ਕੀਤਾ ਜਾਵੇ ਕਿਉਂਕਿ ਇਹ ਮੰਨਿਆ ਜਾ ਰਿਹਾ ਹੈ ਕਿ ਤੀਜੀ ਆਲਮੀ ਜੰਗ ਪਾਣੀ ਲਈ ਹੀ ਲੱਗੇਗੀ। ਜੇ ਅਸੀਂ ਹੁਣ ਵੀ ਪਾਣੀ ਦੀ ਮਹੱਤਤਾ ਨਾ ਸਮਝੀ ਤਾਂ ਬਹੁਤ ਪਛਤਾਵਾਂਗੇ।

****

## ਅਸਫ਼ਲਤਾ ਤੋਂ ਸਫ਼ਲਤਾ ਦੀ

ਥਾਮਸ ਐਡੀਸਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਾਰਨਾ ਮੰਨ ਕਿ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਹ ਆਖਦਾ ਹੈ ਕਿ 'ਮੈਂ 10,000 ਵਾਰ ਅਸਫ਼ਲ ਨਹੀਂ ਹੋਇਆ, ਸਗੋਂ ਮੈਂ ਸਫ਼ਲਤਾ ਪੂਰਵਕ 10,000 ਤਰੀਕੇ ਲੱਭੇ ਹਨ ਜੋ ਕੰਮ ਨਹੀਂ ਕਰਦੇ' ਅਸਫ਼ਲ ਕੋਸ਼ਿਸ਼ ਵਿਚਾਰ ਪੈਦਾ ਕਰਦਾ ਹੈ ਕਿ ਕਿਹੜਾ ਕੰਮ ਕਰਨਾ ਜਾਂ ਨਹੀਂ ਕਰਨਾ ਚਾਹੀਦਾ ਹੈ। ਇਹ ਨਾ ਸੋਚੋ ਕਿ ਹਰ ਸਫ਼ਲ ਵਿਅਕਤੀ ਦੀ ਕਿਸਮਤ ਉਸ ਦੇ ਨਾਲ ਸੀ। ਜੁਝਾਰੂ ਲੋਕ ਸਫ਼ਲਤਾ ਲਈ ਹੰਭਲਾ ਮਾਰਦੇ ਹਨ। ਉਹ ਸਾਲਾਂ-ਬੱਧੀ ਦੇ ਸੰਘਰਸ਼ ਜਾਂ ਨਾਕਾਮਯਾਬੀ ਦਾ ਗੁਣਗਾਨ ਨਹੀਂ ਹੁੰਦਾ। ਸਿਰਫ਼ ਸਫ਼ਲਤਾ ਦੀ ਇੱਛਾ ਰੱਖਦੇ ਹਨ। ਇਸ ਲਈ ਅਸਫ਼ਲ ਹੋਣ ਤੋਂ ਨਾ ਡਰੋ। ਇਹ ਸਫ਼ਲਤਾ ਦੇ ਰਾਹ ਦਾ ਹਿੱਸਾ ਹੈ। ਮੁੱਕੇਬਾਜ਼ ਐਂਥਨੀ ਜੋਸ਼ੂ ਨੇ ਇੱਕ ਲੜਾਈ ਵਿੱਚ ਓਲੇਕਸੈਂਡਰ ਯੂਸਿਕ ਤੋਂ ਹਾਰਨ ਲਿਖਿਆ ਕਿ 'ਮੈਂ ਲੜਾਈ ਦੇਖੀ ਹੈ, ਆਪਣੀਆਂ ਤਿਆਰੀਆਂ ਅਤੇ ਗਲਤੀਆਂ ਦੀ ਪੜਚੋਲ ਕੀਤੀ ਹੁਣ ਮੈਂ ਜਿੱਤ ਲਈ ਸਬਕ ਸਿੱਖ ਲਿਆ ਹੈ।' ਜਦੋਂ ਕੰਮ ਲਈ ਕੋਸ਼ਿਸ਼ ਕਰਦੇ ਹੋ ਤਾਂ ਨਵਾਂ ਸਿੱਖਣਾ ਸਧਾਰਨ ਗੱਲ ਹੈ। ਇਸ ਲਈ ਅਸਫ਼ਲਤਾ ਦੇ ਅਭਿਆਸ ਤੋਂ ਬਾਅਦ ਵੀ ਇੱਕ ਹੋਰ ਮੌਕਾ ਲੈਣ ਲਈ ਤਿਆਰ ਰਹੋ। ਸੰਘਰਸ਼ ਵਿਅਕਤੀ ਨੂੰ ਮਜ਼ਬੂਤ ਬਣਾਉਂਦਾ ਹੈ, ਚਾਹੇ ਉਹ ਕਮਜ਼ੋਰ ਕਿਉਂ ਨਾ ਹੋਵੇ। ਕਿਉਂਕਿ ਸੰਘਰਸ਼ ਬਿਨਾ ਜ਼ਿੰਦਗੀ ਨਹੀਂ, ਉੱਤਮ ਕਰਨ ਦੀ ਤਾਂਘ ਵਿਅਕਤੀ ਨੂੰ ਥੱਕਣ ਨਹੀਂ ਦਿੰਦੀ। ਨਵੇਂ ਟੀਚੇ ਦੀ ਠੋਸ ਯੋਜਨਾ ਘੜ ਕੇ ਖੁਦ ਨੂੰ ਸੰਗਠਿਤ ਕਰੋ ਅਤੇ ਇੱਛੁਕ ਨਤੀਜਿਆਂ ਦੀ ਲੜੀ ਲਈ ਜਿੱਤ ਦੇ ਘੋੜੇ 'ਤੇ ਸਵਾਰ ਹੋ ਜਾਵੋ ਤਾਂ ਜੋ ਆਉਣ ਵਾਲਾ ਸੁਨਹਿਰੀ ਸਮਾਂ ਖ਼ੁਸ਼ੀ ਖੇੜਿਆਂ ਤੇ ਰੌਸ਼ਨਮਈ ਤਾਰਿਆਂ ਵਾਂਗ ਚਮਕਦਾ ਹੋਵੇ।

***

## ਪੰਜਾਬ ਬਜਟ-2025 ਕੋਈ

ਇੱਥੇ ਬਿਜਲੀ ਥਰਮਲ ਪਲਾਂਟਾਂ ਤੋਂ ਮੁੱਲ ਲੈ ਕੇ ਮੁਫ਼ਤ ਵੰਡਣ ਦਾ ਕੋਈ ਵੀ ਤਰਕ ਨਜ਼ਰ ਨਹੀਂ ਆਉਂਦਾ। ਹਰ ਸਾਲ 550 ਕਰੋੜ ਰੁਪਏ ਦਾ ਬੋਝ ਚੁੱਕ ਕੇ ਵੰਡਣਾ ਕਿਸੇ ਆਰਥਿਕਤਾ ਦੇ ਮਿਆਰ 'ਤੇ ਠੀਕ ਨਹੀਂ। 2022 ਵਿੱਚ ਜਦੋਂ ਮੌਜੂਦਾ ਸਰਕਾਰ ਬਣੀ ਸੀ, ਪੰਜਾਬ ਸਿਰ 3.83 ਲੱਖ ਕਰੋੜ ਦਾ ਕਰਜ਼ਾ ਸੀ ਜਿਹੜਾ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਵਧ ਕੇ 4.78 ਲੱਖ ਕਰੋੜ ਹੋ ਗਿਆ ਹੈ ਜਾਂ ਕਹਿ ਲਓ ਇਹ 95 ਲੱਖ ਕਰੋੜ ਹੋਰ ਵਧ ਗਿਆ ਹੈ। ਇਸ ਪੱਖੋਂ ਪੰਜਾਬ, ਅਰੁਣਾਚਲ ਪ੍ਰਦੇਸ਼ ਤੋਂ ਬਾਅਦ ਦੂਸਰਾ ਸਭ ਤੋਂ ਵੱਡਾ ਕਰਜ਼ਈ ਸੂਬਾ ਹੈ। ਜੋ ਕਰਜ਼ਾ ਲੈ-ਲੈ ਕੇ ਔਰਤਾਂ ਲਈ ਸਫ਼ਰ ਅਤੇ ਹੋਰ ਮੁਫ਼ਤ ਦੇ ਤੋਹਫ਼ੇ ਦੇ ਰਿਹਾ ਹੈ, ਜੋ ਰਾਜਨੀਤਕ ਤੇ ਆਰਥਿਕਤਾ 'ਤੇ ਪੂਰੇ ਨਹੀਂ ਉਤਰਦੇ, ਕਿਉਂ ਜੋ ਇਸ ਨਾਲ ਸਮਾਜਿਕ ਸੁਰੱਖਿਆ ਜੋ ਸਰਕਾਰ ਦੀ ਪਹਿਲੀ ਜ਼ਿੰਮੇਵਾਰੀ ਹੁੰਦੀ ਹੈ, ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ।

ਬਿਜਲੀ ਮੁਫ਼ਤ ਕਰਨ ਦਾ ਇੱਕ ਹੋਰ ਵੱਡਾ ਨੁਕਸਾਨ ਇਹ ਹੈ ਕਿ ਬਿਜਲੀ ਹੋਰ ਵਧੇਰੇ ਜ਼ਾਇਆ ਜਾਂਦੀ ਹੈ। ਬਿਜਲੀ ਵਰਤਣ ਵਾਲਾ ਇਹ ਮਹਿਸੂਸ ਹੀ ਨਹੀਂ ਕਰਦਾ ਕਿ ਇਸ 'ਤੇ ਲਾਗਤ ਲੱਗੀ ਹੈ।

ਪੰਜਾਬ ਪਾਣੀ ਦੀ ਬਹੁਤਾਤ ਵਾਲਾ ਪ੍ਰਾਂਤ ਸੀ, ਪਰ ਇਸ ਵਕਤ ਸਭ ਤੋਂ ਵੱਡੀ ਸਮੱਸਿਆ ਇਸ ਲਈ ਬਣੀ ਹੋਈ ਹੈ ਕਿ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋ ਰਿਹਾ ਹੈ। ਭਗਵੰਤ ਮਾਨ ਵੋਟਾਂ ਦੀ ਸਿਆਸਤ ਤੋਂ ਉੱਪਰ ਉੱਠ ਕੇ ਉਸ ਦੀ ਸਰਕਾਰ ਨੂੰ ਨਵੇਂ ਫ਼ੈਸਲੇ ਲੈਣੇ ਪੈਣੇ ਹਨ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੇ ਸੁੱਖ ਵਿੱਚ ਵਾਧਾ ਹੋਵੇ।

***

## ਪੰਜਾਬੀਅਤ 'ਤੇ ਭਾਰੀ ਪਈ ਡਾਲਰਾਂ ਦੀ ਚਮਕ

ਕੈਨੇਡਾ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ 27 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਵਰਕ ਵੀਜ਼ੇ 'ਤੇ ਵਿਦੇਸ਼ ਜਾਣਾ ਹੁਣ ਮੁਸ਼ਕਿਲ ਹੈ।

**ਹਰ ਸਾਲ 25 ਲੱਖ ਭਾਰਤੀ ਜਾਂਦੇ ਹਨ ਵਿਦੇਸ਼**

ਘੱਟੋ-ਘੱਟ 22 ਫ਼ੀਸਦੀ ਅਮੀਰ ਭਾਰਤੀ ਇੱਥੇ ਰਹਿਣ-ਸਹਿਣ ਦੇ ਹਾਲਾਤ, ਵਿਦੇਸ਼ਾਂ 'ਚ ਬਿਹਤਰ ਜੀਵਨ ਪੱਧਰ ਅਤੇ ਦੂਜੇ ਦੇਸ਼ਾਂ 'ਚ ਆਸਾਨ ਕਾਰੋਬਾਰੀ ਮਾਹੌਲ ਵਰਗੇ ਕਾਰਕਾਂ ਕਾਰਨ ਦੇਸ਼ ਛੱਡਣਾ ਚਾਹੁੰਦੇ ਹਨ। 150 ਬਹੁਤ ਅਮੀਰ ਵਿਅਕਤੀਆਂ 'ਤੇ ਕੀਤੇ ਗਏ ਸਰਵੇਖਣ 'ਚ ਕਿਹਾ ਗਿਆ ਹੈ ਕਿ ਗੋਲਡਨ ਵੀਜ਼ਾ ਸਕੀਮ ਕਾਰਨ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਕੈਨੇਡਾ ਅਤੇ ਇਥੋਂ ਤਕ ਕਿ ਯੂ.ਏ.ਈ. ਵੀ ਪਸੰਦੀਦਾ ਸਥਾਨ ਹਨ, ਜਿੱਥੇ ਅਮੀਰ ਲੋਕ ਵਸਣਾ ਚਾਹੁੰਦੇ ਹਨ। ਦੇਸ਼ ਦੇ ਪ੍ਰਮੁੱਖ ਦੌਲਤ ਪ੍ਰਬੰਧਕ ਕੋਟਕ ਪ੍ਰਾਈਵੇਟ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਅਨੁਸਾਰ ਹਰ ਸਾਲ 25 ਲੱਖ ਭਾਰਤੀ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ। ਸਰਵੇਖਣ ਦੇ ਨਤੀਜਿਆਂ ਵਿੱਚ ਕਿਹਾ ਗਿਆ ਹੈ ਕਿ ਸਰਵੇਖਣ ਵਿੱਚ ਸ਼ਾਮਲ ਪੰਜ ਵਿਚੋਂ ਇੱਕ ਬਹੁਤ ਅਮੀਰ ਲੋਕ ਇਸ ਸਮੇਂ ਪ੍ਰਵਾਸ ਕਰਨ ਦੀ ਪ੍ਰਕਿਰਿਆ ਵਿੱਚ ਹਨ ਜਾਂ ਪ੍ਰਵਾਸ ਕਰਨ ਦੀ ਯੋਜਨਾ ਬਣਾ ਰਹੇ ਹਨ।

***

## ਨਸ਼ੇ ਦੀਆਂ ਜੜ੍ਹਾਂ ਹੁਣ ਪੰਜਾਬ

ਇਸੇ ਤਰ੍ਹਾਂ, ਅੰਮ੍ਰਿਤਸਰ ਵਿੱਚ ਇਹ ਖੁਲਾਸਾ ਹੋਇਆ ਕਿ ਬੱਚੇ ਸਕੂਲ ਦੇ ਬਾਥਰੂਮਾਂ ਵਿੱਚ ਸਿਗਰਟ ਪੀ ਰਹੇ ਸਨ। ਸਫ਼ਾਈ ਕਰਮਚਾਰੀਆਂ ਨੇ ਇਸ ਬਾਰੇ ਕਈ ਵਾਰ ਸਕੂਲ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਹੈ, ਪਰ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਕੁਝ ਬੱਚੇ ਆਪਣੇ ਪਰਿਵਾਰਾਂ ਨਾਲ ਝੂਠ ਬੋਲ ਕੇ ਗ਼ੈਰ-ਕਾਨੂੰਨੀ ਹੁੱਕਾ ਬਾਰਾਂ ਵਿੱਚ ਜਾਣ ਲੱਗ ਪਏ ਹਨ।

ਪੁਲਿਸ ਨਹੀਂ ਦੇ ਰਹੀ ਧਿਆਨ

ਸੂਬੇ ਵਿੱਚ ਨਾਬਾਲਗਾਂ ਦੇ ਨਸ਼ੇ ਦਾ ਸ਼ਿਕਾਰ ਹੋਣ ਦੇ ਕਈ ਮਾਮਲੇ ਸਾਹਮਣੇ ਆ ਰਹੇ ਹਨ, ਪਰ ਪੁਲਿਸ ਇਸ 'ਤੇ ਕੋਈ ਠੋਸ ਕਾਰਵਾਈ ਨਹੀਂ ਕਰ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਇਹ ਵੀ ਮੰਨਿਆ ਹੈ ਕਿ ਉਨ੍ਹਾਂ ਦਾ ਧਿਆਨ ਹੈਰੋਇਨ, ਸਮੈਕ ਅਤੇ ਆਈਸ ਤਸਕਰਾਂ 'ਤੇ ਜ਼ਿਆਦਾ ਰਹਿੰਦਾ ਹੈ। ਲੁਧਿਆਣਾ ਦੇ ਏ.ਡੀ.ਸੀ.ਪੀ. ਕ੍ਰਾਈਮ ਅਮਨਦੀਪ ਸਿੰਘ ਬਰਾੜ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਮਾਮਲੇ ਦਰਜ ਕੀਤੇ ਹਨ ਪਰ ਤਸਕਰ ਬੱਚਿਆਂ ਨੂੰ ਨਸ਼ੀਲੇ ਪਦਾਰਥ ਸਪਲਾਈ ਕਰਨ ਦੇ ਨਵੇਂ ਤਰੀਕੇ ਲੱਭ ਰਹੇ ਹਨ।

ਜਲੰਧਰ ਦੇ ਇੱਕ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਬਹੁਤ ਸਾਰੇ ਬੱਚਿਆਂ ਨੇ ਦੱਸਿਆ ਕਿ ਸਕੂਲ ਦੇ ਨੇੜੇ ਸਥਿਤ ਪਾਨ ਦੀਆਂ ਦੁਕਾਨਾਂ 'ਤੇ ਵੀ ਨਸ਼ੇ ਉਪਲਬਧ ਹਨ। ਹਾਲਾਂਕਿ, ਉਹ ਇਹ ਸਿਰਫ਼ ਜਾਣਕਾਰ ਅਤੇ ਵਫ਼ਾਦਾਰ ਗਾਹਕਾਂ ਨੂੰ ਹੀ ਪ੍ਰਦਾਨ ਕਰਦੇ ਹਨ। ਜਦੋਂ ਗਾਹਕ ਕੋਡ ਸ਼ਬਦਾਂ ਵਿੱਚ ਆਰਡਰ ਦਿੰਦੇ ਹਨ। ਇਸ ਤੋਂ ਇਲਾਵਾ, ਲੁਧਿਆਣਾ ਦੇ ਦੋ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਇਹ ਵੀ ਕਿਹਾ ਕਿ ਸਕੂਲਾਂ ਦੇ ਆਲੇ ਦੁਆਲੇ ਦੁੱਧ ਦੇ ਬੂਥਾਂ 'ਤੇ ਐਨਰਜੀ ਡਰਿੰਕ ਵੀ ਉਪਲਬਧ ਹਨ, ਜੋ ਕਿ ਬਹੁਤ ਖਤਰਨਾਕ ਸਾਬਤ ਹੋ ਰਹੇ ਹਨ। ਉਸਨੇ ਕਈ ਵਾਰ ਪੁਲਿਸ ਨੂੰ ਵੀ ਸੂਚਿਤ ਕੀਤਾ ਹੈ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

'ਲੋਕਾਂ' ਦਾ ਮੰਨਣਾ ਹੈ ਕਿ ਸਰਕਾਰ ਨਸ਼ਾ ਤਸਕਰਾਂ ਵਿਰੁੱਧ ਜੋ ਵੀ ਕਾਰਵਾਈ ਕਰ ਰਹੀ ਹੈ, ਉਹ ਸ਼ਲਾਘਾਯੋਗ ਹੈ, ਪਰ ਜਦੋਂ ਤੱਕ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਅਤੇ ਸਕੂਲਾਂ ਨੂੰ ਨਸ਼ੇ ਸਪਲਾਈ ਕਰਨ ਵਾਲਿਆਂ ਨੂੰ ਸਲਾਖਾਂ ਪਿੱਛੇ ਨਹੀਂ ਸੁੱਟਿਆ ਜਾਂਦਾ, ਉਦੋਂ ਤੱਕ ਇਸ ਨੈੱਟਵਰਕ ਨੂੰ ਤੋੜਿਆ ਨਹੀਂ ਜਾ ਸਕਦਾ। ਮਾਪਿਆਂ ਅਤੇ ਸਕੂਲ ਪ੍ਰਬੰਧਕਾਂ ਨੂੰ ਵੀ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਸਕੂਲਾਂ ਵਿੱਚ ਨਿਯਮਤ ਜਾਂਚ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਨਸ਼ੀਲੇ ਪਦਾਰਥਾਂ ਦਾ ਸੇਵਨ ਨਾ ਕਰਨ। ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਜਾਗਰੂਕਤਾ ਮੁਹਿੰਮਾਂ ਸਿਰਫ਼ ਸਕੂਲਾਂ ਤੱਕ ਹੀ ਸੀਮਤ ਨਹੀਂ ਹੋਣੀਆਂ ਚਾਹੀਦੀਆਂ, ਸਗੋਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਲੱਛਣਾਂ ਨੂੰ ਪਛਾਣਨ ਅਤੇ ਬਿਨਾਂ ਕਿਸੇ ਝਿਜਕ ਦੇ ਪੁਲਿਸ ਅਤੇ ਸਿਹਤ ਵਿਭਾਗ ਨਾਲ ਸੰਪਰਕ ਕਰਨ ਲਈ ਸਿਖਾਇਆ ਜਾਣਾ ਚਾਹੀਦਾ ਹੈ। ਨਾਬਾਲਗਾਂ ਨੂੰ ਨਸ਼ੇ ਵੇਚਣ ਵਾਲਿਆਂ ਨੂੰ ਸਖ਼ਤ ਸਜ਼ਾ ਦੇਣ ਲਈ ਸਖ਼ਤ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।

***

## ਬ੍ਰਿਟੇਨ ਦੀ ਯਾਤਰਾ ਕਰਨਾ

ਐਮਾ ਇੰਗਲਿਸ਼ ਨੇ ਕਿਹਾ: ਬ੍ਰੈਕਸਿਟ ਤੋਂ ਬਾਅਦ ਦੀ ਸਰਕਾਰ ਦੀ ਨੀਤੀ ਅਨੁਸਾਰ ਅੰਤਰਰਾਸ਼ਟਰੀ ਸਕੂਲ ਸਮੂਹਾਂ ਨੂੰ ਪਛਾਣ ਪੱਤਰਾਂ ਦੀ ਬਜਾਏ ਪਾਸਪੋਰਟ ਦੀ ਵਰਤੋਂ ਕਰਨ ਦੀ ਲੋੜ ਹੈ, ਜਿਸ ਕਾਰਨ ਪਹਿਲਾਂ ਹੀ ਸਮੂਹ ਯਾਤਰਾਵਾਂ ਵਿੱਚ ਗਿਰਾਵਟ ਆਈ ਹੈ। ਇਲੈਕਟ੍ਰਾਨਿਕ ਟਰੈਵਲ ਆਥੋਰਾਈਜੇਸ਼ਨ ਦੀ ਲਾਗਤ ਵਿੱਚ ਵਾਧਾ ਇੱਕ ਹੋਰ ਰੁਕਾਵਟ ਪੈਦਾ ਕਰਦਾ ਹੈ, ਜੋ ਕਿ ਸੈਕਟਰ ਦੀਆਂ ਚੁਣੌਤੀਆਂ ਨੂੰ ਹੋਰ ਵਧਾਉਂਦਾ ਹੈ। ਨੌਜਵਾਨ ਯਾਤਰੀ ਆਪਣੇ ਆਰਥਿਕ ਯੋਗਦਾਨ ਅਤੇ ਲੰਬੇ ਸਮੇਂ ਦੇ ਅੰਤਰਰਾਸ਼ਟਰੀ ਸਬੰਧਾਂ ਅਤੇ ਸੱਭਿਆਚਾਰਕ ਸਮਝ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਅਹਿਮੀਅਤ ਰਖਦੇ ਹਨ।

ਵਰਕ ਵੀਜ਼ਾ ਫ਼ੀਸ ਵਿੱਚ ਕਿੰਨਾ ਵਾਧਾ ਹੋਇਆ?

ਵਰਕ ਵੀਜ਼ਾ ਸ਼੍ਰੇਣੀਆਂ ਵੀ ਪ੍ਰਭਾਵਿਤ ਹੁੰਦੀਆਂ ਹਨ। ਤਿੰਨ ਸਾਲ ਜਾਂ ਇਸ ਤੋਂ ਘੱਟ ਸਮੇਂ ਲਈ ਵੈਧ ਹੁਨਰਮੰਦ ਵਰਕਰ ਵੀਜ਼ਾ ਦੀ ਫ਼ੀਸ 719 ਪੌਂਡ ਤੋਂ ਵਧ ਕੇ 769 ਪੌਂਡ ਹੋ ਜਾਵੇਗੀ, ਜਦੋਂ ਕਿ ਤਿੰਨ ਸਾਲਾਂ ਤੋਂ ਵੱਧ ਸਮੇਂ ਲਈ ਅਰਜ਼ੀ 1,420 ਪੌਂਡ ਤੋਂ ਵਧ ਕੇ 1,519 ਪੌਂਡ ਹੋ ਜਾਵੇਗੀ। ਇਨੋਵੇਟਰ ਫਾਊਂਡਰ ਵੀਜ਼ਾ ਦੀ ਕੀਮਤ 1,274 ਪੌਂਡ ਹੋਵੇਗੀ, ਜੋ ਕਿ 83 ਪੌਂਡ ਦਾ ਵਾਧਾ ਹੈ, ਜਦੋਂ ਕਿ ਟੀਅਰ 1 ਇਨਵੈਸਟਰ ਵੀਜ਼ਾ 116 ਪੌਂਡ ਤੋਂ 2,000 ਪੌਂਡ ਤੱਕ ਵਧੇਗਾ ਸੈਟਲਮੈਂਟ ਰੂਟ ਅਰਜ਼ੀਆਂ ਵਿੱਚ ਵੀ ਐਡਜੈਸਟਮੈਂਟ ਕੀਤੀ ਜਾਵੇਗੀ, ਜਿਸ ਵਿੱਚ ਨਿਰਭਰ ਰਿਸ਼ਤੇਦਾਰਾਂ ਲਈ ਫ਼ੀਸ 3,250 ਪੌਂਡ ਤੋਂ ਵਧਾ ਕੇ 3,413 ਪੌਂਡ ਕੀਤੀ ਜਾਵੇਗੀ। ਐਚ.ਐਮ. ਆਰਮਡ ਫ਼ੋਰਸਿਜ਼ ਰੂਲਜ਼ ਦੇ ਤਹਿਤ ਅਨਮਿੱਥੇ ਸਮੇਂ ਲਈ ਭਰਤੀ ਛੁੱਟੀ ਦੀ ਕੀਮਤ 3,029 ਪੌਂਡ ਹੋਵੇਗੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com